ਇਸ਼ਕ ਕਰਮ ਦਾ ਕ਼ਤਰਾ ਅਜ਼ਲੀ  ਤੈਂ ਮੈਂ ਦੇ ਵੱਸ ਨਾਈਂ
ਇਕਨਾਂ ਲੱਭਦਿਆਂ ਹੱਥ ਨ ਆਂਵੇ ਇਕਨਾਂ ਦੇ ਵਿੱਚ ਰਾਹੀਂ

ਚੋਣਵਾਂ ਪੰਜਾਬੀ ਕਲਾਮ

# ਹਜ਼ਰਤ ਮੌਲਵੀ ਜੁਲਾਮ ਰਸੂਲ ਆਲਮਪੂਰੀ

(ਕਿੱਸਾ ਯੂਸਫ ਜ਼ੁਲੈਖ਼ਾ ਅਤੇ ਚਿੱਠੀਆਂ ਵਿੱਚੋਂ)

ਚੋਣ ਸਾਹਿਬਜ਼ਾਦਾ ਮਸਊਦ ਐਹਮਦ

(ਗਰੁਮੁੱਖੀ ਉਤਾਰਾ ਅਤੇ ਮਆਣੇ)

ਇਹਸਾਨ ਬਾਜਵਾ

ਮੌਲਵੀ ਗ਼ੁਲਾਮ ਰਸੂਲ ਆਲਮਪੂਰੀ ਰੀਸਰਚ ਉਰਗਨਾਈਜ਼ੇਸ਼ਨ,ਫੈਸਲਅਬਾਦ,ਪੰਜਾਬ ਪਾਕਿਸਤਾਨ

ਇਸ਼ਕ ਕਰਮ ਦਾ ਕ਼ਤਰਾ ਅਜ਼ਲੀ  ਤੈਂ ਮੈਂ ਦੇ ਵੱਸ ਨਾਈਂ
ਇਕਨਾਂ ਲੱਭਦਿਆਂ ਹੱਥ ਨ ਆਂਵੇ ਇਕਨਾਂ ਦੇ ਵਿੱਚ ਰਾਹੀਂ

## ਚੋਣਵਾਂ ਪੰਜਾਬੀ ਕਲਾਮ

# ਹਜ਼ਰਤ ਮੌਲਵੀ ਜ਼ੁਲਾਮ ਰਸੂਲ ਆਲਮਪੂਰੀ

(ਕਿੱਸਾ ਯੂਸਫ ਜ਼ੁਲੈਖ਼ਾ ਅਤੇ ਚਿੱਠੀਆਂ ਵਿੱਚੋਂ)

(ਗਰੁਮੁੱਖੀ ਉਤਾਰਾ ਅਤੇ ਮਆਣੇ)

ਇਹਸਾਨ ਬਾਜਵਾ

ਮੌਲਵੀ ਗ਼ੁਲਾਮ ਰਸੂਲ ਆਲਮਪੂਰੀ ਰੀਸਰਚ ਉਰਗਨਾਈਜ਼ੇਸ਼ਨ,ਫੈਸਲਅਬਾਦ,ਪੰਜਾਬ ਪਾਕਿਸਤਾਨ

# ਮੁਢਲੀ ਗੱਲ

ਹਰ ਕੱਮ ਦਾ ਰੱਬੋਂ ਇੱਕ ਵੇਲਾ ਮਿੱਥਿਆ ਹੁੰਦਾ ਏ। ਹੱਥ਼ਲੇ ਕਿਤਾਬਚੇ ਵਿੱਚ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦੀ ਜਗਤ ਪਰਸਿੱਧ ਕਿਤਾਬ "ਅਹਸ-ਅਲ-ਕਸੱਸ" ਅਤੇ ਉਹਨਾਂ ਦੀਆਂ ਚਿੱਠੀਆਂ ਵਿੱਚੋਂ ਕਲਾਮ ਦੀ ਚੋਣ ਕੀਤੀ ਗਈ ਏ। ਮੌਲਵੀ ਜੀ ਹੋਰਾਂ ਦੇ ਚੋਣਵੇਂ ਕਲਾਮ ਨੂੰ ਲੋਕਾਈ ਸਾਮਣੇ ਲਿਉਣ ਦੀ ਬੜੀ ਪੁਰਾਣੀ ਰੀਝ ਸੀ। ਪਿਛਲੇ ਕਈ ਸਾਲਾਂ ਤੋਂ ਇਸ ਬਾਰੇ ਸੋਚ ਵਚਾਰ ਕੀਤੀ ਗਈ। ਕਈ ਸਜਣਾਂ ਨੂੰ ਵੀ ਇਸ ਕੱਮ ਲਈ ਵੰਗਾਰਿਆ ਗਿਆ ਪਰ ਕੋਈ ਵੀ ਇਸ ਕੱਮ ਨੂੰ ਸਿਰੇ ਨ ਚਾੜ੍ਹ ਸੱਕਇਆ। ਇੰਜ ਲਗਦਾ ਏ ਇਹ ਨੇਕ ਕੱਮ ਰੱਬੋਂ ਮੇਰੇ ਹਿੱਸੇ ਵਿੱਚ ਈ ਲਿਖਇਆ ਹੋਇਆ ਸੀ। ਮੈਂ ਅਪਣੇ ਸੋਹਣੇ ਰੱਬ ਦਾ ਦਿਲੋਂ ਰਿਣੀ ਆਂ ਜੋ ਉਹਨੇ ਮੈਨੂੰ 30 ਨਵੰਬਰ 1990 ਇਸਵੀ ਨੂੰ ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੂਰੀ ਅਕੈਡਮੀ ਉਸਾਰਨ ਦਾ ਹੌਸਲਾ ਦਿੱਤਾ,ਜਿਹਦਾ ਇਸ ਵੇਲੇ ਨਾਂ ਬਦਲ ਕਿ ਮੌਲਵੀ ਗੁਲਾਮ ਰਸੂਲ ਆਲਮਪੂਰੀ ਰੀਸਰਚ ਉਰਜਨਾਜ਼ੇਸ਼ਨ ਰੱਖ ਦਿੱਤਾ ਗਿਆ ਏ। ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੂਰੀ ਹੋਰਾਂ ਦੇ ਜੀਵਨ ਅਤੇ ਰਚਨਾ ਬਾਰੇ ਮੇਰੀਆਂ ਦੋ ਕਿਤਾਬਾਂ "ਡੂੰਘੇ ਰਾਜ਼" ਮੌਲਵੀ ਗੁਲਾਮ ਰਸੂਲ ਆਲਮਪੂਰੀ ਇਕ ਮੁਤਆਲਿਆ" 1999 ਵਿੱਚ ਛੱਪ ਚੁੱਕੀ ਸੀ ਜਿਹਨੂੰ ਇਲਮੀ ਅਦਬੀ ਖੇਤਰਾਂ ਵੱਲੋਂ ਚੋਖੀ ਇਜ਼ਤ ਮਿਲੀ। ਇਸ ਸਿਲਸਲੇ ਦੀ ਦੂਜੀ ਕਿਤਾਬ "ਪਾਕਿਸਤਾਨੀ ਅਦਬ ਕਿ ਮਆਮਾਰ",ਮੌਲਵੀ ਗੁਲਾਮ ਰਸੂਲ ਆਲਮਪੂਰੀ ਸ਼ਖ਼ਸੀਅਤ ਔਰ ਫੱਨ,ਨੂੰ 2011 ਵਿੱਚ ਅਕਾਦਮੀ ਅਦਬੀਆਤ ਪਾਕਿਸਤਾਨ ਨੇ ਪਰਕਾਸ਼ਤ ਕੀਤਾ। ਇੰਜ ਹੀ ਮੌਲਵੀ ਸਾਹਿਬ ਹੋਰਾਂ ਦੀਆਂ ਸਾਰੀਆਂ ਕਿਤਾਬਾਂ ਨੂੰ ਕੰਪੋਜ਼ ਕਰਵਾ ਲਿਆ ਗਿਆ ਏ ਜੋ ਛੇਤੀ ਛਾਪਣ ਦਾ ਆਹਰ ਕੀਤਾ ਜਾਵੇ ਗਾ। ਇਸ ਦੇ ਨਾਲ ਨਾਲ ਮੈਂ ਵਰਗੇ ਨਤਾਣੇ ਬੰਦੇ ਨੂੰ ਰੱਬ ਸੋਹਣੇ ਇਹ ਵੀ ਹਿਮੱਤ ਦੀਤੀ ਪਈ ਮੈਂ ਹਜ਼ਰਤ ਮੌਲਵੀ ਗੁਲਾਮ ਸਸੂਲ ਹੋਰਾਂ ਦੇ ਜੀਵਣ ਅਤੇ ਰਚਨਾ ਬਾਰੇ ਕੋਈ 3000 ਪੱਨਿਆਂ ਦੀ "ਵੈਬ ਸਾਈਟ" ਵੀ ਬਨਵਾ ਦਿੱਤੀ ਗਈ ਏ ਜਿਹਦੇ ਵਿੱਚੋਂ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਬਾਰੇ ਲੋੜੀਦੀ ਜਾਨਕਾਰੀ ਮਿਲ ਸਕਦੀ ਏ।ਉਸੁ ਵੈਬ ਸਾਈਟ ਉਤੇ ਹਜ਼ਰਤ ਮੌਲਵੀ ਸਾਹਿਬ ਹੋਰਾਂ ਦੀਆਂ ਹੁਣ ਤਗਾਈਂ ਮਿਲੀਆਂ ਸਾਰੀਆਂ ਕਿਤਾਬਾਂ ਵੀ ਚਾੜ੍ਹ ਦਿੱਤੀਆਂ ਗਈਆਂ ਨੇਂ ਜੋ ਉਥੋਂ ਡਾਉਨ ਲੋਡ ਕੀਤੀਆਂ ਜਾ ਸਕਦੀਆਂ ਨੇਂ। ਇਸ ਦੇ ਨਾਲ ਨਾਲ ਉਹਨਾਂ ਦੇ ਮਿਜ਼ਾਰ ਉਤੇ ਹੋਨ ਵਾਲੇ ਇਕੱਠ ਦੀਆਂ ਕਾਰਵਾਈਆਂ ਸਣੇ ਤਸਵੀਰਾਂ ਅਤੇ ਵੀਡੀਉ ਰੀਕਾਰਡ ਉਹਦਾ ਹਿੱਸਾ ਬਨਾ ਦਿੱਤੀਆਂ ਗਈਆਂ ਨੇਂ। ਨਾਲੇ ਇਸ ਸਾਈਟ ਉਤੇ ਇਸ ਉਰਜਨਾਈਜ਼ੇਸ਼ਨ ਦੇ ਟੀਚੇਆਂ ਬਾਰੇ ਵੀ ਭਰਵੀਂ ਜਾਨਕਾਰੀ ਦੇ ਦਿੱਤੀ ਗਈ ਏ। 2011 ਵਿੱਚ ਕੁਝ ਗਾਇਕ ਮੇਰੇ ਕੋਲ ਆਏ ਅਤੇ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦਾ ਕਲਾਮ ਗੌਣ ਲਈ ਮੰਗਇਆ। ਉਸ ਵੇਲੇ ਈ ਹਿੰਦੁਸਤਾਨ ਦੇ ਇੱਕ ਜਾਣੇ ਪਛਾਣੇ ਲੋਕ ਗਾਇਕ ਹੰਸ ਰਾਜ ਹੰਸ ਹੋਰਾਂ ਟੈਲੇਫੋਨ ਰਾਹੀਂ ਮੇਥੋਂ ਉਹਨਾਂ ਦਾ ਕਲਾਮ ਗਾਣ ਲਈ ਮੰਗਿਆ। ਹੁਣ ਲੋੜ ਇਸ ਗੱਲ ਦੀ ਸੀ ਪਈ ਉਹਨਾਂ ਤਾਈ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦਾ ਛੇਤੀ ਸਮਝ ਆ ਜਾਨ ਵਾਲਾ ਕਲਾਮ ਗੁਰਮੁੱਖੀ ਵਿੱਚ ਕਰਕਿ ਅਪੜਾਇਆ ਜਾਇ। ਕਲਾਮ ਦੀ ਇਹ ਚੋਣ ਮੈਂ ਅਪਣੇ ਸਪੁੱਤਰ ਅਲੀ ਅਨਵਾਰ ਕਾਦਿਰ ਨਾਲ ਰਲ ਕਿ ਕੀਤੀ। ਉਸ ਵੇਲੇ ਮਿਰਾ ਮੇਲ ਪੰਜਾਬੀ ਦੇ ਇੱਕ ਜਾਣੇ ਪਛਾਣੇ ਖੋਜਕਾਰ,ਸ਼ਾਇਰ ਇਹਿਸਾਨ ਬਾਜਵਾ ਨਾਲ ਹੋਇਆ ਜੋ ਪਿਛਲੇ 25 ਵਰਹਿਆਂ ਤੋਂ ਗੁਰਮੁੱਖੀ ਜਾਨਦੇ ਨੇਂ। ਉਹਨਾਂ ਇਸ ਚੋਣਵੇਂ ਕਲਾਮ ਨੂੰ ਗੁਰਮੁੱਖੀ ਵਿੱਚ ਕਰ ਦਿੱਤਾ ਏ ਅਤੇ ਨਾਲ ਈ ਕਲਾਮ ਵਿੱਚ ਵਰਤੇ ਅਰਬੀ ਫਾਰਸੀ ਦੇ ਔਖੇ ਸ਼ਬਦਾਂ ਦੇ ਅਰਥ ਵੀ ਦੇ ਦਿੱਤੇ ਨੇਂ। ਇਸ ਲਈ ਮੈਂ ਉਹਨਾਂ ਦਾ ਦਿਲੋਂ ਰਿਨੀ ਹਾਂ। ਭਾਜਵਾ ਸਾਹਿਬ ਹੋਰਾਂ ਮੌਲਵੀ ਸਾਹਿਬ ਹੋਰਾਂ ਦੇ ਸਾਰੇ ਕਲਾਮ ਨੂੰ ਗੁਰਮੁੱਖੀ ਵਿੱਚ ਕਰ ਦੇਣ ਦੀ ਹਾਮੀ ਵੀ ਭਰੀ ਏ। ਆਓਣ ਸਮੇਂ ਵਿੱਚ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦੀਆਂ ਸਾਰੀਆਂ ਕਿਤਾਬਾਂ,ਦਾਸਤਾਨ-ਏ-ਅਮੀਰ ਹਮਜ਼ਾ,ਅਹਸਨ-ਅਲ-ਕਸੱਸ,ਰੂਹ-ਉਲ-ਤਰਤੀਲ,ਚਿੱਠੀਆਂ,ਹੁਲੀਆ ਸ਼ਰੀਫ, ਸੀ ਹਰਫੀ ਸੱਸੀ ਪੁੰਨੂੰ,ਚੋਪਟ ਨਾਮਾ,ਪੰਧ੍ਹ ਨਾਮਾ,ਮਾਰਬ-ਉਲ-ਖਾਸ਼ਿਈਨ,ਅਤੇ ਮਸਲਾ-ਏ-ਤੌਹੀਦ ਨੂੰ ਇਹਸਾਨ ਬਾਜਵਾ ਵਾਰੀ ਵਾਰੀ ਗੁਰਮੁੱਖੀ ਵਿੱਚ ਕਰਦੇ ਰੈਹਣ ਗੇ ਅਤੇ ਭਾਰਤ ਵਿੱਚ ਵਸਦੇ ਹਜ਼ਰਤ ਮੌਲਵੀ ਗੁਲਾਮ ਰਸੂਲ ਉਰਜਨਾਈਜ਼ੇਸ਼ਨ ਦੀ ਹਿੰਦੁਸਤਾਨੀ ਸ਼ਾਖ ਦੇ ਪਰਧਾਨ ਓਮ ਪਰਕਾਸ਼ ਖੇਮਕਰਨੀ ਅਤੇ ਉਹਨਾਂ ਦੇ ਸਾਥੀ ਇਹਨਾਂ ਕਿਤਾਬਾਂ ਨੂੰ ਛਾਪ ਦਿ ਰੈਹਣ ਗੇ। ਇਸ ਦੇ ਨਾਲ ਨਾਲ ਅਸੀ ਇਹ ਵੀ ਕਰਨ ਲੱਗੇ ਆਂ ਪਈ ਜ਼ਿਲਆ ਹੁਸ਼ਇਆਰਪੁਰ ਦੇ ਪਿੰਡ ਆਲਮਪੁਰ ਵਿੱਚ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦਾ ਸੋਹਣਾ ਅਤੇ ਮਨ ਮੋਹਨਾ ਮਜ਼ਾਰਾ ਉਸਾਰਨ ਦਾ ਕੱਮ ਵੀ ਕੀਤਾ ਜਾਵੇ। ਮਜ਼ਾਰ ਨਾਲ ਲਗਵੀਂ ਵਕਫ ਬੋਰਡ ਦੀ ਜ਼ਮੀਨ ਉਤੇ ਕੁਝ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਏ। ਅਸੀ ਚਾਹੰਦੇ ਆਂ ਪਈ ਉਸ ਜ਼ਮੀਨ ਨੂੰ ਵਾਗਜ਼ਾਰ ਕਰਾ ਕਿ ਉਥੇ ਰੀਸਰਚ ਸੰਟਰ,ਲਾਇਬਰੇਰੀ,ਯਾਤਰੀਆਂ ਦੇ ਰੈਹਨ ਲਈ ਕੁਝ ਕਮਰੇ,ਸਕੂਲ ਕਾਲਜ ਅਤੇ ਪਾਰਕ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦੇ ਨਾਂ ਉਤੇ ਬਨਾਏ ਜਾਨ। ਤਾਂ ਜੋ ਉਹ ਥਾਂ ਲੋਕਾਈ ਦੀ ਆਵਾ ਜਾਈ ਵਾਲੀ ਇੱਕ ਖ਼ਾਸ ਥਾਂ

ਬਣ ਜਾਵੇ। ਅਤੇ ਇਹ ਸਾਰਾ ਕੱਮ ਭਾਰਤ ਸਰਕਾਰ ਨੂੰ ਕਰਨਾ ਚਾਹੀਦਾ ਏ। ਹਜ਼ਰਤ ਮੌਲਵੀ ਗ਼ੁਲਾਮ ਰਸੂਲ ਹੋਰੀ ਪੰਜਾਬੀ ਭਾਸ਼ਾ ਦੇ ਕਲਾਸਿਕ ਵਿਰਸੇ ਦੇ ਇੱਕ ਉਚ ਕੋਟੀ ਸੂਝਵਾਨ,ਵਲੀ ਅੱਲਾ ਹੋ ਗੁਜ਼ਰੇ ਨੇਂ ਇਸ ਲਈ ਉਹਨਾਂ ਦੀ ਸ਼ਾਨ ਮੁਤਾਬਕ ਉਹਨਾਂ ਦੇ ਅਸਥਾਨ ਨੂੰ ਸਵਾਰਨਾ ਸਜਾਨਾ ਭਾਰਤ ਸਰਕਾਰ ਦਾ ਫਰਜ਼ ਵੀ ਬਣਦਾ ਏ।

ਖੋਜ ਪਰਖ
ਸਾਹਿਬਜ਼ਾਦਾ ਮਸਊਦ ਐਹਮਦ(ਮੋਢੀ ਤੇ ਪਰਧਾਨ)
ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਰੀਸਰਚ ਉਰਗਨਾਈਜ਼ੇਸ਼ਨ(ਰੀਜਿਸਟਰਡ)
ਪੋਸਟ ਆਫਿਸ ਬੋਕਸ ਨ 612 ਜੀ ਪੀ ਉ ਫੈਸਲਆਬਾਦ,ਪਾਕਿਸਤਾਨ
ਮੋਬਾਇਲ ਸੈਲ ਨ 0092-345-7681542,313-7332322
website: www.alampuri-research.org
email:president_alampuri@yahoo.com

## ਹਜ਼ਰਤ ਮੌਲਵੀ ਗ਼ਲਾਮ ਸਰੂਲ ਆਲਮਪੂਰੀ ਹੋਰਾਂ ਦਾ ਅਪਣੇ ਰੈਹਣ ਥਾਂ ਬਾਰੇ ਬਿਆਨ

ਮੌਲਵੀ ਸਾਹਿਬ ਆਲਮਪੁਰ ਵਿੱਚ ਅਪਣੇ ਰੈਹਣ ਟਿਕਾਣੇ ਬਾਰੇ ਅਪਣੇ ਇੱਕ ਸ਼ਿਇਰ ਵਿੱਚ ਇੰਜ ਦੱਸ ਪਾਂਦੇ ਨੇਂ:

*ਆਲਮਪੁਰ ਵਿੱਚ ਦੋਸਤੋ ਆਜਿਜ ਦੀ ਗੁਜ਼ਰਾਨ*
*ਸ਼ਰਕ ਨਦੀ ਬਿਆਸ ਥੀਂ ਇੱਕ ਕੋਹ ਪੰਧ੍ਹ ਅਯਾਨ*

ਉਹ ਅਪਣੀ ਕਿਤਾਬ ''ਮਾਆਰਬ ਉਲ ਖ਼ਾਸ਼ਿਈਨ'' ਵਿੱਚ ਆਲਮਪੁਰ ਦਾ ਜ਼ਿਕਰ ਇੰਜ ਕਰਦੇ ਨੇਂ ''ਅੱਮਾ ਬਆਦ ਬੰਦਾ ਜ਼ਲੂਮ ਉ ਜਹੂਲ ਅਹਕਰ ਗੁਲਾਮ ਰਸੂਲ ਆਹਸਨ ਉਲੱਾ ਅਲੇਹ ਬਿਹੁਸਨ-ਉਲ-ਕਬੂਲ ਮਤਵਤ਼ਨ ਆਲਮਪੁਰ ਪੈਹਲੇ ਜਨਾਬ ਅਕਦਸ ਰੱਬਾਨੀ ਸੇ ਇਸਆਜ਼ਾ ਕਰਤਾ ਹੈ ਕਿ ਮਆਜ਼ ਅਪਣੇ ਫਜ਼ਲ ਸੇ ਹੱਮ ਕੋ ਅਤਾਮੋਰੂਨੱਨ ਨਾਸ ਬਿੱਲ ਬਿੱਰੇ ਵ ਤਨਸੂਨ ਅਨਫੋਸਾਕੁੱਮ ਕਿ ਖ਼ਤਾਬ ਕਾ ਮੁਸਦਾਕ ਨ ਬਨਾਏ''

(ਇਸ ਮਗਰੂੰ ਇਹ ਬੰਦਾ ਗੁਲਾਮ ਰਸੂਲ ਵਾਸੀ ਆਲਮਪੁਰ ਅਪਣੇ ਸੋਹਣੇ ਰੱਬ ਅੱਗੇ ਅਰਜ਼ੋਈ ਕਰਦਾ ਏ ਪਈ ਉਹ ਇਸ ਨੂੰ ਅਪਣੇ ਫਜ਼ਲ ਕਰਮ ਦੇ ਦਰਬਾਰੋਂ ਰੈਹਮਤ ਨਾਲ ਜਿਵਾਜ਼ੇ ਅਤੇ ਅਪਣੇ ਨਾਪਸੰਦ ਬੰਦਿਆਂ ਚੋਂ ਨਾ ਬਨਾਵੇ''

ਅਪਣੀ ਕਿਤਾਬ ''ਰੂਹ ਉਲ ਤਰਤੀਲ'' ਵਿੱਚ ਉਹ ਅਲਾਮਪੁਰ ਦਾ ਇੰਜ ਤਜਕ਼ਰਾ ਕਰਦੇ ਨੇਂ:

*ਆਲਮ ਪੂਰੀ ਗੁਲਾਮ ਰਸੂਲਾ ਰੱਬ ਥੀਂ ਅਰਜ਼ ਗੁਜ਼ਾਰੀਂ*
*ਖ਼ਤਮ ਉਲ ਰੁਸਲ ਨਬੀ ਦੀ ਉਮਤ ਦੇ ਸੰਗ ਪਾਰ ਉਤਾਰੀਂ*

ਅਪਣੀ ਜਗਤ ਮਸ਼ਾਹੂਰ ਕਿਤਾਬ ''ਅਹਸਨ-ਅਲ-ਕਸੱਸ'' ਵਿੱਚ ਉਹ ਆਲਮਪੁਰ ਵਿੱਚ ਅਪਣੀ ਰੈਹਣ ਥਾਂ ਦਾ ਜ਼ਿਕਰ ਇੰਜ ਕਰਦੇ ਨੇਂ:

*ਆਲਮ ਪੂਰੀ ਗੁਲਾਮ ਰਸੂਲਾ ਤੇਰੀਆਂ ਅਰਜ਼ ਦੁਆਈਂ*
*ਜੈਂ ਵੱਲ ਫਜ਼ਲ ਵਗਣ ਦਿਣ ਰਾਤੀਂ ਸੌ ਖ਼ੁਸ਼ੀਆਂ ਤੁੱਧ ਤਾਈਂ*

''ਸ਼ਿਜਰਾ ਤਰੀਕਤ'' ਵਿੱਚ ਉਹ ਆਲਮਪੂਰ ਦਾ ਜ਼ਿਕਰ ਇੰਜ ਕਰਦੇ ਨੇਂ:

*ਯਾ ਰੱਬ ਤੇਰਾ ਅਬਦ ਜਹੂਲ*
*ਆਲਮ ਪੂਰੀ ਗੁਲਾਮ ਰਸੂਲ*
*ਕਰਦਾ ਅਰਜ਼ ਕਰੀਂ ਮਕਬੂਲ*
*ਰੱਖ ਸਮਾਲ੍ਹ ਨਜ਼ਆ ਦੇ ਸਾਹ*
*''ਲਾ ਲਿਾਹ ਇੱਲਆ ਇੱਲ ਅੱਲਾ''*

''ਸ਼ਿਜਰਾ ਮੁਸੱਦਸ'' ਵਿੱਚ ਉਹ ਅਪਣੇ ਆਲਮਪੁਰੀ ਹੋਣ ਦਾ ਇੰਜ ਜ਼ਿਕਰ ਕਰਦੇ ਨੇਂ:

*ਨਾਲ ਤੁਫੈਲ ਇਹਨਾਂਦੇ ਸਾਈਆਂ*
*ਪਕੜ ਨ ਸਾਨੂੰ ਬਦਲ ਕਮਾਈਆਂ*

*ਜੇ ਅਸੀਂ ਅਜੇ ਨਈਂ ਭਰ ਪਾਈਆਂ*
*ਹੁਣ ਮੁੜ ਸਾੜ ਨ ਵਿੱਚ ਜੁਦਾਈਆਂ*
*ਬੰਦਾ ਆਲਮ ਪੁਰੀ ਸਵਾਲੀ*
*ਹਸਬੀ ਰੱਬੀ ਫੀ ਕੁੱਲ ਹਾਲੀ*

## ਹਜ਼ਰਤ ਮੌਲਵੀ ਗ਼ੁਲਾਮ ਰਸੂਲ ਹੋਰਾਂ ਦੀ ਹਯਾਤੀ ਦੇ ਕੁਝ ਵੱਖਰੇ ਪੱਖ

*ਇਸ਼ਕ ਦਾ ਸੇਕ:*

ਇਸ਼ਕ ਦੇ ਸੇਕ ਨੇ ਉਹਨਾਂ ਦਾ ਦਿਲ ਐਡਾ ਸੋਹਲ ਕਰ ਛੱਡਿਆ ਹੋਇਆ ਸੀ ਪਈ ਇੱਕ ਵਾਰੀ ਉਹ ਮਸੀਤ ਵੱਲੋਂ ਘਰ ਨੂੰ ਜਾਂਦੇ ਪਏ ਸਣ ਤੇ ਕੁਝ ਸਵਾਣੀਆਂ ਤੰਦੂਰ ਉਤੇ ਰੋਟੀਆਂ ਲਾਣ ਲੱਗੀਆਂ ਸਣ। ਇਕ ਜ਼ਨਾਨੀ ਨੇ ਰੋਟੀ ਲਾਈ ਤੇ ਉਹ ਰੋਟੀ ਅੰਦਰ ਤੰਦੂਰ ਵਿੱਚ ਡਿੱਗ ਪਈ। ਦੂਜੀ ਮਖ਼ੌਲ ਕਰਦਿਆਂ ਆਂਖਣ ਲੱਗੀ,ਛੱਡ ਨੀ ਤੇਰੀਆਂ ਲਾਈਆਂ ਤੇ ਟੁੱਟ ਟੁੱਟ ਪੈਂਦੀਆਂ ਨੇਂ,ਆਖ ਖਾਂ ਮੇਰੀਆਂ ਲੱਗੀਆਂ ਟੁੱਟ ਜਾਣ। ਇਹ ਗੱਲ ਸੁਣ ਕਿ ਮੌਲਵੀ ਸਾਹਿਬ ਨੂੰ ਇਸ਼ਕ ਦੀ ਮਸਤੀ ਨੇ ਘੇਰ ਲਿਆ ਅਤੇ ਉਹ ਘਰ ਅਪੜਦੇ ਈ ਬੇਸੁਰਤ ਹੋ ਗਏ। ਜਦੋਂ ਉਹ ਪਰਤ ਹੋਸ਼ ਵਿੱਚ ਆਏ ਤਾਂ ਦੋ ਦਿਣ ਪਰਤ ਪਰਤ ਅਪਣਾ ਇਹ ਸ਼ਿਅਰ ਈ ਪੜ੍ਹੀ ਜਾਂਦੇ ਸਣ:

*ਸਾਡੀਆਂ ਰੋਜ਼ ਮੀਸ਼ਾਕ ਦੀਆਂ ਲੱਗੀਆਂ ਦਾ ਲਾਵਣਹਾਰ ਬਾਝੋਂ ਜਾਨਣਹਾਰ ਨਾਹੀਂ*

ਆਖ਼ਰੀ ਉਮਰੇ ਤਾਂ ਉਹਨਾਂ ਦਾ ਇਹ ਹਾਲ ਹੋ ਗਿਆ ਹੋਇਆ ਸੀ ਪਈ ਉਹਨਾ ਕਿਤੇ ਆਣ ਜਾਣ ਵੀ ਉਕਾ ਛੱਡ ਦਿੱਤਾ ਸੀ। ਹਰ ਵੇਲੇ ਰੱਬੀ ਰਚਨਾ ਦੀ ਮਸਤੀ ਵਿੱਚ ਡੁੱਬੇ ਰੈਹੰਦੇ ਸਣ।

ਵਾਹੀ ਜੋਤੀ ਉਹਨਾ ਦਾ ਜੱਦੀ ਪੁਸ਼ਤੀ ਕੱਮ ਕਾਰ ਸੀ। ਇਕ ਵਾਰੀ ਉਹਨਾਂ ਦਾ ਨੌਕਰ ਅਲੀ ਬਖ਼ਸ਼ ਡੰਗਰਾਂ ਲਈ ਪੱਠਾ ਦੱਥਾ ਕਰਨ ਗਿਆ ਅਤੇ ਚੋਖੇ ਚਿਰ ਮਗਰੋਂ ਪਰਤਿਆ ਤਾਂ ਮੌਲਵੀ ਜੀ ਹੋਰੀ ਉਹਨੂੰ ਵੇਖ ਕਿ ਆਖਣ ਲੱਗੇ:

*ਸਾਰਾ ਦਿਣ ਉਡੀਕਿਆ ਗਿਆ ਕਵੇਲਾ ਹੋ*
*ਢੇਰ ਕਮਾਈ ਤੁੱਧੁ ਦੀ ਭਰੀਆਂ ਪੌਣੇ ਦੋ*

### ਰੁਅਬ ਦਾਬ

ਇੱਕ ਵਾਰ ਦੀ ਗੱਲ ਏ ਪਈ ਉਥੋ ਦੇ ਇੱਕ ਬੰਦੇ ਈਦ ਮੁਹਮੱਦ ਨੇ ਕਿਸੇ ਦਾ ਕਰਜ਼ ਦੇਣਾ ਸੀ। ਉਸ ਬੰਦੇ ਨੇ ਤੈਹਸੀਲਦਾਰ ਦੇ ਦਆਵਾ ਕਰ ਦਿੱਤਾ। ਸਬੂਤ ਨ ਹੋਣ ਪਾਰੋ ਉਹ ਮਕਦੱਮਾ ਖਾਰਜ ਹੋ ਗਿਆ। ਈਦ ਮੁਹਮੱਦ ਕਰਜ਼ ਦੇਣ ਤੋਂ ਨਾਬਰ ਹੋ ਗਿਆ। ਪੈਸੇ ਲੈਣ ਵਾਲੇ ਨੇ ਮੌਲਵੀ ਸਾਹਿਬ ਹੋਰਾਂ ਨਾਲ ਗੱਲ ਕੀਤੀ। ਉਹਨਾਂ ਈਦ ਮੁਹਮੱਦ ਤੋਂ ਪੁੱਛਿਆ ਤਾਂ ਉਹ ਮੱਨ ਗਿਆ। ਮੌਲਵੀ ਸਾਹਿਬ ਹੋਰਾਂ ਆਖਿਆ ਪਈ ਤੂੰ ਅਦਾਲਤ ਵਿੱਚ ਕਿਉਂ ਨ ਮੱਨਇਆ। ਉਸ ਆਖਿਆ ਪਈ ਅਦਾਲਤਾਂ ਵਿੱਚ ਤਾਂ ਝੂਠ ਚੱਲ ਜਾਂਦਾ ਏ ਪਰ ਤੁਹਾਡੇ ਸਾਮਣੇ ਝੂਠ ਨਈਂ ਬੋਲ ਸਕਦਾ।

### ਦਿਲ ਰੁਸ਼ਨਾਵਣ ਵਾਲੀ ਇੱਕ ਹੋਰ ਗੱਲ

ਅਜ਼ੀਮ ਸੂਫੀ ਸ਼ਾਇਰ,ਸਰਤਾਜ-ਉਲ-ਔਲੀਆ,ਸੁਲਤਾਨ-ਉਲ-ਆਰਿਫੀਨ ਹਜ਼ਰਤ ਮੌਲਵੀ ਗੁਲਾਮ ਰਸੂਲ ਹੋਰਾਂ ਦੀ ਆਦਤ ਸੀ ਪਈ ਉਹ ਸਵੇਰੇ ਸਾਜਰੇ ਉਠਦਿਆਂ ਸਾਰ ਹੀ ਅੱਲਾ ਅੱਲਾ ਕਰਨ ਲੱਗ ਪੈਂਦੇ ਅਤੇ ਦਰੂਦ ਸ਼ਰੀਫ ਪੜ੍ਹਣ ਲਗਦੇ ਅਤੇ ਸਵੇਰ ਦੀ ਬਾਂਗ ਤੋਂ ਅਗਦੂੰ ਈ ਸੈਰ ਕਰਨ ਨੂੰ ਨਾਲਦੇ ਪਿੰਦ ਬਸਵਾ ਵਾਲੇ ਪਾਸੇ ਨੂੰ ਨਿਕਲ ਜਾਂਦੇ। ਇੱਕ ਵਾਰੀ ਉਸ ਪਾਸੇ ਜਾਂਦਿਆਂ ਉਹਨਾਂ ਨੂੰ ਦੋ ਹਿੰਦੂ ਮਿਲੇ ਜਿਹਨਾਂ ਉਸ ਪਿੰਡ ਦੇ ਇੱਕ ਬੰਦੇ ਮੁਹੱਮਦ ਅਲੀ ਨੂੰ ਮਿਲਣਾ ਸੀ, ਜਿਹਨੂੰ ਪਿੰਡ ਦੇ ਲੋਕ ਨਿਰਾ "ਮੁਹਮੱਦ" ਈ ਆਖ ਕਿ ਬੁਲਾਂਦੇ ਸਣ। ਉਹਨਾਂ ਹਿੰਦੂਆਂ ਨੇ ਮੌਲਵੀ ਸਾਹਿਬ ਹੋਰਾਂ ਤੋਂ ਪੁਛਿਆ ਪਈ ਮੁਹਮੱਦ ਦਾ ਘਰ ਕਿਹੜੇ ਪਾਸੇ ਵੇ?ਉਹਨਾਂ ਦੀ ਗੱਲ ਸੁਣ ਕਿ ਮੌਲਵੀ ਹੋਰਾਂ ਉਤੇ ਮਸਤੀ ਛਾ ਗਈ ਅਤੇ ਆਖਣ ਲੱਗੇ "ਮੁਹਮੱਦ" ਦਾ ਘਰ ਤਾਂ ਮਦੀਨੇ ਪਾਕ ਵਿੱਚ ਏ ਇਥੇ ਕਿੱਥੇ ਲਭਦੇ ਫਿਰਦੇ ਉ? ਮੌਲਵੀ ਸਾਹਿਬ ਹੋਰਾਂ ਦੀ ਗੱਲ ਦਾ ਉਹਨਾਂ ਉਤੇ ਐਨਾ ਅਸਰ ਹੋਇਆ ਪਈ ਉਹ ਉਸੇ ਵੇਲੇ ਮੁਸਲਮਾਨ ਹੋ ਗਏ।

### ਸਾਂਸੀ ਦੇ ਰਾਤ ਮਸੀਤੇ ਲੰਘਾਣ ਵਾਲੀ ਗੱਲ

ਇੱਕ ਵਾਰੀ ਸਿਆਲ ਦੀ ਰੁੱਤ ਸੀ ਅਤੇ ਅੱਤ ਦੀ ਠੰਡ ਸੀ। ਰਾਤ ਵੇਲੇ ਇੱਕ ਸਾਂਸੀ ਨੇ ਆਲਮਪੁਰ ਪਿੰਡ ਵਿੱਚ ਰਾਤ ਲੰਘਾਣ ਲਈ ਕੁਝ ਘਰਾਂ ਦੇ ਬੂਹੇ ਖੜਕਾਏ ਪਰ ਕਿਸੇ ਵੀ ਉਹਨੂੰ ਰਾਤ ਰੱਖਣ ਦੀ ਹਾਮੀ ਨ ਭਰੀ। ਉਹ ਮਸੀਤ ਵਿੱਚ ਆ ਗਿਆ। ਉਥੇ ਉਸ ਵੇਲੇ ਮੌਲਵੀ ਗੁਲਾਮ ਰਸੂਲ ਆਲਮਪੁਰੀ ਮੌਜੂਦ ਸਣ। ਇਹ ਗੱਲ ਚੇਤੇ ਰਹਵੇ ਪਈ ਇਹ ਮਸੀਤ ਮੌਲਵੀ ਸਾਹਿਬ ਨੇ ਅਪਣੇ ਪੱਲਇਉਂ ਬਨਵਾਈ ਸੀ ਜਦੋਂ ਕੇ ਆਲਮਪੁਰ ਵਿੱਚ ਇੱਕ ਹੋਰ ਮਸੀਤ ਵੀ ਹੈ ਸੀ,ਜਿਹਦੇ ਵਿੱਚ ਲੋਕਾਂ ਇੱਕ ਮੌਲਵੀ ਰੱਖਇਆ ਹੋਇਆ ਸੀ। ਉਸ ਸਾਂਸੀ ਨੇ ਜਿਹਦੇ ਕੋਲ ਸੂਰ ਦੇ ਦੋ ਬੱਚੇ ਵੀ ਸੱਣ, ਮੌਲਵੀ ਸਾਹਿਬ ਹੋਰਾਂ ਨਾਲ ਰਾਤ ਗੁਜ਼ਾਰਨ ਦੀ ਗੱਲ ਕੀਤੀ ਤਾਂ ਮੌਲਵੀ ਸਾਹਿਬ ਹੋਰਾਂ ਉਸ ਨੂੰ ਇਜਾਜ਼ਤ ਦੇ ਦਿੱਤੀ ਅਤੇ ਉਹਨਾਂ ਸਾਂਸੀ ਨੂੰ ਆਖਿਆ ਪਈ ਸਵੇਰੇ ਛੇਤੀ ਟੁਰ ਜਾਵੇ। ਮਗਰੋਂ ਮੌਲਵੀ ਸਾਹਿਬ ਹੋਰਾਂ ਉਸ ਤੋਂ ਟੁੱਕਰ ਪਾਣੀ ਦਾ ਪੁੱਛਇਆ ਤਾਂ ਉਹਨੇ ਹਾਂ ਕਰ ਲਈ। ਅਤੇ ਆਖਇਆਂ ਪਈ ਮੈਂ ਰੋਟੀ ਖਾਵਾਂ ਗਾ ਅਤੇ ਇਹਨਾਂ ਸੂਰ ਦਿਆਂ ਬੱਚਇਆਂ ਲਈ ਦੁੱਧ ਵੀ ਮੰਗਵਾਉ। ਮੌਲਵੀ ਸਾਹਿਬ ਹੋਰਾਂ ਉਹਨੂੰ ਰੋਟੀ ਅਤੇ ਦੁੱਧ ਲਿਆ ਦਿੱਤਾ। ਸਵੇਰੇ ਨਮਾਜ਼ ਵੇਲੇ ਜਦੋਂ ਨਮਾਜ਼ੀ ਮਸੀਤ ਵਿੱਚ ਆਏ ਤਾਂ ਸੂਰ ਦੇ ਬੱਚਇਆਂ ਦੀ ਵਾਜ ਸੁਣ ਕੇ ਉਹ ਸਾਂਸੀ ਨੂੰ ਮਾਰਨ ਲਈ ਦੌੜੇ ਤਾਂ ਉਸ ਆਖ ਦਿੱਤਾ ਪਈ ਉਹਨੂੰ ਤਾਂ ਮੌਲਵੀ ਸਾਹਿਬ ਹੋਰਾਂ ਰਾਤ ਰੱਖਇਆ ਏ। ਉਹ ਲੋਕ ਬੜੀ ਹੈਰਾਨੀ ਨਾਲ ਮੌਲਵੀ ਸਾਹਿਬ ਹੋਰਾਂ ਤੋਂ ਪੁਛਣ ਲੱਗੇ ਤਾਂ ਉਹਨਾਂ ਤਕਰਾਰ ਨੂੰ ਚੰਗਾ ਨ ਜਾਤਾ ਅਤੇ ਉਹਨਾਂ ਨੂੰ ਆਖਇਆ ਪਈ ਮੈਨੂੰ ਇਸ ਕਸੂਰ ਦਾ ਡੱਨ ਲਾ ਲਉ। ਉਹਨਾਂ ਪੰਜ ਜਾਂ ਛੇ ਰੋਪੇ ਡੱਨ ਲਾਇਆ। ਮੌਲਵੀ ਸਾਹਿਬ ਹੋਰਾਂ ਘਰੋਂ ਪੈਸੇ ਮੰਗਵਾਏ ਅਤੇ ਉਹਨਾਂ ਨੂੰ ਦੇ ਦਿੱਤੇ। ਲੋਕਾਂ ਆਖਿਆ ਪਈ ਇਹਨਾਂ ਵਿੱਚੋਂ ਇੱਕ ਰੋਪਿਆ ਘਟ ਏ। ਤਾਂ ਉਸ ਵੇਲੇ ਮੌਲਵੀ ਸਾਹਿਬ ਹੋਰਾਂ ਫਰਮਾਇਆ ਪਈ ਇਹਨਾਂ ਨੂੰ ਇੱਕ ਰਾਤ ਰੱਖਣ ,ਰੋਟੀ ਖਵਾਣ ਅਤੇ ਦੱਧ ਪਿਆਣ ਦਾ ਡੱਨ ਮੈਂ ਤਾਂ ਭਰ ਦਿੱਤਾ ਏ,ਰੈਹੰਦੇ ਪੈਸੇ ਉਸ ਤੋਂ ਮੰਗੋ ਜਿਹਨੇ ਇਸ ਨੂੰ ਪੈਦਾ ਕੀਤਾ ਏ ਅਤੇ ਹਰ ਰੋਜ਼ ਇਹਨਾਂ ਨੂੰ ਦੁੱਧ ਅਤੇ ਰਿਜ਼ਕ ਦੇਂਦਾ ਏ। ਇਹ ਗੱਲ ਸੁਣ ਕੇ ਲੋਕਾਂ ਮੌਲਵੀ ਸਾਹਿਬ ਕੋਲੋਂ ਮੁਆਫੀ ਮੰਗ ਲਈ।

## ਨੌਕਰੀ ਛੱਡਣ ਵਾਲੀ ਗੱਲ

ਹਜ਼ਰਤ ਮੌਲਵੀ ਗੁਲਾਮ ਰਸੂਲ ਸਕੂਲ ਵਿੱਚ ਪੜਹਾਂਦੇ ਸਣ। ਵੇਲੇ ਸਿਰ ਪੜ੍ਹਾਈ ਕਰਾਕਿ ਛੁੱਟੀ ਕਰਦੇ। ਇੱਕ ਦਿਣ ਸਕੂਲ ਤੋਂ ਛੁੱਟੀ ਕਰ ਕਿ ਘਰ ਨੂੰ ਜਾਂਦਿਆਂ ਮਗਰੋਂ ਸਕੂਲ ਦਾ ਇਨਸਪੈਕਟਰ ਸਕੂਲੇ ਆਂਨ ਵੜਇਆ ਅਤੇ ਉਸ ਮੌਲਵੀ ਸਾਹਿਬ ਸੱਦ ਬੁਲਾਵਣ ਲਈ ਉਹਨਾਂ ਵੱਲ ਸੁਨਿਹਾ ਟੋਰਿਆ। ਪਰ ਮੌਲਵੀ ਸਾਹਿਬ ਆਪ ਤਾਂ ਸਕੂਲੇ ਨ ਗਏ ਸਗੂੰ ਉਸ ਬੰਦੇ ਹੱਥ ਸ਼ਇਰਾਂ ਵਿੱਚ ਨੌਕਰੀ ਤੋਂ ਅਸਤੀਫਾ ਲੱਖ ਕਿ ਟੋਰ ਦਿੱਤਾ ਅਤੇ ਮੁੜ ਸਾਰੀ ਉਮਰ ਸਕੂਲ ਨਈਂ ਗਏ।

## ਦੇਸ ਪਿਆਰ

ਦੇਸ ਪਿਆਰ ਉਹਨਾਂ ਵਿੱਚ ਕੁੱਟ ਕੁੱਟ ਭਰਇਆ ਸੀ। ਉਹਨਾਂ ਦੇ ਇਲਾਕੇ ਨੂੰ ਬੇਟ ਦੀ ਜੂਹ ਆਖਿਆ ਜਾਂਦਾ ਸੀ। ਉਹਨਾ ਦੇ ਇਕ ਸ਼ਗਿਰਦ ਸਈਯਦ ਰੋਸ਼ਨ ਅਲੀ ਜਿਹੜੇ ਇਸ ਇਲਾਕੇ ਨੂੰ ਛੱਡ ਕਿ ਮਾਲਵੇ ਜਾ ਵੱਸੇ ਸਣ ਤਾਂ ਮੌਲਵੀ ਹੋਰਾਂ ਸ਼ਾਹ ਹੋਰਾਂ ਨੂੰ ਇੱਕ ਚਿੱਠੀ ਵਿੱਚ ਲਿਖਆ ਸੀ:

*ਸਾਡਾ ਬੇਟ ਤਨ ਪੇਟ ਹੈ ਨਿਇਮਤਾਂ ਦਾ ਤੇਰੇ ਮਾਲਵੇ ਕਣਕ ਜਵਾਰ ਨਾਹੀਂ*

\----------------

*ਵਾਈਂ ਠੰਡੀਆਂ ਤਾਜ਼ੀਆਂ ਝੁੱਲ ਰਹੀਆਂ ਇਹ ਫਾਇਦਾ ਬੇਟ ਦਿਆਰ ਦਾ ਏ*

\----------------

*ਛੁੱਟਾ ਬੇਟ ਤੈਂ ਥੀਂ ਧਰਇਆ ਪੇਟ ਅੱਗੇ ਲੱਭਾ ਮਾਲਵਾ ਬਿੱਲ ਸਨਯਾਸੀਆਂ ਦਾ*

# ਅਜ਼ੀਮ ਸੂਫੀ ਸ਼ਾਇਰ,ਸਰਤਾਜ-ਉਲ-ਔਲੀਆ, ਸੁਲਤਾਨ-ਉਲ-ਆਰਿਫੀਨ
# ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੂਰੀ ਹੋਰਾਂ ਦੀ ਜਾਣ ਪਛਾਨ

ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੂਰੀ ਅਠਾਰਵੀਂ ਸਦੀ ਈਸਵੀ ਦੇ ਜਗਤ ਵਿੱਚ ਪਰਮੱਨੇ ਹੋਏ ਪੰਜਾਬੀ ਸ਼ਾਇਰ ਸਨ। ਉਹਨਾਂ ਦੀਆਂ ਦਸ ਦੇ ਨੇੜੇ ਪੰਜਾਬੀ ਕਿਤਾਬਾਂ, ਪੰਜਾਬੀ ਜ਼ੁਬਾਨ ਅਤੇ ਕਲਾਮ ਦਾ ਇੱਕ ਢੇਰ ਉੱਚਾ ਅਤੇ ਸੁੱਚਾ ਨਮੂਨਾ ਨੇਂ ਜੋ ਪੂਰੇ ਜੱਗ ਅੰਦਰ ਪੰਜਾਬੀਆਂ ਦੇ ਦਿਲਾਂ ਦੀਆਂ ਧੜਕਣਾਂ ਬਨ ਕਿ ਉਹਨਾਂ ਦੇ ਦਿਲਾਂ ਅੰਦਰ ਮੁਹਬਤਾਂ ਦੀਆਂ ਪੀਂਘਾਂ ਹੁਲਾਰੇ ਪਾਈ ਰੱਖਦੀਆਂ ਨੇਂ। ਉਹਨਾਂ ਦਾ ਕਲਾਮ ਸਮਝ ਕੇ ਪੜ੍ਹਨ ਵਾਲਿਆਂ ਦੇ ਦਿਲਾਂ ਉਤੇ ਇੰਜ ਦਾ ਡੂੰਘਾ ਅਸਰ ਛੱਡ ਦਾ ਏ ਜੋ ਇੱਕ ਲੱਮੇ ਚਿਰ ਤਾਈਂ ਪੜ੍ਹਨਹਾਰ ਦੇ ਚੇਤੇ ਦੀ ਪਟਾਰੀ ਵਿੱਚ ਅਪਣੀ ਥਾਂ ਬਨਾਈ ਰੱਖਦਾ ਏ। ਸਾਡੇ ਪੰਜਾਬੀ ਸੂਫ਼ੀ ਬਾਬਿਆਂ ਦੇ ਕਲਾਮ ਦਾ ਇਹ ਇੱਕ ਖਾਸ ਗੁਣ ਏੈ ਪਈ ਉਹ ਪੜ੍ਹਨਹਾਰ ਨੂੰ ਇੰਜ ਦੀ ਮਸਤੀ ਚਾੜ੍ਹ ਦੇਂਦਾ ਏ ਜਿਹਦਾ ਨਸ਼ਾ ਸਾਰੀ ਉਮਰ ਨਈਂ ਉੱਤਰਦਾ। ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੂਰੀ ਹੋਰੀ ਵੀ ਉਹ ਗੁਣੀ ਬਾਬੇ ਨੇਂ ਜਿਹਨਾਂ ਨੂੰ ਉਹਨਾ ਦੇ ਕਲਾਮ ਦੀਆਂ ਖ਼ੂਬੀਆਂ ਅਤੇ ਸੁੱਚੇ ਕਰਦਾਰ ਪਾਰੋ ਸਦੀਆਂ ਬੱਧੀ ਯਾਦ ਰੱਖਿਆਂ ਜਾਵੇ ਗਾ।

ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੂਰੀ 5 ਰਬੀਉਅੱਵਲ 1265 ਹਿਜਰੀ,ਮੁਤਾਬਕ 29 ਜਨਵਰੀ 1849 ਈਸਵੀ ਨੂੰ ਸੋਮਵਾਰ ਦੇ ਦਿਹਾੜੇ ਪਿੰਡ ਆਲਮਪੁਰ ਤੈਹਸੀਲ ਦਸੂਆਂ ਜ਼ਿਲਆ ਹੋਸ਼ਇਆਰਪੁਰ ਵਿੱਖੇ ਇੱਕ ਸੌਖੇ ਵਾਹੀਵਾਨ ਚੌਹਦਰੀ ਮੁਰਾਦ ਬਖ਼ਸ ਦੇ ਘਰ ਜੱਮੇ। ਉਹਨਾਂ ਦੀ ਸੁਭ ਭਾਗੀ ਮਾਤਾਂ ਜੀ ਦਾ ਨਾਂ ਰੈਹਮਤ ਬੀਬੀ ਸੀ। ਉਹਨਾਂ ਦਾ ਹੋਰ ਕੋਈ ਭੈਣ ਭਿਰਾ ਨਈਂ ਸੀ।

ਜਿੱਥੋਂ ਤਾਈਂ ਉਹਨਾਂ ਦੀ ਵਿੱਧਿਆ ਪਰਾਪਤੀ ਦੀ ਗੱਲ ਏ, ਉਹਨਾਂ ਦੇ ਕਿਸੇ ਸਕੂਲ ਕਾਲਜ ਰਾਹੀਂ ਪੜ੍ਹਨ ਲਿਖਣ ਦੀ ਕੋਈ ਗਵਾਹੀ ਨਈਂ ਮਿਲਦੀ। ਉਹਨਾਂ ਦਿਣਾਂ ਵਿੱਚ ਐਥੇ ਪੜ੍ਹਾਈ ਲਿਖਾਈ ਦਾ ਕੋਈ ਪੱਕਾ ਪਰਬੰਧ ਨਈਂ ਸੀ ਹੁੰਦਾ। ਆਪ ਰੱਬੀ ਰੰਗ ਵਿੱਚ ਰੰਗੇ ਹੋਏ ਸਣ ਇਸ ਲਈ ਇਹ ਆਖਣਾ ਵਧੇਰਾ ਜਚਦਾ ਏ ਪਈ ਉਹਨਾਂ ਦੇ ਅੰਦਰ ਇਲਮ ਦਾ ਉਹ ਰੱਬੀ ਚਾਨਣ ਹੈ ਸੀ ਜਿਹਦੀ ਸਿੱਕ ਉਹਨਾਂ ਨੂੰ ਟੋਰ ਕੇ ਲੋਕਾਂ ਕੋਲ ਲੈ ਜਾਂਦੀ ਰਹੀ ਅਤੇ ਆਂਪ ਵੱਖ ਵੱਖ ਥਾਵਾਂ ਤੋ ਵਿਧਿਆ ਪਰਾਪਤ ਕਰਦੇ ਰਹੇ। ਉਹਨਾਂ ਮੁਢੱਲੀ ਪੜ੍ਹਾਈ ਵਿੱਚ ਅਰਬੀ ਫਾਰਸੀ ਦੀਆਂ ਕੁਝ ਕੁ ਪੁਸਤਕਾਂ ਅਪਣੇ ਪਿੰਡ *ਆਲਮਪੁਰ* ਦੇ ਮੌਲਵੀ *ਹਾਮਿਦ ਸਾਹਿਬ* ਹੋਰਾਂ ਕੋਲੋਂ ਪੜ੍ਹੀਆਂ। ਇੰਜ ਹੀ ਕੁਝ ਇਲਮ ਉਹਨਾਂ ਨਾਲ ਦੇ ਪਿੰਡ *ਗ਼ਲਜ਼ੀਆਂ* ਦੇ *ਮੌਲਵੀ ਉਸਮਾਨ* ਹੋਰਾਂ ਕੋਲੋਂ ਪਰਾਪਤ ਕੀਤਾ। ਉਸ ਮਗਰੋਂ ਉਹ ਪਿੰਡ *ਮੀਰ ਪੁਰ* ਵਿੱਚ ਪਰਾਏਮਰੀ ਦੀਆਂ ਜਮਾਤਾਂ ਨੂੰ ਪੜ੍ਹਾਨ ਲਗ ਪਏ। ਉਥੇ ਉਹਨਾਂ 1864 ਤੋਂ ਲੈ ਕੇ 1878 ਈਸਵੀ ਤਾਈਂ 14 ਵਰਹੇ ਪੜ੍ਹਾਈ ਕਰਾਈ ਅਤੇ 1878 ਵਿੱਚ ਉਹਨਾਂ ਦੀ ਬਦਲੀ ਆਲਮਪੁਰ ਤੋਂ 2 ਮੀਲਾਂ ਦੀ ਵਿੱਥ ਤੇ ਵਸਦੇ ਪਿੰਡ *ਮਹੇਸਰ* ਵਿੱਚ ਕਰ ਦਿੱਤੀ ਗਈ ,ਜਿੱਥੇ ਉਹਨਾਂ 4 ਸਾਲ ਪੜ੍ਹਾਈ ਕਰਾਈ ਅਤੇ ਅਖ਼ੀਰ 1882 ਵਿੱਚ ਉਹਨਾਂ ਨੌਕਰੀ ਛੱਡ ਦਿੱਤੀ।ਆਪ ਨੇ ਕੋਈ 18 ਸਾਲ ਨੌਕਰੀ ਕੀਤੀ ਅਤੇ ਨੌਕਰੀ ਛੱਡਣ ਵੇਲੇ ਉਹਨਾਂ ਦੀ ਅੁਮਰ 33 ਸਾਲ ਸੀ।

ਅਸਲ ਗੱਲ ਇਹ ਸੀ ਪਈ ਉਹ ਅੰਦਰੋਂ ਇੱਕ ਫਕੀਰੀ ਸਭਾ ਦੇ ਬੰਦੇ ਸਨ ਅਤੇ ਉਹ ਦੂਨੀਆਦਾਰੀ ਦੇ ਧੰਦਿਆਂ ਦੀ ਪਰਵਾਹ ਘੱਟ ਈ ਕਰਦੇ ਸਨ। ਭਾਂਵੇ ਅਪਨੇ ਲਿਬਾਸ ਅਤੇ ਚੜ੍ਹਤਲ ਪਾਰੋਂ ਉਹ ਪੂਰੇ ਰਾਠ ਵਾਹੀਵਾਨ ਲੱਗਦੇ ਸਨ ਪਰ ਅੰਦਰੋਂ ਉਹ ਰੱਬੀ ਰਚਨਾ ਵਿੱਚ ਪੂਰੇ ਰੰਗੇ ਹੋਏ ਸਨ। ਉਹਨਾਂ ਦੀ ਇਨਸਾਨ ਦੋਸਤੀ ਅਤੇ ਮਿੱਠੇ ਸਭਾ ਪਾਰੋਂ ਉਸ ਜੂਹ ਦਾ ਹਰ ਜੀ ਉਹਨਾਂ ਦਾ ਬੜਾਂ ਆਦਰ ਕਰਦਾ ਸੀ। ਉਹਨਾਂ ਦੇ ਸੱਚ ਬੋਲਣ ਦੀ ਉਸ ਬਾਹਰੇ ਵਿੱਚ ਐਨੀ ਦੋਹਾਈ ਪਈ ਹੋਈ ਸੀ ਪਈ ਕੋਈ ਖੜਪੈਂਚ ਵੀ ਉਹਨਾਂ ਸਾਮਨੇ ਝੂਠ ਬੋਲਨ ਤੋਂ ਘਬਰਾਂਦਾ ਸੀ। ਉਹਨਾਂ ਦਾ ਸਰੀਰ ਭਾਂਵੇਂ ਬੜਾ ਛੀਟਕਾ ਜਿਹਾ ਈ ਸੀ ਅਤੇ ਬਾਲ ਉਮਰੇ ਮਾਤਾਂ ਨਿਕਲ ਔਣ ਪਾਰੋਂ ਉਹਨਾਂ ਦੇ ਮੂੰਹ ਉਤੇ ਮਾਤਾ ਦੇ ਮਾਂੜੇ ਮਾੜੇ ਦਾਗ਼ ਵੀ ਦਿਸਦੇ ਸਨ ਪਰ ਜਦੋਂ ਉਹ ਗੱਲ ਕਰਦੇ ਤਾਂ ਲੰਘਦੇ ਲੋਕੀ ਵੀ ਖਲੋ ਕੇ ਉਹਨਾਂ ਦੀ ਗੱਲ ਸੁਣ ਕੇ ਜਾਂਦੇ। ਪੂਰਾ ਜਿਹਾ ਕੱਦ ਕਾਠ ਹੋਣ ਪਾਰੋਂ ਉਹਨਾਂ ਦਾ ਸਰੀਰ ਚੜ੍ਹਤਲ ਵਾਲਾ ਲੱਗਦਾ ਸੀ।

ਉਹਨਾਂ ਦਾ ਪੈਹਲਾ ਵਿਆਹ 20 ਸਾਲ ਦੀ ਉਮਰੇ, ਰਿਆਸਤ ਕਪੂਰ ਥਲਾ ਦੀ ਤੈਹਸੀਲ ਭੋਂਗਾ ਦੇ ਪਿੰਡ *ਧੁਤਾਂ* ਵਿੱਚ ਉਹਨਾਂ ਦੇ *ਮਾਮੇ ਅਲੀ ਬਖ਼ਸ਼* ਦੀ ਧੀ *ਕਰਮ ਬੀਬੀ* ਨਾਲ ਹੋਇਆ ਸੀ। ਮੌਲਵੀ ਜੀ ਹੋਰਾਂ ਦੀ ਉਹ ਪਤਣੀ ਵਿਆਹ ਤੋਂ ਚਾਰ ਸਾਲ ਮਗਰੋਂ ਰੱਬ ਨੂੰ ਜਾ ਮਿਲੀ। ਉਸ ਵਿੱਚੋਂ ਧੀ ਪੁੱਤਰ ਕੋਈ ਨਈਂ ਸੀ ਹੋਇਆ।

*ਹਜ਼ਰਤ ਮੌਲਵੀ ਗੁਲਾਮ ਰਸੂਲ* ਹੋਰਾਂ ਦਾ ਦੂਜਾ ਵਿਆਂਹ ਹੋਸ਼ਿਆਰਪੁਰ ਦੇ ਜ਼ਿਲਹੇ ਪਿੰਡ *ਸਕਰਾਲਾ* ਵਿੱਚ ਹੋਇਆ। ਦੂਜੀ ਤੀਂਵੀਂ ਵੀ ਪੰਜ ਸਾਲਾਂ ਮਗਰੋਂ ਰੱਬ ਸੱਚੇ ਨੂੰ ਜਾ ਮਿਲੀ ਅਤੇ ਉਸ ਵਿੱਚੋਂ *ਆਇਸ਼ਆ ਬੀਬੀ* ਨਾਂ ਦੀ ਬੱਸ ਇੱਕ ਧੀ ਹੋਈ। *ਆਸ਼ਿ਼ਾ ਬੀਬੀ* ਦਾ ਵਿਆਹ

ਨਾਲਦੇ ਪਿੰਡ *ਬੱਲੜਾਂ* ਦੇ ਵਸਨੀਕ *ਚੌਹਦਰੀ ਸੁਲਤਾਨ ਅਲੀ* ਨਾਲ ਹੋਇਆ। ਉਹ ਦੋਵੇਂ ਮੀਆਂ ਬੀਵੀ 1947 ਵਿੱਚ ਹੋਣ ਵਾਲੀ ਦੇਸ ਦੀ ਵੰਡ ਤੋਂ ਅਗਦੂੰ ਰਬ ਸੱਚੇ ਨੂੰ ਜਾ ਮਿਲੇ ਸਣ। ਓਹਨਾਂ ਦੀ ਇੱਕ ਧੀ *ਗੁਲਾਮ ਫਾਤਮਾ* ਸੀ ਅਤੇ ਪੁੱਤਰ *ਫਜ਼ਲ ਐਹਮਦ* ਸੀ ਜੋ ਭਰ ਜਵਾਨੀ ਵਿੱਚ ਈ ਅੱਲਾ ਸੋਹਣੇ ਨੂੰ ਜਾ ਮਲਿਆ ਸੀ। *ਗੁਲਾਮ ਫਾਤਮਾ* ਦਾ ਵਿਆਹ *ਮੁਹੱਮਦ ਅਲੀ* ਨਾਲ ਹੋਇਆ। *ਹਜ਼ਰਤ ਮੌਲਵੀ ਗੁਲਾਮ ਰਸੂਲ* ਹੋਰਾਂ ਦਾ ਤੀਜਾ ਅਤੇ ਅੰਤਲਾ ਵਿਆਹ 1309 ਹਿਜਰੀ,ਮੁਤਾਬਕ 1891 ਈਸਵੀ ਨੂੰ ਪਿੰਡ *ਖੱਨਿਆਂ ਵਧਾਇਆ* ਦੇ ਵਸਨੀਕ *ਗੁਲਾਬ ਗੁੱਜਰ* ਦੀ ਧੀ *ਜ਼ੈਨਬ ਬੀਬੀ* ਨਾਲ ਹੁਇਆ। ਤੀਜੀ ਬੀਵੀ ਵਿੱਚੋਂ ਉਹਨਾਂ ਦੀ ਧੀ *ਖ਼ਦੀਜਾ ਬੀਬੀ* ਪੈਦਾ ਹੋਈ। *ਖ਼ਦੀਜਾ ਬੀਬੀ* ਦਾ ਵਿਆਹ ਆਲਮਪੁਰ ਦੇ ਵਾਹੀਵਾਨ ਘਰਾਨੇ ਵਿੱਚ ਚੌਹਦਰੀ *ਅਬਦੁਲ ਅਜ਼ੀਜ਼* ਹੋਰਾਂ ਨਾਲ ਹੋਇਆ। *ਖ਼ਦੀਜਾ ਬੀਬੀ* ਹੋਰੀ ਦੇਸ ਦੀ ਵੰਡ ਤੋਂ ਅਗਦੂੰ ਹੀ ਅੱਲਾ ਸੋਹਨੇ ਨੂੰ ਜਾ ਮਿਲੇ ਅਤੇ *ਚੌਹਦਰੀ ਅਬਦੁਲ ਅਜ਼ੀਜ਼* ਪਾਕਿਸਤਾਨ ਆ ਗਏ ਅਤੇ ਉਹ 1975 ਈਸਵੀ ਵਿੱਚ ਅੱਲਾ ਨੂੰ ਪਿਆਰੇ ਹੋ ਗਏ। ਓਹਨਾਂ ਦੀ ਔਲਾਦ ਵਿੱਚ ਤਿੰਨ ਧੀਆਂ ਤੇ ਦੋ ਪੁੱਤਰ ਹੋਏ। ਉਹਨਾਂ ਵਿੱਚੋਂ ਵੱਡਾ ਮੁੰਡਾ ਅਬਦੁਲ ਲਤੀਫ 18 ਸਾਲਾਂ ਦਾ ਹੋ ਕਿ ਰੱਬ ਨੂੰ ਜਾ ਮਲਿਆ। ਉਸ ਤੋਂ ਨਿੱਕੇ ਭੈਣ ਭਰਾ *ਸਈਦਆ ਬੇਗ਼ਮ,ਮਸਊਦਾ ਬੇਗ਼ਮ,ਅਬਦੁਰਸ਼ੀਦ ਅਤੇ ਰਜ਼ੀਆ ਬੇਗ਼ਮ ਨੇਂ*। 1947 ਤੋਂ ਮਗਰੋਂ *ਰਜ਼ੀਆ ਬੇਗ਼ਮ* ਦਾ ਵਿਆਹ *ਚੌਹਦਰੀ ਗੁਲਾਮ ਕ਼ਾਦਰ* ਨਾਲ ਹੋਇਆ। *ਚੌਹਦਰੀ ਗੁਲਾਮ ਕ਼ਾਦਰ* ਪਿੱਛੋਂ ਪਿੰਡ *ਫ਼ਾਮਬੜਾ*,ਤੈਹਸੀਲ ਭੋਂਗਾ,ਜ਼ਿਲਆ ਹੋਸ਼ਿਆਰਪੁਰ,ਰਿਆਸਤ ਕਪੂਰ ਥਲਾ ਦੇ ਵਸਨੀਕ ਸਣ। ਇਹ ਪਾਕਿਸਤਾਨ ਬਨਣ ਮਗਰੋਂ ਉਸ ਵੇਲੇ ਦੇ ਜ਼ਿਲਆ ਲਾਇਲਪੁਰ,ਤਹਸੀਲ ਸੁਮੰਦਰੀ ਦੇ ਇੱਕ ਪਿੰਡ *ਚੱਕ ਨ 142 ਗ। ਬ। ਗਰੇਵਾਲ* ਵਿੱਚ ਆਣ ਵੱਸੇ। ਅੱਜਕਲ ਫੈਸਲਆਬਾਦ ਵਿੱਚ ਚੌਹਦਰੀ ਗੁਲਾਮ ਕਾਦਰ ਦੇ ਸਪੁੱਤਰ *ਸਾਹਿਬਜ਼ਾਦਾ ਮਸਊਦ ਐਹਮਦ* ਮੌਲਵੀ ਗੁਲਾਮ ਰਸੂਲ ਆਲਮਪੂਰੀ ਰੀਸ੍ਰਚ ਆਰਗਨਾਈਸੇਸ਼ਨ ਦੇ ਪਰਧਾਨ ਨੇਂ।

ਹਜ਼ਰਤ *ਮੌਲਵੀ ਗੁਲਾਮ ਰਸੂਲ* ਹੋਰਾਂ ਅਪਣੀ ਪੰਜਾਬੀ ਸ਼ਾਇਰੀ ਦੀ ਪੈਹਲੀ ਕਿਤਾਬ " ਦਾਸਤਾਨੇ ਅਮੀਰ ਹਮਜ਼ਾ" 15 ਸਾਲਾਂ ਦੀ ਉਮਰ ਵਿੱਚ ਪੂਰੀ ਕੀਤੀ। ਉਸ ਕਿਤਾਬ ਵਿੱਚ ਸ਼ਿਇਰਾਂ ਦੀ ਗਿਨਤੀ 20,000 ਏ। ਮੌਲਵੀ ਸਾਹਿਬ ਹੋਰਾਂ ਅਪਣੀ ਦੂਜੀ ਪੰਜਾਬੀ ਸ਼ਾਇਰੀ ਦੀ ਕਿਤਾਬ "ਰੂਹ-ਉਲ-ਤਰਤੀਲ" 19 ਸਾਲਾਂ ਦੀ ਉਮਰੇ 1285 ਹਿਜਰੀ ਵਿੱਚ ਮੁਤਾਬਿਕ 1868 ਈਸਵੀ ਨੂੰ ਲਿੱਖੀ। ਉਸ ਕਿਤਾਬ ਦੇ ਕੁਲ ਸ਼ਿਅਰ 256 ਨੇਂ। ਉਹਨਾਂ ਪੰਜਾਬੀ ਸੰਾਇਰੀ ਦੀ ਤੀਜੀ ਕਿਤਾਬ "ਅਹਸਨ-ਅਲ-ਕੱਸੱਸ" 24 ਸਾਲਾਂ ਦੀ ਉਮਰੇ ਬਸ ਇੱਕ ਮਹੀਨੇ ਵਿੱਚ 1290 ਹਿਜਰੀ, ਮੁਤਾਬਿਕ 1873 ਈਸਵੀ ਅੰਦਰ ਲਿਖ ਮਾਰੀ। ਉਨਾਂ ਦੀ ਚੌਥੀ ਕਿਤਾਬ "ਮਸਲਾ-ਏ-ਤੌਹੀਦ" ਊਰਦੂ ਨਸਰ ਵਿੱਚ ਏ। ਇਹ ਕਿਤਾਬ ਉਹਨਾਂ 29 ਸਾਲਾਂ ਦੀ ਉਮਰੇ 1295 ਹਿਜਰੀ, ਮੁਤਾਬਿਕ 1878 ਇਸਵੀ ਨੂੰ ਮੁਕਮੱਲ ਕੀਤੀ। 31 ਸਾਲ ਦੀ ਉਮਰੇ ਉਹਨਾਂ "ਸੀ ਹਰਫੀ ਹੁਲੀਆਂ ਸ਼ਰੀਫ" ਹਜ਼ਰਤ ਮੁਹੱਮਦ(ਸੱਲ ਅੱਲਾ ਹੋ ਅਲੇਹੇ ਵਾ ਆਲੇ ਹੀ ਵੱਸਲਮ) 27 ਰਬੀਹ-ਉੱਲ-ਅੱਵਲ 1297 ਹਿਜਰੀ,ਮੁਤਾਬਿਕ 9 ਮਾਰਚ 1880,28 ਫ਼ਗਣ 1936 ਬਿਕਰਮੀ ਨੂੰ ਮੰਗਲਵਾਰ ਦੇ ਦਿਹਾੜੇ ਪਿਛਲੇ ਪੈਹਰ ਮੀਰਾਂ ਅਤੇ ਜਾਨੀ ਮੋਚੀ ਦੇ ਆਂਖਣ ਤੇ 31 ਸਾਲਾਂ ਦੀ ਉਮਰੇ ਲਿੱਖੀ। ਹਜ਼ਰਤ ਮੌਲਵੀ ਗੁਲਾਮ ਰਸੂਲ ਸ਼ਾਇਰੀ ਵਿੱਚ ਮਹਾ ਗਿਆਨੀ ਸਣ। ਉਹ ਅਪਣੇ ਯਾਰਾਂ ਬੇਲੀਆਂ ਨੂੰ ਚਿੱਠੀਆਂ ਵੀ ਪੰਜਾਬੀ ਸ਼ਿਇਰਾਂ ਵਿੱਚ ਹੀ ਲਿਖਦੇ ਸਣ। ਉਹਨਾਂ ਨੇਂ ਸਯੀਦ ਰੋਸ਼ਨ ਅਲੀ,ਹੀਰੇ ਸ਼ਾਹ ਅਤੇ ਸਾਹਬਜ਼ਾਦਾ ਗੁਲਾਮ ਯਾਸੀਨ ਨੂੰ ਕਈ ਚਿੱਠੀਆਂ ਪੰਜਾਬੀ ਸ਼ਇਰਾਂ ਵਿੱਚ ਲਿਖੀਆਂ। ਉਸ ਤੋਂ ਅੱਡ ਉਹਨਾਂ ਨੇਂ ਪੰਜਾਬੀ ਵਿੱਚ "ਸੀ ਹਰਫੀ ਸੱਸੀ ਪੁੰਨੂੰ"ਸੀ ਹਰਫੀ ਚੌਪਟ ਨਾਮਾ" ਅਤੇ "ਪੰਧ ਨਾਮਾ" "ਮਆਰਬ-ਉਲ-ਖਾਸ਼ਿਈਨ ਵੀ ਲਿਖੀਆਂ। ਉਸ ਤੋਂ ਅੱਡ,ਕਿੱਸਾ ਰੂਪਨ, ਗੁੱਜਰ ਨਾਮਾ" ਨਾਂ ਦੀਆਂ ਕਿਤਾਬਾਂ ਦੀ ਦੱਸ ਵੀ ਪੈਂਦੀ ਏ ਪਰ ਉਹਨਾਂ ਦੀ ਹਾਲੀ ਤੀਕਰ ਕੋਈ ਉੱਘ ਸੁੱਘ ਨਈਂ ਪੈਂਦੀ।

ਓਹ 43 ਸਾਲਾਂ ਦੀ ਨਿੱਕੀ ਜਿਹੀ ਉਮਰੇ ਏਨਾ ਕੁਝ ਪੰਜਾਬੀ ਸਾਹਿਤ ਦੀ ਝੋਲੀ ਪਾ ਕਿ 7 ਸ਼ਆਬਾਨ 1309 ਹਿਜਰੀ,ਮੁਤਾਬਿਕ 7 ਮਾਰਚ 1892, 24 ਫ਼ਗਨ ਨੂੰ ਸੋਮਵਾਰ ਦੇ ਦਿਹਾੜੇ ਸਵਰਗਬਾਸ਼ ਹੋ ਗਏ। ਆਲਮਪੁਰ ਦੇ ਕ਼ਬਰ ਗੁਸਤਾਨ ਵਿੱਚ ਉਹਨਾਂ ਦਾ ਮਿਜ਼ਾਰ ਹਰ ਕਿਸੇ ਨੂੰ ਪਿਆਰ ਸਨਹਿੋੜੇ ਦੇਂਦਾ ਏ। ਉਹ ਰੱਬ ਦੇ ਰੰਗ ਵਿੱਚ ਰੰਗੇ ਬੜੇ ਉੱਚੇ ਦਰਜੇ ਦੇ ਵਲੀ ਅੱਲਾਂ ਵੀ ਸਨ। ਉਹਨਾਂ ਦੀਆਂ ਕਈ ਕਰਾਮਤਾਂ ਅੱਜ ਵੀ ਲੋਕ ਬੋਲਾਂ ਦਾ ਹਿੱਸਾ ਬਣੀਆਂ ਹੋਈਆਂ ਹਨੇ। ਪੰਜਾਬੀ ਸਾਹਿਤ ਨੂੰ ਉਹਨਾਂ ਦੀ ਦੇਣ ਸਦਾ ਸੋਨੇ ਰੰਗੇ ਹਰਫਾਂ ਨਾਲ ਲਿੱਖੀ ਜਾਵੇ ਗੀ। ਜੀਊ ਜੀਊ ਪੰਜਾਬੀ ਬਾਰੇ ਪੰਜਾਬੀਆਂ ਦਾ ਹੇਜ ਸਿਰ ਚੁੱਕੇ ਗਾ ਤੀਊ ਤੀਊ ਹਜ਼ਰਤ ਮੌਲਵੀ ਗ਼ਲੁਮ ਰਸੂਲ ਹੋਰਾਂ ਦੀਆਂ ਫਿਕਰੀ ਪਰਤਾਂ ਖੁੱਲ੍ਹ ਕੇ ਲੋਕਾਈ ਦੇ ਸਾਮਨੇ ਔਣ ਗੀਆਂ। ਉਹਨਾ ਦੇ ਇਹ ਸ਼ਿਇਰ ਉਹਨਾਂ ਦੇ ਫਕੀਰੀ ਰੰਗ ਵਿੱਚ ਰੰੱਗੇ ਹੋਣ ਦਾ ਇੱਕ ਤਗੜਾ ਸਬੂਤ ਨੇਂ:

*ਇਸ਼ਕ ਕਰਮ ਦਾ ਕ਼ਤਰਾ ਅਜ਼ਲੀ ਤੈਂ ਮੈਂ ਦੇ ਵੱਸ ਨਾਈਂ*
*ਇਕਨਾਂ ਲੱਭਦਿਆਂ ਹੱਥ ਨ ਆਂਵੇ ਇਕਨਾਂ ਦੇ ਵਿੱਚ ਰਾਹੀਂ*
*ਇਕਨਾਂ ਖਪਦਿਆਂ ਉਮਰ ਗਵਾਈ ਪੱਲੇ ਪਿਆਂ ਨ ਕਾਈ*

*ਇਕਨਾਂ ਹੋਸ਼ ਜਦੋਕੀ ਆਂਈ ਇਹ ਨਇਮਤ ਘਰ ਪਾਈ*

ਖੋਜ ਪਰਖ

**ਸਾਹਿਬਜ਼ਾਦਾ ਮਸਊਦ ਐਹਮਦ**(ਮੋਢੀ ਤੇ ਪਰਧਾਨ)

ਮੌਲਵੀ ਗੁਲਾਮ ਰਸੂਲ ਆਲਮਪੁਰੀ ਰੀਸਰਚ ਊਰਗਨਾਈਜ਼ੇਸ਼ਨ(ਰੀਜਿਸਟਰਡ)

ਪੋਸਟ ਆਫਿਸ ਬੋਕਸ ਨ 612 ਜੀ ਪੀ ਓ ਫੈਸਲਆਬਾਦ,ਪਾਕਿਸਤਾਨ

ਮੋਬਾਇਲ ਸੈਲ ਨ 0092-345-7681542,313-7332322

website: www.alampuri-research.org

email:president_alampuri@yahoo.com

# ਇੱਕ ਦੋ ਗੱਲਾਂ ਮੇਰੇ ਵੱਲੋਂ

ਸਾਡੇ ਸੂਫੀ ਬਾਬੇ ਚਾਨਣ ਦੇ ਉਹ ਉਚ ਮੀਨਾਰੇ ਨੇਂ ਜਿਹਨਾਂ ਦੇ ਫਿਕਰ ਦੀ ਟੀਸੀ ਨੂੰ ਹੱਥ ਪਾਣਾ ਹਾਰੀ ਸਾਰੀ ਬੰਦੇ ਦੇ ਵੱਸ ਦੀ ਗੱਲ ਨਈਂ। ਉਹਨਾਂ ਦੀ ਫਿਕਰ ਉਡਾਰੀ ਦੀ ਚਾਲ ਵੇਖ ਕੇ ਬੰਦਾ ਕੱਨਾਂ ਨੂੰ ਹੱਥ ਲਾਣ ਲੱਗ ਪੈਂਦਾ ਏ। ਇਹਦਾ ਮੁੱਡਲਾ ਕਾਰਨ ਇਹ ਵੇ ਪਈ ਇਲਮ,ਗਿਆਨ ਅਤੇ ਅਰਫਾਨ ਦੀ ਜਿਹੜੀ ਪੌੜੀ ਚੜ੍ਹ ਕੇ ਇਹ ਬਾਬੇ ਰੱਬੀ ਮਅਰਫਤ ਦੀ ਬਾਤ ਪਾਂਦੇ ਨੇਂ,ਆਮ ਦੁਨੀਆਦਾਰ ਬੰਦੇ ਨੇ ਤਾਂ ਉਸ ਪੌੜੀ ਦਾ ਪੈਹਲਾ ਡੰਡਾ ਵੀ ਨਈਂ ਵੇਖਇਆ ਹੋਂਦਾ। ਇਹ ਹੀ ਕਾਰਨ ਏ ਜੋ ਇਹਨਾਂ ਸੂਫੀ ਬਾਬਿਆਂ ਦੇ ਕਲਾਮ ਜਾਂ ਰਚਨਾ ਬਾਰੇ ਪੜਚੋਲ ਕਰਦਿਆਂ ਹਰ ਖੋਜੀ ਉਹਨਾਂ ਨੂੰ ਅਪਣੀ ਅਕਲ ਫਿਕਰ ਦੇ ਗਜ਼ ਨਾਲ ਮੇਚ ਦਾ ਏ। ਪੈਹਲੀ ਅਤੇ ਜ਼ਰੂਰੀ ਗੱਲ ਤਾਂ ਇਹ ਵੇ ਪਈ ਉਹਨਾਂ ਬਾਬਇਆਂ ਜਦੋਂ ਲਿੱਖਇਆ ਅਤੇ ਜੋ ਕੁਝ ਲਿੱਖਇਆ,ਉਸ ਸਾਡੇ ਤਾਈਂ ਅਪੜਦਿਆਂ ਕਿਹੜੀ ਸ਼ਕਲ ਵਟਾ ਲਈ। ਬੌਹਤੀ ਵਾਰੀ ਇਹ ਵੀ ਹੋਇਆ ਪਈ ਬਾਬਿਆਂ ਦੀ ਸੁਣੀ ਸੁਨਾਈ ਬਾਣੀ ਨੂੰ ਮਗਰੋਂ ਲਿਖਤੀ ਰੂਪ ਵਿੱਚ ਉਤਾਰਇਆ ਗਿਆ ਅਤੇ ਇੰਜ ਸ਼ਬਦਾਂ ਦਾ ਅੱਗੇ ਪਿੱਛੇ ਹੋ ਜਾਣਾ ਕੋਈ ਉਪਰੀ ਗੱਲ ਨਈਂ। ਇਹ ਅਨਹੋਣੀ ਗੱਲ ਮੇਰੀ ਜਾਚੇ ਬਾਬੇ ਫਰੀਦ ਸ਼ੱਕਰ ਗੰਜ ਹੋਰਾਂ ਤੋਂ ਲੈ ਕੇ ਖਵਾਜਾ ਗੁਲਾਮ ਫਰੀਦ ਹੋਰਾਂ ਤਾਈਂ ਹਰ ਇੱਕ ਨਾਲ ਵੱਧ੍ਹ ਘੱਟ ਵਾਪਰ ਦੀ ਜ਼ਰੂਰ ਰਹੀ ਏ। ਇੱਕ ਹੋਰ ਗੱਲ ਇਹ ਵੇ ਪਈ ਇਹਨਾਂ ਬਾਬਇਆਂ ਦੀ ਜਿੱਨੀ ਰਚਨਾ ਸਾਡੇ ਤਾਈਂ ਅਪੜੀ ਏ,ਕੀਹ ਉਹਨਾਂ ਬੱਸ ਏਨਾ ਕੁਝ ਈ ਲਿਖਇਆ ਜਾਂ ਉਹਨਾਂ ਦਾ ਕੁਝ ਕਲਾਮ ਅਣਗੌਲਿਆ ਈ ਰੇਹ ਗਿਆ। ਇਹਨਾਂ ਬਾਬਇਆਂ ਦੀਆਂ ਬਾਣੀਆਂ ਨਾਲ ਇੱਕ ਹੱਥ ਇਹ ਵੀ ਹੋਇਆ ਪਈ ਲੈਹੰਦੇ ਪੰਜਾਬ ਅੰਦਰ ਪੰਜਾਬੀ ਲਈ ਉਰਦੂ ਵਾਲਾ (Non Phonetic Script) ਵਰਤਣ ਪਾਰੋਂ ਸ਼ਬਦਾਂ ਦੀ ਆਵਾਜ਼ ਦੀ ਸ਼ਕਲ ਈ ਵਿਗੜ ਗਈ। ਜੇ ਇਹਨੂੰ ਵੀ ਗੁਰਮੁੱਖੀ ਵਰਗੇ ਕਿਸੇ(Phonetic Script) ਦੀ ਸ਼ਕਲ ਰਾਹੀਂ ਲਿਖਣਾ ਛੋਹਿਆ ਗਿਆ ਹੋਂਦਾ ਤਾਂ ਖ਼ੌਰੇ ਇਹ ਹਾਲ ਨ ਹੋਂਦਾ। ਪੰਜਾਬੀ ਜ਼ੁਬਾਨ ਦੇ ਵਗਾੜ ਵਿੱਚ ਇੱਕ ਮਸਲਾ ਹੋਰ ਵੇਖਣ ਵਿੱਚ ਆਇਆ। ਉਹ ਇਹ ਜੋ ਮੁਸਲਮਾਨ ਬਾਬਇਆਂ ਅਪਣੀ ਬਾਣੀ ਵਿੱਚ ਅਰਬੀ ਅਤੇ ਫਾਰਸੀ ਸ਼ਬਦਾਂ ਦੀ ਰੱਜ ਵਰਤੋਂ ਕੀਤੀ। ਸਿੱਧੀ ਗੱਲ ਏ ਪਈ ਚੜ੍ਹਦੇ ਪੰਜਾਬ ਅੰਦਰ ਚੋਖੇ ਵਿੱਧਵਾਨਾਂ ਦਾ ਅਰਬੀ ਫਾਰਸੀ ਤੋਂ ਅਜਾਨੂੰ ਹੋਣ ਪਾਰੋਂ ਉਹਨਾਂ ਦਾ ਅਰਬੀ ਫਾਰਸੀ ਵਾਲੇ ਸ਼ਬਦਾਂ ਨੂੰ ਠੀਕ ਲੱਗਾਂ ਮਾਤਰਾਂ ਨਾਲ ਲਿਖਣਾ ਔਖਾ ਕੱਮ ਏਂ।

ਹੱਥਲੇ ਕਿਤਾਬਚੇ "ਚੋਣਵਾਂ ਪੰਜਾਬੀ ਕਲਾਮ ਹਜ਼ਰਤ ਮੌਲਵੀ ਗੁ਼ਲਾਮ ਰਸੂਲ ਆਲਮਪੂਰੀ" ਨੂੰ ਗੁਰਮੁੱਖੀ ਵਿੱਚ ਉਲੱਥਾ ਕਰਦਿਆਂ ਇਹ ਗੱਲ ਮੇਰੇ ਸਆਮਣੇ ਰਹੀ ਪਈ ਇਸ ਕਿਤਾਬਚੇ ਅੰਦਰ ਅਰਬੀ ਫਾਰਸੀ ਵਾਲੇ ਸ਼ਬਦਾ ਨੂੰ ਉਹਨਾਂ ਦੀ ਆਵਾਜ਼ ਦੇ ਮੁਤਾਬਿਕ ਲਿਖਣ ਦੀ ਵਾਹ ਲਾਈ ਜਾਵੇ ਤਾਂਜੋ ਪੜ੍ਹਣਹਾਰ ਨੂੰ ਸ਼ਬਦ ਦੇ ਉਚਾਰਨ ਵਿੱਚ ਔਕੜ ਨ ਆਵੇ। ਸ਼ਬਦ ਦਾ ਉਚਾਰਨ ਸੁੱਧ ਹੋਵੇ ਗਾ ਤਾਂ ਪੜ੍ਹਣਹਾਰ ਨੂੰ ਉਸ ਸ਼ਬਦ ਦੇ ਅਰਥਾਂ ਤਾਈਂ ਪੁਜੱਣ ਲਗਇਆਂ ਸੌਖ ਰਹਵੇ ਗੀ।

ਦੂਜੀ ਮੇਰੇ ਖਿਆਲ ਵਿੱਚ ਖ਼ਾਸ ਕਰਕੇ ਅਰਬੀ ਫਾਰਸੀ ਵਾਲੇ ਸ਼ਬਦਾਂ ਦੇ ਅਰਥ ਕਿਤਾਬਚੇ ਦੇ ਅੰਤ ਵਿੱਚ ਦੇ ਦੇਣ ਨਾਲ ਪੜਣਹਾਰ ਨੂੰ ਉਹਨਾਂ ਨੂੰ ਸਮਝਣ ਵਿੱਚ ਸੌਖ ਹੋ ਸਕਦਾ ਏ। ਇਸ ਲਈ ਇਹ ਕੱਮ ਮੈਂ ਕਰ ਦਿੱਤਾ ਏ। ਜਿੱਥੋਂ ਤਾਈਂ ਗੁਰਮੁੱਖੀ ਨੂੰ ਠੀਕ ਠੀਕ ਲਿਖਣ ਦਾ ਸਵਾਲ ਏ ਮੇਰੀ ਜਾਚੇ ਇਸ ਨੂੰ ਸੌ ਪ੍ਰਤੀ ਲਿੱਖ ਸਕਣਾਂ ਮੇਰੇ ਵੱਸ ਵਿੱਚ ਨਈਂ ਸੀ। ਉਹ ਇਸ ਲਈ ਪਈ ਮੈਂ ਗੁਰਮੁੱਖੀ ਕਿਸੇ ਸਕੂਲ ਕਾਲਿਜ ਚੋਂ ਨਈਂ ਸਿੱਖੀ ਸਗੋਂ ਅਪਣੀ ਮੈਹਨਤ ਨਾਲ ਉੱਲ ਟੂਲ ਮਾਰਨੇ ਸਿੱਖੇ ਨੇਂ। ਹਜ਼ਰਤ ਮੌਲਵੀ ਗੁ਼ਲਾਮ ਰਸੂਲ ਆਲਮਪੂਰੀ ਵਰਗੇ ਮਹਾਨ ਸੂਫੀ ਸ਼ਾਇਰ ਅਤੇ ਵਲੀ ਅੱਲਾ ਦੀ ਕਿਤਾਬ ਨੂੰ ਗੁਰਮੁੱਖੀ ਵਿਚ ਉਲੱਥਾ ਕਰਨਾ ਮੇਰੇ ਲਈ ਬੜੀ ਆਦਰ ਜੋਗ ਗੱਲ ਏ। ਅਤੇ ਇਹ ਸਵਾਬ ਮੈਨੂੰ ਸਾਹਿਬਜ਼ਾਦਾ ਮਸਊਦ ਐਹਮਦ ਹੋਰਾਂ ਪਾਰੋਂ ਮਿਲਇਆ ਏ। ਇਸ ਲਈ ਮੈਂ ਉਹਨਾਂ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ।

ਇਹਸਾਨ ਬਾਜਵਾ
(ਪਰਧਾਨ ਮਜਲਸਿ ਹਾਸ਼ਮ ਸ਼ਾਹ ਨਾਰੋਵਾਲ)
ਗਖੜਵਾਲੀ,ਪੋਸਟ ਆਫਿਸ ਕਿਲਆ ਸੂਬਾ ਸਿੰਘ(ਕਾਲਰ ਵਾਲਾ)ਤੈਹਸੀਲ ਪਸਰੂਰ,ਜ਼ਿਲਆ ਸਿਆਲਕੋਟ, ਪੰਜਾਬ, ਪਾਕਿਸਤਾਨ
0092-345-6362362,0092-52-6632134
email: jatbajwa2000@yahoo.com

# ਰੱਬ ਸੋਹਣੇ ਦਾ ਜੱਸ

ਇਸ਼ਕ ਭਿੱਨਾ ਇਖ਼ਲਾਸ ਨਹਲਾਇਆ ਰੰਗਿਆ ਰੰਗ ਸ਼ਹੂਦੀ
ਸਿਦਕ ਸਫਾ ਦੀ ਆਬ ਹਵਾਈਂ ਪਲਿਆ ਵਿੱਚ ਖ਼ੁਸ਼ਨੂਦੀ
ਬਰਗੋ ਬਰਗ ਇਰਾਦਤ ਅਜ਼ਲੀ ਨੂਰ ਰਚਾਇਆ ਹੋਇਆ
ਮਹਿਵੀਅਤ ਦੇ ਖ਼ੂਮਰ ਤਹੂਰੋਂ ਨਸ਼ਾ ਚੜ੍ਹਾਇਆ ਹੋਇਆ
ਅਜ਼ਲ ਅਜ਼ਾਲੀ ਅਬਦ ਆਬਾਦੀ ਹਮਦ ਦਵਾਮ ਦਵਾਮੀ
ਵਿੱਚ ਦਰਬਾਰ ਵਜੂਬ ਗ਼ਨਾ ਦੇ ਇਹ ਸਰ ਸਬਜ਼ ਮਦਾਮੀ
ਹਮਦ ਚਰਾਗ ਦਿਲਾਂ ਤਾਰੀਕਾਂ ਮਸ਼ਇਲ ਸ਼ਬ ਮਹਜੂਰਾਂ
ਹਰ ਹਰ ਜ਼ੱਰਾ ਜਿਸ ਥੀਂ ਚਮਕਿਆ ਵਿੱਚ ਇਕਰਾਰ ਕਸੂਰਾਂ
ਇਜਜ਼ ਕਮਾਲ ਖ਼ੁਦਾ ਦੇ ਹਮਦੋਂ ਹਰ ਜ਼ੱਰਾ ਇਕਰਾਰੀ
ਦਮ ਦਮ ਲੱਖ ਲੱਖ ਲੂ ਲੂੰ ਹਮਦੋਂ ਥਏ ਨ ਸੂਕਰ ਗੁਜ਼ਾਰੀ
ਨੂਰ ਵਰਹੇ ਜੈਂ ਇਸ਼ਕੋਂ ਸੀਨੇ ਹਾਲ ਕਹਾਂ ਕੀਹ ਗੁਜ਼ਰੇ
ਗੁਜ਼ਰ ਇਮਕਾਨੋਂ ਵਗਨ ਅਸ਼ਾਰੇ ਮਾਜੂਰੋਂ ਵਿੱਚ ਉਜ਼ਰੇ
ਖੋਲ ਅੱਖੀਂ ਤੋਹ ਹਾਲ ਕਿਆ ਈ ਦੇਖ ਜ਼ਰਾ ਕਿੱਥ ਆਇਉਂ
ਕਿੱਸ ਘੱਲ੍ਹੇਉ ਕਿੱਤ ਕਾਰੇ ਚੱਲੇਉਂ ਤੇ ਕੀਹ ਪਾਸ ਲਿਆਇਉਂ
ਨਾਸੇਂ ਸ਼ੈ ਮਜ਼ਕੂਰ ਕਦਾਈਂ ਅੰਦਰ ਵਕਤ ਵਿਹਾਏ
ਫੈਜ਼ ਵਜੂਦ ਅਦਮ ਤੇ ਚਮਕਿਆ ਖੋਲ੍ਹੇ ਰਾਜ਼ ਛੁਪਾਏ
ਬਾਰ ਅਮਾਨਤ ਚਾ ਨ ਸੱਕੇ ਜ਼ਿਮੀਂ ਫਲਕ ਬੇਚਾਰੇ
ਇਨਸ ਜ਼ਲੂਮ ਜਹੂਲ ਉਠਾਇਆ ਹੁਣ ਕਿਉਂ ਐਹਦੋਂ ਹਾਰੇ
ਖ਼ਲਕ ਅਮਰ ਦੀਆਂ ਸ਼ਾਨਾਂ ਦੇ ਵਿੱਚ ਤੈਨੂੰ ਮਿਲੀ ਅਮੀਰੀ
ਜਾਨ ਨ ਜਾਨ ਆਫਾਕ਼ ਤੇ ਅਨਫਸ ਤੈਂ ਵਿੱਚ ਹੈ ਤਕਦੀਰੀ
ਸੱਭ ਕੁਝ ਮਾਲਿਕ ਦਿੱਤਾ ਤੇਨੂੰ ਤੇ ਤੂੰ ਸੱਭ ਕੁਝ ਪਾਇਆ
ਜੋ ਤੂੰ ਅਪਨਾ ਆਪ ਤੇ ਪਾਇਆ ਦੇਖ ਕਿੱਥੋਂ ਹੱਥ ਆਇਆ
ਜਿਹਨਾਂ ਸ਼ਈਂ ਦਾ ਖ਼ਾਂਹਾਂ ਹੋਇਉਂ ਸੱਭ ਤਿਰੇ ਵਿੱਚ ਆਈਆਂ
ਫਕਰ ਗ਼ਨਾ ਤਿਰੇ ਵਿੱਚ ਵਸਦਾ ਵਿੱਚੇ ਨੂਰ ਸਫਾਈਆਂ
ਐ ਗ਼ੱਦਾਰ ਨ ਹਾਰ ਕ਼ਰਾਰੋਂ ਅੰਤ ਪਿੱਛੋਂ ਹੱਥ ਮਲਣਾ
ਕਿਤ ਵੱਲ ਚੱਲੇਉਂ ਕਿਧੱਰ ਚਲਨਾ ਕਿੱਸ ਸੰਗਤ ਵਿੱਚ ਰਲਨਾ
ਹੁਨ ਕਿਸ ਛੋੜ ਕਿਦੇ ਗ਼ਮ ਰੁਝੋਂ ਵਾਟ ਲੱਮੀਂ ਤੂੰ ਵਾਹੀ
ਮਹੀਟ ਅੱਖੀਂ ਕਿੱਤ ਹੱਥ ਵਗਾਇਉ ਚਾ ਮੂੰ ਮਲੀ ਸਿਆਹੀ
ਤੂੰ ਪੁਰ ਸ਼ਾਨ ਦਲਾਵਰ ਜ਼ੈਗਮ ਹੋਇਉਂ ਆਪ ਨਤਾਣਾਂ
ਖ਼ੁਦ ਨੂੰ ਜਾਨ ਸ਼ਗ਼ਾਲ ਕਮੀਨਾ ਬੈਠੋਂ ਛੋੜ ਟਿਕਾਨਾ
ਜ਼ਾਲਿਮ ਜਾਹਿਲ ਜੇ ਨਾ ਹੁੰਦੋਂ ਨ ਪੌਂਦੋਂ ਵਿਚੱਕਾਰੇ
ਇਹ ਹੈ ਮਦਆ ਮੁਜ਼ੱਮਤ ਨਾਹੀਂ ਇਸ ਵਿੱਚ ਨਾਜ ਇਸ਼ਾਰੇ
ਲਾਜ਼ਮ ਜੈਹਲ ਫਨਾ ਨੂੰ ਆਇਆ ਜਾਂ ਇਹ ਪਾਵੇਂ ਨਾਹੀਂ
ਸਭ ਪਰਵਾਜ਼ ਤੇਰਾ ਵਿੱਚ ਤਿਰ ਖ਼ੂਦੀਉਂ ਜਾਵੇਂ ਨਾਹੀਂ
ਜੇ ਤੂ ਖ਼ਤਾ ਨਜ਼ਰ ਵਿੱਚ ਦਿਸੇ ਜ਼ੁਅਫ ਤੇਰੀ ਬੀਨਾਈ
ਆਪ ਕੁਰਾਅਹ ਪਵੇ ਨਾਬੀਨਾ ਰਾਹੇ ਐਬ ਨ ਕਾਈ

ਲਿੱਖ ਫੈਹਰਿਸਤ ਸਹੀਫੇਉਂ ਸਾਰੀ ਤਿਰੇ ਪਾਸ ਪੁਚਾਈ
ਖੋਲ੍ਹ ਨਜ਼ਰ ਪੜ੍ਹ ਜਿਸ ਤੇ ਕਾਤਿਬ ਸਨਅਤ ਕਲਮ ਵਗਾਈ
ਤੂੰ ਸ਼ੀਸ਼ੇ ਵਿੱਚ ਦਰਯਾ ਵੱਗੇਂ ਜੌਹਰ ਹੈਂ ਉਹ ਕਾਰੀ
ਜੈਂ ਵਿੱਚ ਕੁੱਲ ਮਤਲੂਬ ਜਗਤ ਦੀਆਂ ਨੂਰੀ ਲੈਹਰਾਂ ਜਾਰੀ
ਜਿਹਨਾਂ ਮਜ਼ਾਕ ਸਲਿਮ ਪਛਾਨਣ ਖ਼ੁਦ ਸ਼ਰੀਨੀ ਕੰਦੋਂ
ਸਫਰਾਈਆਂ ਹਰ ਤਲਖ਼ੀ ਜਾਪੇ ਹੋਣ ਖ਼ਲਾਸ ਨ ਬੰਦੋਂ
ਸ਼ੀਸ਼ਾ ਸਾਫ ਸਿਆਹੀ ਮਲੀਉ ਰਾਜ਼ ਨ ਚਮਕੇ ਕਾਈ
ਛੋੜ ਨੱਕ਼ਾਸ਼ ਹਜ਼ਾਰਾਂ ਨਕ਼ਸ਼ੋਂ ਇੱਕ ਸੂਰਤ ਗਲ ਲਾਈ
ਲੱਭ ਉਹਾ ਜੈਂ ਕੁਝ ਨ ਸੂਰਤ ਨੁਕਸੋਂ ਨਾਮ ਨ ਐਬੋਂ
ਮਹੀਟ ਅੱਖੀਂ ਦਿਲ ਖੋਲ੍ਹ ਦੋ ਸਾਇਤ ਰਾਜ਼ ਖੁੱਲ੍ਹੇ ਕੁਝ ਗ਼ੈਬੋਂ
ਅਸਰ ਹਲੂਲ ਇਤਹਾਦ ਨ ਸਮਝੀਂ ਤੇ ਨ ਕੈਫ ਬਿਆਨੋਂ
ਜੇ ਪਾਵੇਂ ਹੱਕ ਪਾਵੇਂ ਜਿਉਂਕਰ ਹੈ ਮਨਸੂਸ ਕ਼ੁਰਆਨੋਂ
ਤੈਂ ਵਿੱਚ ਅਨਵਰ ਗੌਹਰ ਆਲੀ ਨ ਕਰ ਗਰਦ ਆਲੂਦਾ
ਚਾਹ ਤਰੱਕੀ ਛੋੜ ਰਜ਼ਾਲਤ ਮਰੇਂ ਨਈਂ ਬੇਹੂਦਾ
ਹਰ ਦਮ ਵਕਤ ਵਿਹਾਂਦਾ ਜਾਂਦਾ ਇਹ ਮੁੜ ਹੱਥ ਨ ਆਵੇ
ਕ਼ੌਲ ਪੱਕਾ ਕੁਝ ਕਰ ਲੈ ਇਸ਼ਕੋਂ ਜੋ ਤੈਂ ਨਾਲ ਸਧਾਵੇ
ਬਾਝੋਂ ਹਾਲ ਨਾ ਕ਼ਾਲ ਮੁਨਾਫਆ ਕ਼ਾਲੀ ਦਾ ਹੱਥ ਖ਼ਾਲੀ
ਹੋ ਖ਼ਾਲੀ ਸਦਵਾਵੇ ਆਲੀ ਇਹ ਹੈ ਤਬਆ ਰਜ਼ਾਲੀ
ਤੋ ਇਹਸਾਨ ਕਰੇ ਕੋਈ ਜ਼ੱਰਾ ਦਿਲੋਂ ਝੁਕੇਂ ਸੌ ਵਾਰੀ
ਕੁੱਲ ਇਹਸਾਨ ਤਿਰੇ ਸਿਰ ਜਿਸਦਾ ਛੋੜ ਨਈ ਤਿਸ ਯਾਰੀ
ਲਾ ਯਾਰੀ ਪਰ ਪੂਰੀ ਸਾਰੀ ਜਿਉ ਹੋਇਉਂ ਇਕਰਾਰੀ
ਜੇ ਇਕਰਾਰੋਂ ਹੈਂ ਇਨਕਾਰੀ ਇਹ ਹੈ ਅਣਤ ਖ਼ਵਾਰੀ
ਦਾਗ਼ ਲਗਾ ਮਤ ਜਾਈਂ ਐਥੇ ਮਰਦਾ ਮਰਦ ਸਦਾਇੱਂ
ਇਸ਼ਰਤ ਦੀਦ ਰਹੇ ਪਛਤਾਵਾ ਮਤ ਹਸਰਤ ਲੈ ਜਾਇੱਂ
ਕਰੀਂ ਮਦਦ ਐ ਵਾਲੀ ਮੇਰੇ ਦਖ਼ਲ ਮਿਲੇ ਦਰਬਾਰੇ
ਬਖ਼ਸ਼ੀਂ ਥਾਂ ਨਥਾਵੇਆਂ ਤਾਈਂ ਫਜ਼ਲ ਤਿਰ ਨੇਂ ਭਾਰੇ
ਤੈਂ ਹੋਂਦੇ ਮੈਂ ਕਿਤ ਵੱਲ ਜਾਵਾਂ ਨਾਹੀਂ ਹੋਰ ਟਿਕਾਨਾ
ਜੇ ਤਕਸੀਰੋਂ ਮੈਂ ਪੁਰ ਦਾਮਨ ਗ਼ਾਲਿਬ ਫਜ਼ਲ ਰੁਬਾਨਾ
ਇਹ ਗਰਦਾਬ ਅੰਧੇਰ ਗ਼ਮਾਂ ਦਾ ਦੁਨੀਆ ਨਾਮ ਸਦਾਵੇ
ਪੂਰ ਭਰੇ ਵਿੱਚ ਬੇੜੇ ਗ਼ਰਕ਼ਨ ਜੇ ਨ ਬੱਨੇ ਲਾਵੇ
ਯਾ ਰੱਬ ਮੇਰੀ ਸਰਗਰਦਾਨੀ ਮੇਰੇਉਂ ਗਈ ਸ਼ਮਾਰੋਂ
ਇੱਕ ਰਿਹਮਤ ਦਾ ਦਾਰੂ ਤੇਰਾ ਰੋਗ ਕਟੇ ਬਿਮਾਰੋਂ
ਮੇਰੇ ਕਾਰ ਹਵਾਲੇ ਤਿਰੇ ਯਾ ਸੱਤਾਰ ਗ਼ੱਫਾਰਾ
ਅਦਲ ਕਰੇਂ ਮੈਂ ਪਕੜਿਆ ਜਾਵਾਂ ਫਜ਼ਲ ਕਰੈ ਛੁਟਕਾਰਾ
ਮੈਂ ਬੰਦਾ ਤੂੰ ਸਾਹਿਬ ਮੇਰਾ ਅੰਤ ਤੈਂ ਵੱਡਿਆਈਉਂ
ਰਿਹਮਤ ਤੇਰੀ ਬੌਹਤ ਜ਼ਿਆਦਾ ਬੰਦੇ ਦੀ ਬਰੁਯਾਈਉਂ
ਸਿਫਤ ਤੇਰੀ ਕੀਹ ਕਦਰ ਬੰਦੇ ਦਾ ਤੂੰ ਸਿਫਤਾਂ ਦਾ ਵਾਲੀ
ਆਂਖ਼ਿਰ ਚਾਰਾ ਇਜਜ਼ ਬੰਦੇ ਨੂੰ ਤੇਰੀਆਂ ਸਿਫਤਾਂ ਆਲੀ

ਅਕਲਾਂ ਦੀ ਇੱਥ ਪੇਸ਼ ਨਾ ਜਾਵੇ ਜੇ ਲਾਵਨ ਲੱਖ ਵਾਹਾਂ
ਇੱਥ ਆਕਿਲ ਬੇ ਅਕਲ ਤਮਾਮੀ ਰਹਿਣ ਸੱਭੇ ਵਿੱਚ ਰਾਹਵਾਂ
ਆਦਤ ਅਕਲ ਦੂਰਾਡੀ ਵਗਨਾ ਤੇ ਤੂੰ ਨੇੜੇਉਂ ਨੇੜੇ
ਖ਼ੁਦ ਥੀਂ ਨੇੜੇ ਅਕਲ ਨ ਪਾਵੇ ਤੇ ਨ ਰਾਜ਼ ਨਬੇੜੇ
ਅਕਲ ਖਿਅਲੋਂ ਵਿਹਮ ਗੁਮਾਨੋਂ ਤਰਿਆਂ ਸਿਫਤਾਂ ਆਲੀ
ਖ਼ਾਲਿਕ ਮਾਲਿਕ ਜਾਨ ਜਹਾਨ ਦਾ ਤੂੰ ਆਲਿਮ ਦਾ ਵਾਲੀ
ਤੌਬਾ ਦੀ ਤੌਫੀਕ ਅਸਾਨੂੰ ਦੇਵੇਂ ਪਾਕ ਲਿਆਹਾ
ਦਰ ਅਪਣੇ ਦਾ ਰੱਖ ਸਵਾਲੀ ਹਰ ਦਮ ਸ਼ੈਹਨਸ਼ਾਹਾ
ਕਦਮ ਨਬੀ ਦੇ ਪਿੱਛੇ ਸਾਨੂੰ ਯਾ ਰੱਬ  ਰਾਹ ਚਲਾਈਂ
ਅੰਦਰ ਕੌਮ ਨਬੀਆਂ ਕੀਤਾ ਤੂੰ ਸਰਵਰ ਜਿਸ ਤਾਈਂ

## ਨਬੀ ਮੁਹੱਮਦ ਰਹਿਮਤ ਉਲ ਆਲਿਮੀਨ ਹੋਰਾਂ ਦਾ ਜੱਸ

ਜੌਹਰ ਅਰਜ਼ ਵਜੂਦ ਖ਼ਲਾਇਕ ਅਸਲ ਅਸੂਲ ਕਮਾਲੀ
ਉੱਮਤ ਖ਼ੈਰ ਉਮਮ ਦਾ ਵਾਲੀ ਨਾਮ ਮੁਹੱਮਦ ਆਲੀ
ਨਬੀ ਸਫੀ ਦਾ ਸੱਯੀਦ ਸਰਵਰ ਤੇ ਕੌਸਰ ਦਾ ਸਾਕੀ
ਜੈਂ ਹੱਕ ਖ਼ਾਸ ਸ਼ਫਾਇਤ ਕੁਬਰਆ ਖ਼ਤਮ  ਰੁਸਲ ਇਤਫਾਕ਼ੀ
ਖ਼ੈਰ ਉਲਨਾਸ ਅਰਬ ਦਾ ਅਫਸਾ ਖ਼ਾਸ ਲਬੇ ਤਰਯਾਕੀ
ਮੁੰਹਰ ਨੱਬੂਅਤ ਨਾਲ ਮੁੱਨਕਸ਼ ਅਜ਼ਮਤ ਵਸਫ ਇਖ਼ਲਾਕੀ
ਜਮਆ ਕਿਲਮ ਵਿੱਚ ਹਰਫ ਜ਼ੁਬਾਨੀ ਸ਼ਾਹ ਸਵਾਰ ਬੁਰਾਕੀ
ਸਾਕਿਬ ਨਜੱਮ ਕਮਰ ਤੇ ਸ਼ਮਸੋਂ ਅਨਵਰ ਗੌਹਰ ਖ਼ਾਕੀ
ਜੈਂ ਤੇ ਪਾਕ ਕਦਮ ਦੀ ਬਰਕਤ ਫਖ਼ਰ ਕਰੇ ਵਿੱਚ ਪਾਕੀ
ਤੇ ਉਹ ਉਮੱਤ ਮਜ਼ਨਬ ਕਾਰਨ ਮਜਲੀ ਰੈਹਮ ਗ਼ਫੂਰੀ
ਤੇ ਮਰਹੂਮਾ ਉਮੱਤ ਉਸਦੀ ਗ਼ੈਰ ਮੁਹੱਜਲ ਨੂਰੀ
ਰਹਿਮਤ ਆਲਮ ਸਾਇਆ ਆਲੀ ਕਾਮਤ ਸਾਇਉਂ ਖ਼ਾਲੀ
ਖ਼ੁਸਬੂ ਅਰਕ ਬੱਦਲ ਸਿਰ ਸਾਇਆ ਪਾਕ ਲੁਆਬ ਜ਼ੁਲਾਲੀ
ਸੀਨਾ ਪਾਕ ਮੁੱਨਵਰ ਨਸ਼ਰਆ ਨੂਰ ਅੱਖੀਂ ਮਾਜ਼ਾਗੋਂ
ਅਨਵਰ ਅੱਖੀਂ ਮੁਹਰ ਨਬੂਅਤ ਰੋਸ਼ਨ ਨੂਰ ਚਰਾਗੋਂ
ਰਹਿਮਤ ਨੂਰ ਜਹਾਨ ਖਲਾਰੇ ਮਰਜ਼ਾਂ ਦਿਲਾਂ ਗਵਾਈਆਂ
ਡੁੱਬਦਿਆਂ ਜਾਂਦਿਆਂ ਕੱਢ ਕਰਮ ਥੀਂ ਬੇੜੀਆਂ ਬੱਨੇ ਲਾਈਆਂ
ਗੁਮ ਗਿਆਂ ਨੂੰ ਰਾਹ ਦਿਖਾਏ ਰੋਗ ਕੱਟੇ ਬੇਮਾਰਾਂ
ਤਾਰੀਕੀ ਵਿੱਚ ਚਲਦਿਆਂ ਤਾਈਂ ਮਿਲੀਆਂ ਸ਼ਮਆ ਹਜ਼ਾਰਾਂ
ਮਨਜ਼ਿਲ ਮਕਸਿਦ ਛੋੜ ਵਗਿੰਦੀਆਂ ਵਿੱਚ ਸੁਬਹੇ ਨਾਦਾਨੀ
ਰੋਸ਼ਨ ਰਾਹ ਸਫਾ ਦਾ ਪਾਇਆ ਪਾਇ ਦਿਲ ਨੂਰਾਨੀ
ਵਾਗਾਂ ਵੱਲ ਮਕਸੂਦ ਚਲਾਈਆਂ ਮੋੜ ਕੁਰਾਹੋਂ ਉਵੇਂ
ਵਾਹ ਸਈਯਦ ਸਕਲੈਨ ਮੁਹੱਮਦ ਤਰ ਗਏ ਆਲਿਮ ਦੋਵੇਂ
ਸਭ ਜਹਾਨ ਇੱਕੋ ਦੀ ਬਰਕਤ ਨੂਰੋ ਨੂਰ ਦਮਕਿਆ
ਫ਼ੈਜ਼ ਮੰਦਾਂ ਦਾ ਦਿਲ ਆਈਨਾ ਫਰਸ਼ੋਂ ਅਰਸ਼ ਚਮਕਿਆ

ਪਾਵਨਹਾਰਾਂ ਸਭ ਕੁਝ ਪਾਇਆ ਮੁਨਕਰ ਗਏ ਅਜ਼ਾਈਂ
ਅਹਿਮਦ ਬਾਝ ਨ ਹੁੰਦੇ ਪੈਦਾ ਜਨਤ ਨਾਰ ਕਦਾਈਂ
ਬੌਹਤ ਸਲਾਤ ਸਲਾਮ ਨਬੀ ਤੇ ਆਲ ਸਣੇ ਅਸਹਾਬਾਂ
ਖ਼ਾਸ ਖ਼ਵਾਸ ਏਜ਼ੀਜ਼ਾਂ ਚਾਰਾਂ ਯਾਰ ਕੱਬਾਰ ਅਹਿਬਾਬਾਂ
ਰਿਜ਼ਵਾਨ ਅੱਲਾ ਹੱਕ ਤਮਾਮਾਂ ਆਖਾਂ ਲੱਖ ਲੱਖ ਵਾਰੀ
ਰਫ਼ਜ਼ ਖ਼ਵਾਰਜ ਦੂੰਹੀਂ ਜਹਾਨੀਂ ਲੈਣ ਫ਼ਜ਼ੀਹਤ ਭਾਰੀ
ਹੁੱਬ ਨਬੀ ਦੀ ਆਲ ਅਸਹਾਬਾਂ ਹੈ ਤਾਸੀਰ ਈਮਾਨੋਂ
ਮੁਨਕਰ ਮੁੱਲ ਗਿਆ ਲੈ ਦੋਜ਼ਖ਼ ਜਾਂਦੀ ਵਾਰ ਜਹਾਨੋਂ
ਯਾ ਰੱਬ ਨਾਲ ਤੁਫੈਲ ਉਹਨਾਂਦੀ ਬਖ਼ਸ਼ ਅਸਾਂ ਬੁਰਯਾਈਆਂ
ਅਫੂ ਕਰਮ ਦਿਆਂ ਵਿੱਚ ਦਰਯਾਵਾਂ ਸਾਡੀਆਂ ਰੋਹੜ ਕਮਾਈਆਂ
ਨੂਰ ਹਦਾਇਤ ਕਰੀਂ ਇਨਾਇਤ ਖ਼ੌਫ ਰਜਾ ਵਿੱਚ ਰੱਖੀਂ
ਇਸ਼ਕੋਂ ਕਰੀਂ ਮੁਨੱਵਰ ਸੀਨਾ ਰੋਸ਼ਨ ਦਿਲ ਦੀਆਂ ਅੱਖੀਂ

## ਇਸ਼ਕ ਦੀ ਉਚਿਆਈ ਦਾ ਬਿਆਨ

ਸਾਕੀ ਆਬ ਤ਼ਹੂਰ ਤ਼ਲਬ ਦਾ ਜਾਮ ਮਜ਼ੇ ਭਰ ਪਾਈਂ
ਦਰਿਯਾ ਜ਼ੌਕ ਮੁਹਬੱਤ ਵਾਲਾ ਘੁੱਟ ਦਿਲਾ ਪੀ ਜਾਈਂ
ਮਸਤੀ ਚਸ਼ਮ ਪਿਆਰੇ ਵਾਲੀ ਜਾਨ ਜਿਗਰ ਖਾ ਜਾਇ
ਦਰਦਮੰਦਾਂ ਦੇ ਸੁਣ ਸੁਣ ਹਾਲੇ ਹੋਵਣ ਦਰਦ ਸਵਾਇ
ਗ਼ਮ ਬਿਰਹੋਂ ਦੇ ਖ਼ੂਨੀ ਅਸ਼ਕੋਂ ਨੈਣ ਰੈਹਣ ਗੁਲਨਾਰੀ
ਜਾਨ ਕਬਾਬ ਨਮਕ ਪੁਰ ਸ਼ੌਕੋਂ ਦਿਲ ਨੂੰ ਰਹੇ ਖ਼ੁਮਾਰੀ
ਦਿਲ ਬੇ ਇਸ਼ਕ ਨਈਂ ਦਿਲ ਮੂਲੇ ਬੇ ਖ਼ਬਰਾ ਵਿੱਚ ਖ਼ਾਬੇ
ਤਨ ਬੇਦਰਦ ਦਿਲਾਂ ਦਾ ਮਿੱਟੀ ਗੁਣਾਂ ਰਲਾਇ ਆਬੇ
ਇਸ਼ਕ ਬਿਨਾਂ ਤਨ ਦੁਸ਼ਮਣ ਦਿਲ ਦਾ ਤੇ ਦਿਲ ਦੁਸ਼ਮਣ ਤਨ ਦਾ
ਵੈਰੀ ਨਾਲ ਪਿਆਂ ਵੱਸ ਵੈਰੀ ਵਾਸਾ ਖ਼ਾਰ ਚਮਨ ਦਾ
ਮਜ਼ਾ ਨਈ ਬਿਨ ਇਸ਼ਕੋਂ ਦਿਲ ਨੂੰ ਨੂਰ ਨਈਂ ਰੁਸ਼ਨਾਈ
ਗ਼ਮ ਬਿਰਹੋਂ ਦੀ ਲਜ਼ੱਤ ਬਾਝੋਂ ਦਿਲ ਨੂੰ ਜ਼ੌਕ ਨਾ ਕਾਈ
ਬੇਖ਼ਬਰਾਂ ਨੂੰ ਖ਼ਬਰ ਨ ਇਸ਼ਕੋਂ ਕਰਦੇ ਕੂੜ ਦੁਹਾਈਆਂ
ਦਰਦਮੰਦਾਂ ਨੂੰ ਬੇਦਰਦਾਂ ਦੇ ਦਰਦ ਮਿਸਾਲ ਦਵਾਈਆਂ
ਬੇਦਰਦਾਂ ਦਿਆਂ ਇਸ਼ਰਤ ਖ਼ੁਸ਼ੀਆਂ ਲਜ਼ੱਤ ਨਾਜ਼ ਅਦਾਈਆਂ
ਦਰਦਮੰਦਾਂ ਦੇ ਦਿਲੀਂ ਕਦਾਈਂ ਵਿੱਚ ਸ਼ੁਮਾਰ ਨ ਆਈਆਂ
ਝੱਲ੍ਹ ਅੱਵਲੇ ਰਾਹ ਚਲੇਂਦਿਆਂ ਇਸ਼ਕੋਂ ਜ਼ਰਬਾਂ ਕਾਰੀ
ਹੋ ਤਾਲਿਬ ਲਾਹ ਦੇਖ ਨਿਕਾਬੋਂ ਉਸਦੀ ਰਮਜ਼ ਪਿਆਰੀ
ਇਸ਼ਕ ਹਨੇਰੀ ਜਾਂ ਸਿਰ ਝੁੱਲ੍ਹੇ ਖ਼ਾਵਣ ਜਿਗਰ ਹੁਲਾਰੇ
ਖ਼ੂਦੀ ਤਕੱਬਰ ਮਾਨ ਗ਼ਰੂਰਤ ਜਾਨ ਪਲਕ ਵਿੱਚ ਮਾਰੇ
ਇਸ਼ਕ ਕਰਮ ਦਾ ਕਤਰਾ ਅਜ਼ਲੀ ਤੈਂ ਮੈਂ ਦੇ ਵੱਸ ਨਾਹੀਂ
ਇਕਨਾਂ ਲਭੱਦਿਆਂ ਹੱਥ ਨ ਆਵੇ ਇਕਨਾਂ ਦੇ ਵਿੱਚ ਰਾਹੀਂ
ਕਰੈਂ ਤਲਬ ਜੇ ਸਾਦਕ ਸਿਦਕੋਂ ਤਾਂ ਬੀ ਰਹੇ ਨ ਹਾਵਾ

ਯਾਰੀਆਂ ਵਿੱਚ ਦਸ਼ਵਾਰੀਆਂ ਝਲ੍ਹਦਿਆਂ ਰਹੇ ਨ ਦਿਲ ਪੱਛਤਾਵਾ
ਇਸ ਗਰਦਾਬ ਨ ਹਾਤ ਕਦਾਈਂ ਗੁੰਮ ਗਿਆਂ ਵਿੱਚ ਜ਼ਾਤਾਂ
ਬਾਅਦ ਦੁੱਖਾਂ ਸੁਖ ਮਿਲਦੇ ਆਇ ਦਿਣ ਰੋਸ਼ਨ ਵਿੱਚ ਰਾਤਾਂ
ਆਤਸ਼ ਇਸ਼ਕ ਦੁੱਖਾਂ ਦਾ ਦੋਜ਼ਖ਼ ਜਲ ਬਲ ਹੋ ਅੰਗਆਿਰਾ
ਹੋ ਕਿ ਅੱਗ ਸਮਆਿ ਵਿੱਚ ਆਤਸ਼ਿ ਤਾਂ ਪਾਵੇਂ ਛੁੱਟਕਾਰਾ
ਇਸ ਦੁਨੀਆ ਦੀ ਗਰਦਨ ਉਤੇ ਕਦਮ ਧਰੇ ਲੰਘ ਜਾਵੇ
ਬੈਹਰ ਤਲਬ ਦੇ ਰੁੜ੍ਹਇਆ ਜਾਂਦਾ ਲੋਕਾਂ ਨਜ਼ਰ ਨ ਆਵੇ
ਝਾਲ ਝੱਲ੍ਹੇ ਤਲਵਾਰ ਬਿਰਹੋਂ ਦੀ ਕਦਮ ਨ ਮੋੜ ਹਟਾਵੇ
ਤੇਗ਼ ਵਗੇ ਪਰ ਪੈਰ ਅਗਆਂਹੀਂ ਜ਼ਖ਼ਮੁੰ ਕ਼ਬਰ ਨ ਪਾਵੇ
ਅੱਗ ਵਰਹੇ ਸਿਰ ਨਜ਼ਰ ਨ ਆਵੇ ਬੈਠ ਇਕੱਲਾ ਰੋਵੇ
ਨੈਣ ਵਗਨ ਦੋ ਨੈਹਰਾਂ ਵਾਂਗੂੰ ਖ਼ੂਨ ਜਿਗਰ ਥੀਂ ਧੋਵੇ
ਕ਼ਲਬ ਨਚੋੜੇ ਕ਼ਾਲਿਬ ਤੋੜੇ ਦੋ ਦਮ ਵਿੱਚ ਵਛੋੜੇ
ਦਾਇਮ ਅੰਤ ਮਿਲਨ ਸੁੱਖ ਸਾਰੇ ਦਰਦ ਝੱਲ੍ਹੇ ਦਿਣ ਥੋੜੇ
ਪੀਵੇ ਘੋਲ ਪਿਆਲੇ ਜ਼ੈਹਰੋਂ ਮਸਤੀ ਚੜ੍ਹੇ ਸਵਾਈ
ਵੱਜੇ ਤੇਗ਼ ਕਹੇ ਬਿਸਮਿੱਲਾ ਇਹ ਮੈਹਬੂਬ ਲਗਾਈ
ਮਰਹਮ ਜ਼ਖ਼ਮ ਦਿਲੇ ਦੀ ਲੱਭੇ ਵਸਲੋਂ ਬਾਝ ਨ ਕਾਈ
ਕਾਲੀਆਂ ਰਾਤਾਂ ਬੈਹ ਬੈਹ ਕੱਟੇ ਅੰਦਰ ਸੋਜ਼ ਜੁਦਾਈ
ਰਹੇ ਉਦਾਸੀ ਵਿੱਚ ਜੁਦਾਈ ਵਸਲ ਮੰਗੇ ਸੌ ਵਾਰੀ
ਜਾਂ ਪੈਗ਼ਾਮ ਮਿਲਣ ਦਾ ਪਾਵੇ ਗ਼ਾਲਿਬ ਰਹੇ ਖ਼ੁਮਾਰੀ
ਇਸ਼ਕ ਚੰਗਾ ਪਰ ਔਖੇ ਪੈਂਡੇ ਮਰਦ ਹੋਵੇ ਦੁੱਖ ਝੱਲ੍ਹੇ
ਵਾਟ ਚੱਲੇ ਦੁੱਖ ਪਾਵਣ ਵੇਲੇ ਚੁੱਪ ਰਹੇ ਦਮ ਠੱਲ੍ਹੇ
ਬਾਝੋਂ ਇਸ਼ਕ ਹਯਾਤੀ ਨਾਹੀਂ ਦਰਦ ਗ਼ਮਾਂ ਦੀ ਕਾਤੀ
ਇਦੂ ਭਲਾ ਇਹੀ ਲੱਖ ਵਾਰੀ ਤੇਗ਼ ਵੱਜੇ ਵਿੱਚ ਛਾਤੀ
ਵਾਹ ਵਾਹ ਇਸ਼ਕ ਕਿਆਈ ਚੰਗਾ ਜਿਸ ਵਿੱਚ ਕੁੱਲ ਆਜ਼ਾਦੀ
ਇਸ ਦੁਨੀਆ ਦੇ ਵਿੱਚ ਗ਼ਮਾਂ ਦੇ ਝੱਲ੍ਹ ਮਤਾਂ ਬਰਬਾਦੀ
ਆ ਇਸ਼ਕਾ ਹੁਣ ਤੇਰਾ ਵੇਲਾ ਨੋਕ ਕਲਮ ਚੜ੍ਹ ਰਸਣਾ
ਪੈ ਚੱਲੀਆਂ ਜਗ ਤੇਰੀਆਂ ਵਾਹਰਾਂ ਕਦ ਤੋੜੀ ਛੁੱਪ ਵਸਣਾ
ਚਾ ਤੂਫਾਨ ਕਲਮ ਦਾ ਕਾਈ ਰੁੜ੍ਹਦਿਆਂ ਹੋਰ ਰੁੜ੍ਹਆਈਂ
ਰੋਵੰਦੇਆਂ ਦੀ ਅੱਖੀਂ ਵਿੱਚ ਵੀ ਬੇੜੀਆਂ ਤਾਰ ਦਖਾਈਂ
ਦਿਲ ਵਿੱਚ ਗ਼ੈਰ ਨ ਗੁਜ਼ਰੇ ਹਰਗਿਜ਼ ਜੇ ਲੱਖ ਸਾਲ ਗੁਜ਼ਾਰੇ
ਗ਼ੈਰਾਂ ਵਾਂਗ ਵਗੇ ਛੱਡ ਐਥੇ ਹਸਨਾਤ ਉਲ ਅਬਰਾਰੇ
ਆਖ਼ਿਰ ਅੰਤ ਨਈਂ ਫਿਰ ਇਸਦਾ ਮਿਲਦੇ ਰਹਿਣ ਹੁਲਾਰੇ
ਤੇ ਇਸ ਹਾਲ ਜ਼ੁਬਾਨ ਨ ਮਹਿਰਮ ਦਿਲ ਦੇ ਰਾਜ਼ ਨਿਆਰੇ
©
ਤੇਜ਼ੀ ਧਾਰ ਬਿਰਹੋਂ ਦੀ ਤੇਗ਼ੋਂ ਗੁਜ਼ਰ ਵੱਗੇ ਜਿੱਥ ਧਾਵੇ
ਜਾਨ ਤਵਾਨ ਦਿਲਾਂ ਟੁੱਟ ਜਾਵਨ ਜਾਂ ਜੌਹਰ ਚਮਕਾਵੇ
ਇਸ਼ਕਾ ਕਮਕ ਤੇਰੀ ਥੀਂ ਵਾਰੀ ਜਾਨ ਮੇਰੀ ਲੱਖ ਵਾਰੀ
ਵਾਹ ਤੇਰੀ ਸਰਦਾਰੀ ਇਸ਼ਕਾ ਜ਼ਖ਼ਮ ਤਿਰੇ ਨੇਂ ਕਾਰੀ

ਤੂੰ ਹੈਂ ਜੌਹਰ ਤੇਗ਼ ਸੁਖ਼ਣ ਦਾ ਪਰ ਬੇ ਪਰਾਂ ਤ਼ੀਊਰਾਂ
ਸੈ ਜਾਨਾਂ ਕੁਬਾਨੀ ਗਈਆਂ ਤੇਰਿਆਂ ਵਿੱਚ ਹਜੂਰਾਂ
ਆਜ਼ਾਦਾਂ ਵਿੱਚ ਬੰਦੀ ਪਾਂਵੇਂ ਕਰੇਂ ਖ਼ਲਾਸ ਅਸੀਰਾਂ
ਬੇਦਰਦਾਂ ਚਾ ਦਰਦੀਂ ਘੱਤੇਂ ਕੱਟੇਂ ਰੋਗ ਜ਼ਹੀਰਾਂ
ਮੈਂ ਕੁਰਬਾਨ ਚਮਕ ਦੇ ਮੈਨੂੰ ਦਰਦੋਂ ਚਾ ਲੈ ਜਾਈਂ
ਗ਼ਾਲਿਬ ਹਾਲ ਪਰੇਮ ਨਸ਼ੇ ਦਾ ਮੈਂ ਪਰ ਰੋਹੜ ਵਗਾਈਂ
ਕੀਹ ਕੁਝ ਆਖਾਂ ਕੀਹ ਕੁਝ ਕਰਸੇਂ ਮੈਂ ਹੈਰਤ ਵਿੱਚ ਆਇਆ
ਰੋੜ੍ਹੇਂ ਕਦੀ ਰੁੜੇਂਦਿਆਂ ਪਕੜੇਂ ਤੇਰਾ ਭੇਤ ਨ ਪਾਇਆ
ਨੇਂ ਤਾਰੂ ਵਿੱਚ ਤੇਰੀਆਂ ਲੈਹਰਾਂ ਡੁੱਬ ਮਰਦੇ ਲੱਖ ਤਾਰੂ
ਮਜਰੂਹਾਂ ਜੰਗਾਹ ਬਿਰਹੋਂ ਦੇ ਜ਼ਖ਼ਮ ਨ ਪਾਵਣ ਦਾਰੂ
ਵਾਹ ਇਸ਼ਕਾ ਜਾਂ ਠਾਠ ਚੜ੍ਹਾਵੇਂ ਨਦੀਓ ਨਦੀ ਵਗਾਵੇਂ
ਇਕਨਾਂ ਰਖ਼ਤ ਕਨਾਰ ਪਚਾਵੇਂ ਇਕਨਾਂ ਡੋਬ ਗਵਾਵੇਂ
ਪਰ ਜਿਸ ਨੂੰ ਤੂੰ ਚਾੜ੍ਹ ਵਗਾਹੇਂ ਉਸਦਾ ਹਾਲ ਵਰਾਇੰ
ਬਾਹੋਂ ਪਕੜ ਉਡੇਂ ਲੈ ਜਿਸ ਨੂੰ ਉਸਦਾ ਸੀਰ ਹਵਾਇੰ
ਸੇਰੋਂ ਤੈਰ ਹਸੂਲ ਪਲਕ ਵਿੱਚ ਤੇਰੀ ਤੇਜ਼ ਉਡਾਰੀ
ਮਿਲ ਮੈਨੂੰ ਮੈਂ ਬੇ ਪਰ ਤਾਇਰ ਬਾਲ ਮਿਲਨ ਇਕਵਾਰੀ
ਛੋੜ ਦਿਲਾ ਇਹ ਲੱਮੀਆਂ ਵਾਟਾਂ ਇਸ ਮਨਜ਼ਿਲ ਸਰ ਨਾਹੀਂ
ਬੈਠੋਂ ਘੱਤ ਸਮੰਦ ਮਧਾਨਾਂ ਕਰ ਕੁਝ ਗੱਲ ਅਗਾਹੀਂ
©
ਕੀਹ ਜਾਣਾਂ ਇਸ ਦਾਰ ਫਨਾਹ ਵਿੱਚ ਕੇਡ ਪਈਆਂ ਘੁਲ ਜ਼ਿਹਰਾਂ
ਹਾਲ ਮਿਜ਼ਾਜਾਂ ਫਾਸਿਦ ਕਰਕਿ ਖ਼ੂਨ ਵਗਾਵਨ ਨਹਿਰਾਂ
ਜਾਲੀਆਂ ਗਿਰਦ ਖਲਾਰ ਖਲੋਇਆ ਇਹ ਸ਼ੈਤਾਨ ਸ਼ਕਾਰੀ
ਡਾਰੋਂ ਤੋੜ ਵਛੋੜ ਤੀਊਰਾਂ ਫ਼ਾਹ ਗਲ ਧਰੇ ਕਟਾਰੀ
ਮੱਤ ਐ ਕੂੰਜ ਨ ਵਿੱਛੜ ਡਾਰੋਂ ਝਲ੍ਹ ਵੇਲਾ ਪਛਤਾਵੀਂ
ਜਿਸ ਵੈਰੀ ਦਾ ਖ਼ੌਫ ਦਿਲੇ ਨੂੰ ਮਤ ਉਸਦੇ ਹੱਥ ਆਵੀਂ
ਜਾਂ ਯੂਸਫ ਦੇ ਭਾਈਆਂ ਤਾਈਂ ਰਸ਼ਕ ਦਿਲਾਂ ਵਿੱਚ ਧਾਣੀ
ਗ਼ਮ ਗ਼ੁੱਸੇ ਵਿੱਚ ਵਾਂਗ ਕਿਆਮਤ ਇਕ ਇਕ ਘੜੀ ਵਿਹਾਣੀ
ਦਫਤਰ ਹਰਫ ਮੁਨਕੱਸ਼ ਹੋਏ ਜੋ ਤਕਦੀਰ ਕਲਮ ਦੇ
ਤਦਬੀਰਾਂ ਦੀ ਮਰਹਮ ਲਾਇਆਂ ਮਿਟਣ ਨ ਘਾਹ ਅਲਮ ਦੇ
ਜ਼ਖ਼ਮ ਕਲਮ ਦੇ ਤੇਜ਼ ਅਸਰ ਨੂੰ ਕਹਿੜਾ ਮੋੜਨਹਾਰਾ
ਆਈ ਕੌਨ ਹਟਾਈ ਲੋੜੇ ਕਦ ਇਸ ਥੀਂ ਛੁਟਕਾਰਾ
ਪਰ ਜੋ ਐਹਦ ਹੋਇਆ ਇੱਕ ਵਾਰੀ ਤੋੜਨ ਹੋਇਆ ਭਾਰੀ
ਤੋਰਨ ਤੋੜਨ ਐਹਦ ਦਸਾਏ ਦੋਵੇਂ ਤੇਜ਼ ਕਟਾਰੀ
ਉੜਕ ਐਹਦ ਨਿਭਾਵਨ ਲੱਗਾ ਝੱਲ੍ਹ ਫਿਰਾਕ ਕਜ਼ੀਆ
ਸਭ ਸਾਮਾਨ ਤਿਆਰੀ ਵਾਲਾ ਕਰਦਾ ਗਿਆ ਮੁਹੱਈਆ
ਦੇਖ ਦਿਲਾ ਇਹ ਦੁਨੀਆ ਐਵੇਂ ਮੋਹ ਰੰਗੋਂ ਤੋ  ਖੱਸੇ
ਮਜ਼ਾ ਚੱਖੇ ਸੋ ਨ ਮੁੜ ਤੱਕੇ ਛੋੜ ਤੁਅਲੱਕ ਨੱਸੇ
ਰੰਗਾ ਰੰਗੀ ਛੋੜ ਰੰਗੀਲਿਆ ਰੰਗ ਰੰਗਤ ਵਿੱਚ ਵੱਸੇ

ਜੇ ਗ਼ਾਫਿਲ ਦਿਲ ਮਾਹਿਰ ਹੋਵੇ ਬੌਹਤ ਰੋਵੇ ਕਮ ਹੱਸੇ
ਹੋ ਸਾਕੀ ਇਹ ਰਾਹਜ਼ਨ ਦੁਨੀਆ ਸ਼ਕਲ ਜਿਹਦੀ ਜ਼ੁਲਮਾਨੀ
ਵਲਾਂ ਛਲਾਂ ਦੇ ਪਰਦੇਆਂ ਅੰਦਰ ਚਮਕੇ ਹੋ ਨੂਰਾਨੀ
ਮੈ ਰੰਗੀਨ ਰੰਗਤ ਦੇ ਖ਼ਮ ਥੀਂ ਹਰ ਰੰਗ ਨਾਲ ਪਿਲਾਵੇ
ਲਟ ਸਧਾਵੇ ਮਾਰ ਗਵਾਵੇ ਤੂ ਅਜੇ ਸਕਝ ਨ ਆਵੇ
ਬੇ ਰੰਗੀ ਵਿੱਚ ਰੰਗ ਸੋਹਾਂਦੇ ਤੈਨੂੰ ਨਜ਼ਰ ਨ ਆਇ
ਛੋੜ ਰੰਗਾਂ ਦੀ ਯਾਰੀ ਯਾਰਾ ਯਾਰ ਜਮਾਲ ਵਖਾਏ
ਵਾਂਗ ਪਤੰਗ ਸ਼ਮਆ ਦੇ ਸ਼ੁਅਲੇ ਕਿਉਂ ਝੜ ਜਾਨ ਜਲਾਵੇਂ
ਦੂਰੋਂ ਸੇਕ ਲਗਨ ਦੇ ਵੇਲੇ ਕਿਉਂ ਨ ਪੈਰ ਹਟਾਵੇਂ
ਸੈਹ ਸਿਰ ਤੇ ਤਕਦੀਰ ਅਜ਼ਲ ਦੀ ਪੈਗ਼ਮਬਰ ਰੈਹਮਾਨੀ
ਹੱਥੀਂ ਤੋਰ ਪਿਸਰ ਨੂੰ ਘਰ ਥੀਂ ਖੜਾ ਅੰਦਰ ਹੈਰਾਨੀ
ਭੈਣ ਕਹੇ ਐ ਵੀਰ ਪਿਆਰੇ ਖ਼ਬਰ ਨਈਂ ਤੈਂ ਤਾਈਂ
ਗੁਰਗਾਂ ਨਾਲ ਗ਼ਜ਼ਾਲ ਚਰੇਂਦੇ ਕਦ ਘਰ ਮੁੜੇ ਕਦਾਈਂ
ਬਾਜ਼ਾਂ ਸੰਗ ਜੋ ਗਈਆਂ ਕੂੰਜਾਂ ਫੇਰ ਕਦੋਂ ਘਰ ਆਇਆਂ
ਯੂਸਫ ਤੈਨੂੰ ਜਾਣ ਨ ਦੇਸਾਂ ਨਾਲ ਪਿਆਰੇਆਂ ਭਾਈਆਂ
ਕਿਵੇਂ ਕੱਟਾਂ ਮੈਂ ਤਿਰੇ ਬਾਝੋਂ ਫੁਰਕਤ ਦੇ ਵਿੱਚ ਰਾਤਾਂ
ਫੇਰ ਕਦੋਂ ਤੂੰ ਮਿਲੇਂ ਅਸਾਨੂੰ ਕਟ ਦੂਰਾਡੀਆਂ ਵਾਟਾਂ
©
ਜਿਸ ਗ਼ਮ ਦਾ ਦਿਲ ਫਿਕਰ ਚਰੋਕਾ ਤੇ ਸਾਰੀ ਗ਼ਮਖ਼ਾਰੀ
ਕੀਹ ਜਾਣਾਂ ਅੱਜ ਉਸੇ ਗ਼ਮ ਦੀ ਆਨ ਢੁੱਕੀ ਸਰਦਾਰੀ
ਲੈ ਦਰਦਾ ਹੁਣ ਜਾਨ ਮੇਰੀ ਯਾ ਤੇਰੀ ਤੇਜ਼ ਕਟਾਰੀ
ਧੱਸ ਵਿੱਚ ਬੈਠ ਜਿਗਰ ਦੇ ਰਸ ਮਿਸ ਤੈਂ ਮੈਂ ਦੀ ਹੁਣ ਯਾਰੀ
ਲੈਹਰਾਂ ਛੋੜ ਵਛੋੜੇ ਵਾਲਿਉ ਦੋ ਨੈਣੋ ਕਰਲਾਉ
ਵੀਤ ਰੈਹਣ ਜੁਗ ਰੋਂਦਿਆਂ ਰੋਂਦਿਆਂ ਝੂਰ ਮਰੋ ਪਛਤਾਉ
ਸੁਣਦਿਆਂ ਸਾਰ ਨਬੀ ਦੇ ਦਿਲ ਨੂੰ ਲਾਈਆਂ ਦਰਦ ਅਦਾਈਆਂ
ਵਕਤ ਗਏ ਜਦ ਖ਼ੁਸ਼ੀਆਂ ਪਾਈਆਂ ਹੁਣ ਸਿਰ ਸਖ਼ਤੀਆਂ ਆਂਈਆਂ

## ਮਿਸਰ ਦੇ ਬੁਪਾਰੀਆਂ ਦਾ ਖੂਹ ਉਤੇ ਆ ਕਿ ਭਰਾਵਾਂ ਕੋਲੋਂ ਹਜ਼ਰਤ ਯੂਸਫ ਨੂੰ ਖ਼ਰੀਦ ਕਰਨਾ

ਐ ਸਾਕੀ ਭਰ ਜਾਮ ਸ਼ਰਾਬੋਂ ਦੇਹ ਮਖ਼ਮੂਰਾਂ ਤਾਈਂ
ਦਿਲ ਵਿੱਚ ਦਰਦ ਹੋਇਆ ਅੰਗਿਆਰਾ ਕਤਰਾ ਘਤ ਬੁਝਾਈਂ
ਸ਼ੁਅਲਾ ਸ਼ੌਕ ਉਠਾਵਾਂ ਗ਼ਾਲਿਬ ਜਾਂ ਮਸਤੀ ਵਿੱਚ ਆਵਾਂ
ਕ਼ਲਬ ਜਿਗਰ ਦੇ ਦੌਲਤ ਖ਼ਾਨੇ ਕਰ ਆਤਿਸ਼ ਦਿਖਲਾਵਾਂ
ਭੁਜ ਭੁਜ ਮਰਨ ਬਿਰਹੋਂ ਦੇ ਜਾਲੇ ਹੋ ਹੋ ਬਰੀਆਂ ਸੀਨੇ
ਝੜੇ ਜ਼ਖ਼ਮ ਦਿਲਰੇਸ਼ਾਂ ਜ਼ਖਮੇ ਰੋਸਨ ਬੇ ਤਸਕੀਨੇ
ਸੀਨੇ ਲਾਟ ਜਿਹਨਾਂਦੇ ਬਲਦੀ ਹਿਜਰ ਸਜਣ ਦੇ ਦਾਗ਼ੋਂ
ਰਖ਼ਤ ਜਲੇ ਬੇਸਬਰੇ ਦਿਲ ਦਾ ਘਰ ਦੇ ਇਸ ਚਰਾਗ਼ੋਂ
ਜਾਂ ਤੇ ਇਸ਼ਕ ਗ਼ੁਲਾਮ ਰਸੂਲੇ ਨਾਜ਼ਕ ਨੋਕਾਂ ਲਾਈਆਂ

ਸ਼ੌਕ ਤਲਬ ਵਿੱਚ ਵਕਤ ਵਿਹਾਂਦੇ ਗ਼ਫਲਤ ਵਾਗਾਂ ਚਾਈਆਂ
ਹਰ ਦਮ ਯਾਰ ਵਸੇਂਦਾ ਨੇੜੇ ਖੋਲ੍ਹ ਅੱਖੀਂ ਘੱਤ ਝਾਤੀਂ
ਔਗਣਹਾਰਾਂ ਨੂੰ ਗੁਣ ਮਿਲਦੇ ਕਰਦਿਆਂ ਨਜ਼ਰ ਸਿਫਾਤੀਂ
ਜੇ ਵਿੱਚ ਸ਼ੌਕ ਤਿਰ ਬੈਹ ਯਾਰਾ ਕਰੇ ਅਦੂਲ ਨਤਾਰਾ
ਰਾਜ਼ ਨਿਆਰਾ ਤਨ ਮਨ ਸਾਰਾ ਇੱਕ ਇੱਕ ਕਰੇ ਪੁਕਾਰਾ
ਹੁਣ ਸਿਆਰ ਲਿਆਉ ਕਾਈ ਯੂਸਫ ਨੂੰ ਲੈ ਚੱਲੇ
ਮਿਸਰ ਉਡੀਕੇ ਮਗ਼ਰਬ ਜ਼ਾਦੀ ਜ਼ਖ਼ਮ ਜਿਹਦਾ ਦਿਲ ਸੱਲੇ
ਚੜ੍ਹਣ ਲੱਗੋਂ ਅੱਜ ਦੇਸ ਪੁਰਾਏ ਕਰਨੇ ਨੂੰ ਰੁਸ਼ਨਾਈ
ਚੱਲੇਉਂ ਛੋੜ ਕਦੀਮੀ ਵਾਸਾ ਯਾਰਾਂ ਘੱਤ ਜੁਦਾਈ
ਚੱਲ ਉਡੀਕਾਂ ਤੇਰੀਆਂ ਯੂਸਫ ਦਾਗ਼ ਦਿਲਾਂ ਵਿੱਚ ਪਾਏ
ਜਿਹਨਾਂ ਦਿਲਾਂ ਨੂੰ ਤੇਰੀਆਂ ਤਾਂਘਾਂ ਸ਼ੌਕ ਤਿਰੇ ਦੁੱਖ ਚਾਏ
ਦੇਸ ਛੁੱਟੇ ਪਰਦੇਸੀਂ ਚੱਲੇਉਂ ਸਫਰ ਦੁਰਾਡੇ ਆਇ
ਲੰਮੇ ਪੈਂਡੇ ਦੂਰ ਵਤਨ ਦੇ ਤੈਂ ਵੱਲ ਕਸਦ ਲਿਆਇ
ਛੋੜ ਵਤਨ ਚੱਲ ਦੇਖ ਕਵੀਹਈਆਂ ਪਰਦੇਸਾਂ ਦੀਆਂ ਵਾਵਾਂ
ਇਕਨਾਂ ਨੂੰ ਵਿੱਚ ਤੇਰੀਆਂ ਦਰਦਾਂ ਛੋੜ ਗਈਆਂ ਜਿਨ ਮਾਵਾਂ
ਉਜੜਿਆਂ ਨੂੰ ਚੱਲ ਵਸਾਉ ਵਸਦਿਆਂ ਘੱਤ ਉਜਾੜਾ
ਅੱਜ ਕਨਆਨ ਨਬੀ ਦੇ ਘਰ ਤੇ ਟੁੱਟ ਪਿਆ ਸੌ ਧਾੜਾ
ਛੋੜ ਪਿਦਰ ਤੁਰ ਚੱਲਿਉਂ ਯੂਸਫ ਸਣ ਸਭ ਭੈਣਾਂ ਭਾਈਆਂ
ਗੁਜ਼ਰਣ ਲੱਗੇ ਵਕਤ ਜਿਹਨਾਂਦੇ ਤੇਰੀਆਂ ਵਿੱਚ ਜੁਦਾਈਆਂ
ਵਿਛੜਿਆਂ ਨੇਂ ਰੋਂਦਿਆਂ ਰੈਹਣਾ ਮਿਲਣੇ ਨੂੰ ਇੱਕਵਾਰੀ
ਵਿੱਚ ਪਰਦਿਸ ਨਵੇਂ ਦੁੱਖ ਵਾਲਿਆਂ ਕਰਨੀ ਗਿਈਆ ਜ਼ਾਰੀ
ਚੱਲ ਵੱਲ ਉਹਨਾਂ ਜਿਹਨਾਂ ਸਿੱਕ ਤੇਰੀ ਵਿੱਚ ਅਪਣਾ ਆਪ ਜਲਾਇਆ
ਖ਼ੁਦ ਵੱਲ ਡਿੱਠਾ ਕੁਝ ਨ ਪਾਇਆ ਅਣਤ ਤੂੰਹੀਂ ਹੱਥ ਆਇਆ
ਵਿੱਚ ਉਡੀਕ ਫਿਰਾਕ ਤਿਰੇ ਦੇ ਜਿਗਰ ਜਿਹਨਾਂਦੇ ਤਪਦੇ
ਨਾਮ ਤਰਿ ਦੇ ਨੈਣ ਉਹਨਾਂਦੇ ਮੋਤੀਆਂ ਮਾਲਾ ਜਪਦੇ
ਵਿਕਾਂ ਕਿਤੇ ਲੈ ਜਾਵੇ ਕੋਈ ਤੇਰੀਆਂ ਤਲਬ ਰਜ਼ਾਈਂ
ਕੈਦ ਕਰੇਂ ਤੂੰ ਰਾਜ਼ੀ ਹੋਵੇਂ ਲੱਖ ਖ਼ੁਸ਼ੀਆਂ ਮੈਂ ਤਾਈਂ
ਵਾਹ ਦਰਦਾ ਦਿਲ ਬੇਦਰਦਾਂ ਦਾ ਵਾਕਫ ਨਈਂ ਕਦਰ ਦਾ
ਉਠ ਤੱਕ ਦੇਖ ਹੁਸਨ ਦੀਆਂ ਲੈਹਰਾਂ ਬੇਦਰਦਾ ਨਾਮਰਦਾ
ਵਾਹ ਵਿੱਚ ਇਸ਼ਕ ਵਸੇਂਦਿਉ ਯਾਰੋ ਯਾਰ ਤੁਸਾਡੇ ਡੇਰੇ
ਪਰ ਇਹ ਦੀਦ ਕਰਮ ਦਾ ਕਤਰਾ ਵੱਸ ਨ ਤਿਰੇ ਮੇਰੇ
ਜੇ ਯਾਕੂਬ ਕਰੇਂਦਾ ਕੀਮਤ ਮੁੱਲ ਜ਼ੁਲੈਖਾਂ ਲੈਂਦੀ
ਦੇਂਦੀ ਜਾਨ ਉਹ ਇੱਕ ਦੀਦਾਰੋਂ ਇਹ ਪਸੰਦ ਨ ਪੈਂਦੀ
ਇਹ ਕੀਮਤ ਯਾਕੂਬ ਪਛਾਣੇ ਭਾਈਆਂ ਖ਼ਬਰ ਨ ਕਾਈ
ਤੇ ਯਾ ਕੁਝ ਜ਼ੁਲੈਖ਼ਾਂ ਜਾਣੇ ਜਾਨ ਧਰੇ ਕੱਡ੍ਹ ਸਾਈ
ਅੱਜ ਜੁਦਾਈਆਂ ਨੇਂ ਸਿਰ ਮੇਰੇ ਭਾਰ ਚੁਵਾਏ ਭਾਰੇ
ਹੁਣ ਕਦ ਬਾਪ ਮਿਲੇ ਮੁੜ ਮੈਨੂੰ ਝੂਰ ਮਰਾਂ ਦੀਦਾਰੇ
ਪਰਦਿਸਾਂ ਦੇ ਵਾਸੀਆਂ ਦੇ ਵੱਸ ਪਿਆ ਨਥਾਵਾਂ ਹੋ ਕਿ

ਬਾਪ ਨ ਮਿਲਆ ਜਾਂਦੀ ਵਾਰੀ ਮੈਂ ਤੁਰ ਚੱਲਿਆ ਰੋ ਕਿ
ਮੈਂ ਰਾਜ਼ੀ ਜਾਂ ਰੱਬ ਨੇ ਚਾਹਿਆ ਜੋ ਮੇਰੇ ਸਿਰ ਵਰਤੀ
ਲਿਖਆ ਹੋਸੀ ਮਦਫਨ ਮੇਰਾ ਵਿੱਚ ਪੁਰਾਈ ਧਰਤੀ

## ਹਜ਼ਰਤ ਯੂਸਫ ਅਪਣੀ ਮਾਂ ਦੀ ਕਬਰ ਤੇ

ਕਬਰ ਯੂਸਫ ਦੀ ਮਾਦਰ ਸੰਦੀ ਰਾਹ ਵਿੱਚ ਜ਼ਾਹਿਰ ਆਈ
ਉਛਲਿਆ ਦਿਲ ਰੋਇਆ ਯੂਸਫ ਦੇਖ ਮਿਰਾ ਦੁੱਖ ਮਾਈ
ਦੇਖਦਿਉਂ ਜੇ ਦਰਦ ਮਿਰੇ ਨੂੰ ਝੱਲ੍ਹ ਨ ਸਕਦੀ ਗ਼ਮ ਨੂੰ
ਦਿਲ ਪੱਥਰ ਫੁੱਟ ਪੁਰਜ਼ੇ ਹੋਵੇ ਮੇਰੇ ਦੇਖ ਅਲਮ ਨੂੰ
ਦੁੱਖ ਮੇਰੇ ਦੇ ਲੰਮੇਂ ਪੈਂਡੇ ਦੂਰ ਦੁਰਾਡੀਆਂ ਵਾਟਾਂ
ਦਿਲ ਪੁਰ ਗ਼ਮ ਤਲ ਦੁੱਖੀਂ ਭਰਿਆ ਜਿਗਰ ਬਲੇਂਦੀਆਂ ਲਾਟਾਂ
ਐ ਮਾਦਰ ਫਰਜ਼ੰਦ ਤਿਰਾ ਮੈਂ ਜੋ ਨਾਜ਼ਾਂ ਵਿੱਚ ਪਲਿਆ
ਪਰਦੇਸਾਂ ਦੇ ਪੰਧ ਦੁਰਾਡੇ ਜ਼ੁਲਮੋਂ ਬੱਧਾ ਚਲਿਆ
ਮੈਂ ਵਿੱਚ ਗੋਦ ਤੇਰੀ ਸੁੱਖ ਪਾਏ ਦੁੱਖ ਪਏ ਅੱਜ ਭਾਰੇ
ਦੀਦ ਪਿਦਰ ਥੀਂ ਤ਼ਾਲੇਹ ਟੁੱਟੇ ਵਿੱਛੜ ਗਏ ਪਿਆਰੇ
ਪਰਦੇਸਾਂ ਵਿੱਚ ਬੱਨ੍ਹ ਲੈ ਚੱਲੇ ਮੈਨੂੰ ਲੋਕ ਪੁਰਾਏ
ਹੋ ਪਰਦੇਸੀ ਮੈਂ ਤੁਰ ਚੱਲਿਆ ਦਰਦ ਜਿਗਰ ਨੂੰ ਖਾਏ
ਐ ਮਾਦਰ ਮੈਂ ਤੁਰਿਆ ਜਾਂਦਾ ਮੇਰੀਆਂ ਤੁੰਦ ਮੁਹਾਰਾਂ
ਨਾਕ਼ਾ ਧਰੇ ਕਦਮ ਵੱਲ ਦੁੱਖੀਂ ਭਰੀ ਗ਼ਮਾਂ ਦੀਆਂ ਭਾਰਾਂ
ਦੇਖ ਮਿਰਾ ਦੁੱਖ ਛੇਕੜ ਵਾਰੀ ਮੈਂ ਮੁੜ ਮਿਲਣਾ ਨਾਹੀਂ
ਖ਼ਾਕ ਕਦਮ ਤੈਂ ਗਈ ਨਸੀਬੋਂ ਜ਼ਾਰ ਰਵੇਸਾਂ ਆਹੀਂ
ਇਹਨਾਂ ਮਕਾਨਾਂ ਤੇ ਮੁੜ ਮੇਰੀ ਫੇਰ ਨਾ ਹੋਣੀ ਫੇਰੀ
ਨੈਣ ਨਈਂ ਮੁੜ ਵੱਸਣੇ ਮੇਰੇ ਖ਼ਾਕ ਕਸਮ ਪਰ ਤੇਰੀ
ਤੁਰਬਤ ਪਾਕ ਤੇਰੀ ਦੀ ਦੀਦਣ ਮੇਥੀਂ ਪਈ ਪਰੇਰੇ
ਕੀਹ ਜਾਣਾਂ ਹੁਣ ਹੋਸਣ ਮੇਰੇ ਕਿਸ ਧਰਤੀ ਵਿੱਚ ਫ਼ੇਰੇ
ਵਾਹ ਦਰਦਾ ਮੈਂ ਤੋੜ ਸਧਾਣਾ ਤੋੜ ਅੱਜਜ਼ਾ ਸਬਰ ਦੇ
ਇਹ ਗੱਲ ਬੋਲ ਸੁਤਰ ਥੀਂ ਝੜਿਆ ਕਦਮਾਂ ਵਿੱਚ ਕਬਰ ਦੇ
ਵਾਏ ਦਰੇਗ਼ ਮੇਰੇ ਫਰਜ਼ੰਦਾ ਕ਼ਬਰੋਂ ਪਿਆ ਪੁਕਾਰਾ
ਵਾਹ ਦਰਦਾ ਇਸ ਤਿਰੇ ਦਰਦੋਂ ਮੇਰਾ ਜਿਗਰ ਦੋ ਪਾਰਾ
ਇਹ ਪੁਕਾਰਾ ਸੁਣ ਕਿ ਯੂਸਫ ਗ਼ਸ਼ ਖਾ ਝੜਿਆ ਤਾਜ਼ਾ
ਫ਼ੇਰ ਕਬਰ ਥੀਂ ਦੂਜੀ ਵਾਰੀ ਪਿਆ ਬੁਲੰਦ ਆਵਾਜ਼ਾ
ਨੂਰ ਅੱਖੀਂ ਦਿਲ ਮੇਰੇ ਦਾ ਤੂੰ ਫਰਜ਼ੰਦਾ ਮੈਂ ਵਾਰੀ
ਵਾਹ ਲੱਗੇ ਮੈਂ ਚਾ ਛੋੜਾਵਾਂ ਸੁਣ ਸੁਣ ਗੀਰਆ ਜ਼ਾਰੀ
ਹੁਕਮ ਇਲਾਹੀ ਮੋੜ ਨ ਸਕਦੇ ਤੂੰ ਮੈਂ ਤੇ ਜੱਗ ਸਾਰਾ
ਪਵੇ ਮੁਸੀਬਤ ਬੰਦੇ ਤਾਈਂ ਬਾਝੋਂ ਸਬਰ ਨਾ ਚਾਰਾ
ਵੇਲਾ ਸਬਰ ਸਬਰ ਕਰ ਬੇਟਾ ਤੂੰ ਪੈਗ਼ੰਮਬਰ ਜ਼ਾਦਾ
ਜੋ ਤਿਰੇ ਸਿਰ ਵਰਤੀ ਜਾਂਦੀ ਅਜ਼ਲੀ ਕ਼ੱਲ ਆਵਾਜ਼ਾ
ਕੱਟ ਸਿਰੇ ਤੇ ਬਣੀਆਂ ਯੂਸਫ ਵੇਲਾ ਗੁਜ਼ਰਨ ਹਾਰਾ

ਜੇ ਤਿਰਾ ਦੁੱਖ ਮੈਂ ਸਿਰ ਆਵੇ ਖ਼ੁਸ਼ ਹੋ ਝੱਲ੍ਹਾਂ ਸਾਰਾ
ਕਿਆ ਕਰਾਂ ਹੁਣ ਦੁਖ ਤੋਸਾਡਾ ਮੈਨੂੰ ਮਿਲਦਾ ਨਾਹੀਂ
ਸ਼ਿਕਵਾ ਰੰਜ ਨ ਕਰ ਫਰਜ਼ੰਦਾ ਤੇ ਛੁਟ ਜਾਣ ਨ ਆਹੀਂ
ਸਿਰ ਪਈਆਂ ਝੱਲ੍ਹ ਲਈਆਂ ਜੇ ਤੂੰ ਦਿਲਦੀਆਂ ਨਾਲ ਰਜ਼ਾਈਂ
ਫਜ਼ਲ ਕਰਮ ਦੇ ਬੈਹਰ ਮੌਵਾਜੀਂ ਤਰ ਤਰ ਦਾਗ਼ ਗਵਾਈਂ
ਦਿਣ ਕਾਈ ਇਹ ਦੁਨੀਆ ਬੇਟਾ ਇਸਦਾ ਘੱਟ ਵਸੇਰਾ
ਆਵਣ ਜਾਵਣ ਦੁੱਖ ਸੱਖ ਇਸਦੇ ਚਾਨਣ ਬਰਕ ਅੰਧੇਰਾ
ਸੁਣ ਸੁਣ ਇਹ ਪੁਕਾਰਾ ਕਬਰੋਂ ਯੂਸਫ ਸਬਰ ਸਮਾਲ੍ਹੇ
ਸੀਸ ਉਠਾ ਕਬਰ ਥੀਂ ਬੈਠਾ ਸਬਰ ਕਰੇ ਹਰ ਹਾਲੇ
ਜੇ ਮੈਂ ਬੌਹਤ ਗੁਨਾਹ ਕਮਾਏ ਤੂੰ ਹੈਂ ਬਖ਼ਸ਼ਨਹਾਰਾ
ਰੈਹਮ ਕਰੀਂ ਤੂੰ ਮੇਰੇ ਉਤੇ ਤੈਂ ਬਿਨ ਨਾਹੀਂ ਚਾਰਾ
ਬਖ਼ਸ਼ ਮੇਰੀ ਤਕਸੀਰ ਇਲਾਹੀ ਰੈਹਮ ਤੇਰਾ ਹੈ ਭਾਰਾ
ਤੈਨੂੰ ਮਆਲਮ ਹਾਲਤ ਮੇਰੀ ਐ ਮੇਰੇ ਗ਼ੱਫਾਰਾ
ਹੈ ਉਹ ਇੱਕ ਜੋ ਪਾਕ ਸ਼ਰੀਕੋਂ ਉਸਦਾ ਆਲਿਮ ਸਾਰਾ
ਸਭ ਜੱਗ ਹੈ ਪੈਦਾਇਸ਼ ਉਸਦੀ ਉਹ ਇੱਕ ਸਰਜਨਹਾਰਾ
ਛੋਟੀ ਬੜੀ ਸੱਭਾ ਸ਼ੈ ਉਸਦੀ ਹੁਕਮ ਉਸੇਦਾ ਜਾਰੀ
ਉਸਨੂੰ ਛੋੜ ਜੋ ਹੋਰਾਂ ਪੂਜੇ ਪਾਵੇ ਅੰਤ ਖ਼ਵਾਰੀ
ਮੈਂ ਕੀਹ ਸ਼ੈ ਤੇ ਮੈਥੀਂ ਚੰਗੇ ਸਾਰੇ ਉਸਦੇ ਬੰਦੇ
ਜਿਸ ਨੇ ਉਹ ਇੱਕ ਜਾਨਿਆ ਨਾਹੀਂ ਉਸਦੇ ਤਆਲੇ ਮੰਦੇ
ਰੱਬ ਕਰੇ ਮਕਸੂਦ ਮੁਯੱਸਰ ਸਭ ਦੇ ਕਾਰ ਸਵਾਰੇ
ਤੇ ਇਹ ਜ਼ਾਲਿਮ ਜਾਹਿਲ ਖ਼ਾਕੀ ਗ਼ੈਰਾਂ ਕਰੇ ਪੁਕਾਰੇ
ਛੋੜ ਇੱਕਾ ਦਰ ਸਾਹਿਬ ਵਾਲਾ ਦਰ ਦਰ ਧੱਕੇ ਖਾਵੇ
ਜਾਂ ਦੇਖੇ ਹਰ ਦਰ ਦਾ ਵਾਲੀ ਇੱਸ ਦਰ ਸੀਸ ਨਿਵਾਵੇ
©
ਦੇਹ ਸਾਕੀ ਮੈ ਸਾਗ਼ਰ ਬਾਕੀ ਪੀਂਵੰਦਿਆਂ ਦੁੱਖ ਜਾਵੇ
ਜਜ਼ਬ ਕਲੂਬ ਤਅੱਸਰ ਵਾਲਾ ਜ਼ੌਕ ਜਿਗਰ ਭਰ ਪਾਵੇ
ਵਰਜਿਆਂ ਸਬਰ ਨ ਆਵੇ ਦਿਲ ਨੂੰ ਦਿਲਬਰ ਦੇ ਦੀਦਾਰੋਂ
ਰਖ਼ਤ ਵਿਕੇ ਸ਼ਾਹ ਝਾਤ ਉਲਾਰੇ ਹੋਸ਼ ਲੁਟੇ ਹੋਸ਼ਿਆਰੋਂ
ਅਗਲੀ ਫਜਰ ਹਜੂਮ ਖ਼ਲਾਇਕ ਆ ਕੀਤਾ ਦਰਬਾਰੇ
ਗਿਰਦ ਮੱਹਲ ਤਵਾਫ ਕਰੇਂਦੇ ਯੂਸਫ ਤਲਬ ਨਜ਼ਾਰੇ
ਲੱਖ ਲੱਖ ਬੰਦੇ ਸਾਹਿਬ ਸੰਦੇ ਇਸ ਦੁਨੀਆਂ ਵਿੱਚ ਆਇ
ਇੱਕ ਦੂਜੇ ਥੀਂ ਆਇਲਾ ਦਿਸੇ ਇੱਕ ਥੀਂ ਇੱਕ ਸਵਾਏ
ਜੋ ਉਹ ਹੁਸਨ ਪਿਆਰਾ ਖ਼ਲਕਾਂ ਯੂਸਫ ਥੀਂ ਦਸਆਿਵੇ
ਮਾਲਿਕ ਤਾਲਿਬ ਦੁਨੀਆ ਜ਼ਰ ਦਾ ਉਹ ਤਿਸ ਨਜ਼ਰ ਨ ਆਵੇ
ਜੈਂ ਵੱਲ ਨਜ਼ਰ ਉਹਾ ਮਨ ਵੱਸੇ ਅਸਰ ਖ਼ੁੱਲ੍ਹੇ ਕਦ ਰਾਜ਼ੋਂ
ਕਿਦਾਂ ਵਚੇਂਦਾ ਜਿਦਾਂ ਵਸੇਂਦਾ ਉਸਨੂੰ ਅਸਲ ਤਰਾਜ਼ੋਂ
ਮਾਲਿਕ ਦਰ ਪਰ ਕਰੇ ਪੁਕਾਰਾ ਲੋਕੋ ਸੁਣਿਉ ਸਾਰੇ
ਯੂਸਫ ਦਾ ਇੱਕ ਦੀਦ ਕਰਾਵਾਂ ਬਦਲੇ ਇੱਕ ਦੀਨਾਰੇ

ਸੁਣ ਖ਼ਲਕਾਂ ਨੇਂ ਜੋਸ਼ ਉਠਾਇਆ ਮੀਹੰ ਵਰਿਆ ਦੀਨਾਰਾਂ
ਹਰ ਦੀਨਾਰ ਦੂਣ ਤੇ ਜਾਵਨ ਅੰਦਰ ਵਾਰ ਹਜ਼ਾਰਾਂ
ਸੁਬਾਹ ਹੁੰਦੀ ਨੂੰ ਦਰ ਮਾਲਿਕ ਦੇ ਮਿਸਰੀਆਂ ਜੋਸ਼ ਰਚਾਏ
ਲੈ ਦੀਨਾਰ ਦਖਾ ਉਹ ਸੂਰਤ ਦੀਦ ਕਰਨ ਅਸੀ ਆਇ
ਜ਼ਰ ਕੁਰਬਾਨ ਸਣੇ ਜ਼ਰਦਾਰਾਂ ਜੇ ਇਹ ਮੁੱਲ ਨਜ਼ਰ ਦਾ
ਇਹ ਸੰਗਰੇਜ਼ਾ ਮੁੱਲ ਗੌਹਰ ਦਾ ਤੇ ਕਰਦਾ ਮੁੱਲ ਜ਼ਰ ਦਾ
ਜ਼ਰ ਦਿੱਤਿਆਂ ਜੇ ਦਿਲਬਰ ਦਿਸੇ ਵਾਹ ਵਾਹ ਖੁਸ਼ ਇਕਬਾਲੀ
ਜੇ ਨ ਜ਼ਰ ਇਤ ਕਾਰੀ ਆਵੇ ਭਲਾ ਮੁੱਡੋਂ ਹੱਥ ਖ਼ਾਲੀ
ਜੇ ਦੀਦਾਰ ਰੱਖੇ ਮੁੱਲ ਆਖਿਰ ਵਾਹ ਵਾਹ ਕਿਸਮਤ ਆਲੀ
ਸਰਮਾਇਆ ਰੁਖ਼ ਜ਼ਰਦੀ ਦਾ ਜ਼ਰ ਦੌਲਤ ਆਸ਼ਿਕ ਵਾਲੀ
ਤਨ ਜ਼ੱਰੀਂ ਦੀਨਾਰ ਉਸ਼ਾਕਾਂ ਮਾਲਿਕ ਦੇ ਦਰਬਾਰੇ
ਕਿਤ ਲੇਖੇ ਲੱਖ ਵਾਰੀ ਵਾਰੀਆਂ ਕਾਰਨ ਇੱਕ ਦੀਦਾਰੇ
ਜ਼ਰ ਦਿਲ ਦਾ ਮਸਕੂਕ ਰਜ਼ਾ ਦਾ ਦਾਰੁਲਜ਼ਰਬ ਫਨਾਉਂ
ਕ਼ਲਬ ਇਹਦਾ ਜੇ ਨਾਮ ਅਜੇ ਭੀ ਮਾਲਿਕ ਝੱਲ ਰਜ਼ਾਉਂ
ਜੇ ਲੱਖ ਕ਼ਲਬ ਅਸਾਂ ਜ਼ਰ ਦਿਲ ਦਾ ਜਯੀਦ ਹੈ ਮਆਜੂਰੀ
ਐ ਦੀਦਾਰ ਫਰੂਸ਼ ਕਰਮ ਦੇ ਕਰ ਫਜ਼ਲੋਂ ਮਨਜ਼ੂਰੀ
ਕ਼ਲਬ ਜਿਹਨਾਂ ਜ਼ਰਗ਼ਸ਼ੋਂ ਨ ਖ਼ਾਲੀ ਜਦਾਂ ਮਹਿਕ ਅਜ਼ਮਾਵੇ
ਜੇ ਤੈਂ ਦਰ ਮਨਜ਼ੂਰ ਨ ਮਾਲਿਕ ਫੇਰ ਕਿਤੇ ਕਮ ਆਵੇ
ਕਰੈਂ ਕ਼ਬੂਲ ਨ ਜੇ ਤੂੰ ਇਹ ਜ਼ਰ ਹੋਰ ਨ ਝੱਲ੍ਹੇ ਮੂਲੇ
ਜ਼ਰ ਤੇਰਾ ਤੂੰ ਜ਼ਰ ਦਾ ਮਾਲਿਕ ਤੈਂ ਬਿਨ ਕੌਨ ਕਬੂਲੇ
ਚੱਲ ਇਸ਼ਕਾ ਅੱਜ ਉਥੇ ਲੈ ਚਲ ਜਿੱਥੇ ਯਾਰ ਵਿਕਾਏ
ਵੇਖਦਿਆਂ ਦੀ ਜਿੰਦ ਸਧਾਵੇ ਮੁੱਲ ਕਰੇ ਰੁੜ੍ਹ ਜਾਵੇ
ਮਰਦਾਂ ਜਾਨ ਖਪੇ ਵਿੱਚ ਸਾਈ ਕੀਮਤ ਅਜੇ ਅਗਾਹੀਂ
ਜਾਣਾਂ ਜਾਨ ਤਲਬ ਦੇ ਮੁੱਲੋਂ ਮਾਲਿਕ ਮੱਨੇ ਨਾਹੀਂ
ਜਾਨ ਫਿਦਾ ਬਲਹਾਰੀ ਹਰ ਸ਼ੈ ਦੀਦਾਰੋਂ ਸੌ ਵਾਰੀ
ਵਿੱਚੇ ਦੋਜ਼ਖ਼ ਵਿੱਚੇ ਜਨਤ ਵਿੱਚੇ ਦੁਨੀਆਂ ਸਾਰੀ
ਵਿੱਚੇ ਖੂਸ਼ੀ ਵਿੱਚੇ ਦਸ਼ਵਾਰੀ ਸੈਹਤ ਤੇ ਬੀਮਾਰੀ
ਵਿੱਚੇ ਦਰਦ ਫਰਾਕ ਖ਼ਵਾਰੀ ਵਿੱਚੇ ਆਸ ਉਧਾਰੀ
©
ਆ ਸਾਕ਼ੀ ਦਿਖਲਾ ਚਮਕਦਾ ਦਿਣ ਦੋ ਰੈਨ ਵਿਚਾਲੇ
ਲੁਟ ਗਏ ਲੈ ਦਿਲ ਦਿਆਂ ਰਖ਼ਤਾਂ ਨੈਣ ਤਾਅਸੱਰ ਵਾਲੇ
ਬੈਠ ਅਜ਼ੀਜ਼ਾਂ ਬਜ਼ਮ ਵਿਸਾਲੇ ਪੀਤੇ ਜ਼ੌਕ ਪਿਆਲੇ
ਤੇ ਤਲਵੀਨ ਚੱਖੀ ਵਿੱਚ ਹਾਲੇ ਵਿੱਚ ਜਲਾਲ ਜਮਾਲੇ
ਤੇ ਅਹਿਵਾਲ ਬਿਆਨੋਂ ਗੁਜ਼ਰੇ ਬੈਹਰ ਨਸ਼ੇ ਦੇ ਪੀਤੇ
ਇਸ਼ਕ ਪਿਲਾਏ ਜੋਸ਼ ਰਚਾਏ ਪੀਂਦਿਆਂ ਸਬਰ ਨ ਕੀਤੇ
ਤੇ ਇਹ ਨਸ਼ਾ ਬਿਰਹੋਂ ਬੇਬੈਹਰਾ ਅਣਤੋਂ ਤੇ ਅੰਜਾਮੋਂ
ਬੈਹਰ ਉਵੇਂ ਮੁਸਤਸਕੀ ਉਵੇਂ ਤਿਸ਼ਨਾ ਦੂਰ ਆਰਾਮੋਂ
ਪੀਵੰਦਿਆਂ ਦਿੱਲ ਰੱਜੇ ਨਾਹੀਂ ਜੇ ਪੀਵਨ ਸੈ ਨਦੀਆਂ

ਤਰਹਾਈਆਂ ਦੋ ਲਬਾਂ ਪੁਕਾਰਨ ਤੀਕ ਹਜ਼ਾਰਾਂ ਸਦੀਆਂ
ਆ ਇਸ਼ਕਾ ਹੁਣ ਵੇਲਾ ਤਿਰਾ ਤੇਰੀਆਂ ਨਿੱਤ ਉਡੀਕਾਂ
ਐਬ ਭਰੇ ਬੇਦਰਦਾਂ ਵਾਂਗੂੰ ਛੋੜ ਨ ਲਾਵੀਂ ਲੀਕਾਂ
ਵਿੱਚ ਦਰਬਾਰ ਤਿਰੇ ਜਿੰਦ ਜਾਏ ਝੱਲ ਬਲੇ ਅੱਗ ਸੀਨੇ
ਬਖ਼ ਬਖ਼ ਲਾਟ ਕਰੇ ਰੁਸ਼ਨਾਈ ਵਿੱਚ ਪਰਦੇਸ ਜ਼ਮੀਨੇ
ਘਾਟੀਆਂ ਇਸ਼ਕ ਉਖੇੜੇ ਪੈਂਡੇ ਰਾਹ ਪਵਨ ਇੱਥ ਸੂਰੀ
ਹੋਣ ਹਜ਼ੂਰੀਆਂ ਪੌਂਦੀਆਂ ਪੂਰੀਆਂ ਚਲਦੀਆਂ ਚਾਲ ਤਨੂਰੀ
ਪਰਦਿਆਂ ਦੇ ਵਿੱਚ ਵਸਦੀਆਂ ਰਮਜ਼ਾਂ ਵੱਲ ਲੈ ਜਾਨ ਜੁਦਾਈਂ
ਮੈਂ ਕੁਬਾਨ ਨ ਚਸ਼ਮ ਝਮੱਕਾਂ ਰੋਜ਼ ਕਿਆਮਤ ਤਾਈਂ
ਵੇਲਾ ਅੱਜ ਕਰੀਬ ਹੋਇਆਈ ਇਸ਼ਕ ਬਸ਼ਾਰਤ ਘੱਲ੍ਹੀ
ਹੱਥੋਂ ਗਿਆਂ ਦਿਲਾਂ ਪੁਰਦਰਦਾਂ ਲੱਗੀ ਮਿਲਣ ਤਸੱਲੀ
ਤੌਰ ਅੱਜ਼ਾਮ ਸਦੂਰ ਜਿਹਾਨਾ ਕ਼ਲਬ ਕਲੀਮ ਜਿਹਨਾਂ ਦੇ
ਅਰਨੀ ਅਨਜ਼ੁਰ ਦੇ ਵਿੱਚ ਨਸ਼ਿਆਂ ਮੈਹਵ ਦੋ ਨੈਣ ਤਿਨਹਾਂ ਦੇ
©
ਬਾਜ਼ਗ਼ਾ ਨਾਮ ਵੱਸੇ ਇੱਕ ਔਰਤ ਸਰਵਰ ਮਿਸਰ ਨਵਾਹੀ
ਆਦੀਆਂ ਦੀ ਵਿੱਚ ਕੌਮ ਉਸੇਦੀ ਸਰਦਾਰੀ ਤੇ ਸ਼ਾਹੀ
ਪੈਹਲੀ ਉਮਰ ਕੰਵਾਰੀ ਰਆਨਾ ਸਰੂ ਚਮਨ ਦਾ ਪੂਰਾ
ਜ਼ੁਹਦ ਲੁਟੇ ਤੇ ਸਬਰ ਲੁਟਾਵੇ ਉਸਦਾ ਨਾਜ਼ ਨਹੂਰਾ
ਨੂਰ ਰੁਖ਼ੋਂ ਲਸ਼ਕਾਰ ਦੰਦਾਂ ਥੀਂ  ਲੈਣ ਉਧਾਰ ਸਿਆਰੇ
ਕੌਸ ਕਜ਼ਆ ਦੋ ਅਬਰੂ ਅੱਗੇ ਖਾਵੇ ਝੂਲ ਹੁਲਾਰੇ
ਜ਼ੁਲਫਾਂ ਨਾਗ ਸਿਆਹੀਆਂ ਜ਼ਾਲਿਮ ਮਾਂਦਰੀਆਂ ਕੱਟ ਖਾਵਣ
ਜੰਗਾਹੀਂ ਮੈਦਾਨ ਬਿਰਹੋਂਦੇ ਕਾਰ ਕਮੰਦ ਲਿਆਵਨ
ਮੁਸ਼ਾਤਾ ਸੌ ਮਨਤਰ ਪੜ੍ਹ ਕਿ ਜ਼ੁਲਫਾਂ ਨੂੰ ਹੱਥ ਪਾਵੇ
ਅਜੇ ਡੜੇ ਮੱਤ ਉਂਗਲੀਆਂ ਨੂੰ ਜ਼ੁਲਮ ਕਰੇ ਕੱਟ ਖਾਵੇ
ਉਹ ਖ਼ੁਸ਼ ਰੰਗ ਰੰਗਤ ਵਿੱਚ ਰੰਗੀ ਉਸ ਥੀਂ ਬੌਹਤ ਅਗਾਹਾਂ
ਜੈਂ ਤੱਕ ਪੌਂਹਚ ਸਕਣ ਕਰ ਸ਼ੋਖ਼ੀ ਵੱਸਆਫਾਂ ਦੀਆਂ ਬਾਹਵਾਂ
ਪਿਆ ਪੁਕਾਰਾ ਗਿਰਦ ਨਵਾਹੀ ਹਰ ਜਾ ਸ਼ੈਹਰ ਗਰਾਈਂ
ਲੈ ਅਮਵਾਲ ਵਿਹਾਜਣ ਚੱਲੀ ਬਾਜ਼ਗ਼ਾ ਯੂਸਫ ਤਾਈਂ
ਯੂਸਫ ਦੇ ਉਹ ਆਨ ਮੁਕਾਬਿਲ ਆਪੇ ਅਣਤ ਖਲੋਈ
ਪੰਖੀਆਂ ਦੇ ਪਰ ਸੜ ਦੇ ਅੱਗੇ ਤੇ ਉਸਨੂੰ ਕੱਦ ਢੋਈ
ਵਿੱਚ ਮਕਾਮ ਅਦਬ ਖਲਿਆਰੀ ਦਿਲਬਰ ਦੀ ਖ਼ੁਸ਼ਰੋਈ
ਜੇ ਖ਼ੁਦ ਹੁਸਣ ਨ ਕਰੇ ਸਿਆਸਤ ਵਰਜਿਆਂ ਰੁਕੇ ਨ ਕੋਈ
ਬਾਜ਼ਗ਼ਾ ਨੇ ਕੱਢ੍ਹ ਪਰਦੇ ਵਿੱਚੋਂ ਜਾਂ ਦੋ ਨੈਣ ਵਗਾਹਏ
ਇੱਕੋ ਵਾਰ ਨਿਗਾਹ ਪਈ ਮੁੜ ਹੱਥੋਂ ਹੋਸ਼ ਗਵਾਏ
ਉੱਠ ਪੁੱਛੇ ਤੂੰ ਕੀਹ ਕੁਝ ਇਹੀ ਤੈਨੂੰ ਕਿਸ ਬਨਾਇਆ
ਰਗਾਂ ਪਈਆਂ ਤੱਨ ਹੱਡੀਆਂ ਉਤੇ ਇਹ ਕਿਨ ਰੰਗ ਚੜ੍ਹਾਇਆ
ਕਿਸ ਨੇ ਸਾਜ਼ੀ ਸੂਰਤ ਤੇਰੀ ਸੋਹਣੀ ਹੱਦ ਬਿਆਨੋਂ
ਹੈਂ ਪਿਦਾਇਸ਼ ਖ਼ਾਕ ਜ਼ਮੀਨੋਂ ਜਾਂ ਕਾ ਸ਼ੈ ਅਸਮਾਨੋਂ

ਸੁਣ ਯੂਸਫ ਲਾ ਗ਼ੋਤਾ ਜਾਂਦਾ ਵਹਦੱਤ ਦੇ ਦਰਯਾਈਂ
ਉਹਾ ਇੱਕ ਜਿਹਦਾ ਮੈਂ ਬੰਦਾ ਕੈਹੰਦਾ ਬਾਜ਼ਗ਼ਾ ਤਾਈਂ
ਸਾਨਿਹ ਪਾਕ ਬਨਾਵਣ ਵਾਲਾ ਮੇਰਾ ਹੁਸਨ ਦੁਲਾਰਾ
ਜਿਸਦੀ ਸਨਆ ਕਲਮ ਥੀਂ ਕਤਰਾ ਸੂਰਜ ਦਾ ਅੰਗਿਆਰਾ
ਐ ਬੀਬੀ ਮੈਂ ਜਿਸਦਾ ਬੰਦਾ ਉਸੇ ਦਾ ਜਗ ਸਾਰਾ
ਮੈਂ ਇੱਕ ਨਕਸ਼ ਕਰੋੜੀਂ ਨਕਸ਼ੋਂ ਤੇ ਉਹ ਸਰਜਨਹਾਰਾ
ਮੈਂ ਬੇਚਾਰਾ ਤੇ ਜੱਗ ਸਾਰਾ ਕੁੱਨ ਦਾ ਕੁੱਲ ਪਸਾਰਾ
ਉਹ ਫਿਲ ਜ਼ਾਤ ਗ਼ਨੀ ਹਰ ਸ਼ੈ ਥੀਂ ਉਸ ਬਿਨ ਹਰ ਬੇਚਾਰਾ
ਹਰ ਹਰ ਵਕਤ ਚਮਕਦਾ ਹਰ ਜਾ ਕੁਦਰਤ ਦਾ ਚਮਕਾਰਾ
ਨੂਰ ਅੱਖੀਂ ਥੀਂ ਮਾਤ ਕਰੇਂਦਾ ਹਿਕਮਤ ਦਾ ਲਸ਼ਕਾਰਾ
ਜਿਹਨਾਂ ਅੱਖੀਂ ਥੀਂ ਨਜ਼ਰ ਵਗਾਇਉ ਇਹ ਮਿਲੀਆਂ ਨਾਬੀਨੇ
ਜਿਹਨਾਂ ਅੱਖੀਂ ਵਿੱਚ ਮਆਨੀ ਚਮਕੇ ਉਹ ਨੂਰੀ ਆਈਨੇ
ਇਹ ਨ ਚਸ਼ਮ ਨਜ਼ਾਰਿਆਂ ਲਾਇਕ ਜਿਸਦੀ ਧੀਰੀ ਕਾਲੀ
ਇਹ ਖ਼ੁਦ ਫਾਨੀ ਫਾਨੀ ਦੇਖੇ ਦੇਖ ਰਹੇ ਮਤਵਾਲੀ
ਸੂਰਤ ਬੌਹਤ ਇਕਾਹਰ ਮਆਨੀ ਭੇਤ ਮਿਲੇ ਜਾਂ ਤੱਕੇਂ
ਜਾਂ ਲੱਗ ਮਿਲੇ ਅਸ਼ਾਰਤ ਨਾਹੀਂ ਤੂੰ ਕੁਝ ਸਮਝ ਨ ਸੱਕੇਂ
ਸੂਰਤ ਦੇਖ ਨਜ਼ਰ ਧਰ ਮਆਨੀ ਰਾਜ਼ ਇਸੇ ਵਿੱਚ ਸਾਰਾ
ਤੇ ਮਆਨੀ ਬਨ ਸੂਰਤ ਤੈਂ ਪਰ ਹੋਣ ਨਈਂ ਆਸ਼ਕਾਰਾ
ਚਲਦੀ ਵਆ ਨ ਘੱਤ ਕਲਾਵੇ ਰੈਹਣ ਦੋਵੇਂ ਹੱਥ ਖ਼ਾਲੀ
ਕਿਸ ਦੇ ਸ਼ੌਕ ਭਰੇਂ ਦਮ ਠੰਡੇ ਜਾਨ ਕਿਹਦੇ ਗ਼ਮ ਗਾਲੀ
ਮਤਾਂ ਪਿਆਸੀ ਝਾਕ ਦੋ ਬੂੰਦਾਂ ਵਗਦਾ ਬੈਹਰ ਅਗਾਹੀਂ
ਝੜ ਕਤਰਾ ਰਲ ਖ਼ਾਕ ਨ ਰੈਹਸੀ ਬੈਹਰ ਕਿਤੇ ਸਰ ਨਾਹੀਂ
ਨਾਬੀਨਾਇਉਂ ਜੇ ਝੱਕ ਆਇਉਂ ਜ਼ਾਹਿਰ ਦੇ ਦਰਬਾਰੇ
ਵਾਏ ਤਿਰੇ ਪਰ ਜੇ ਨ ਪਾਵੇਂ ਬਾਤਿਨ ਦੇ ਚਮਕਾਰੇ
ਬਆਜ਼ ਰੰਗਾਂ ਪਰ ਮਰ ਮਰ ਜਾਵੇਂ ਬਆਜ਼ ਤੱਕੇਂ ਵੱਟ ਖਾਵੇਂ
ਬਆਜ਼ ਮੱਨੇਂ ਤੇ ਬਆਜ਼ਿਉਂ ਮੁਨਕਰ ਮੁਨਸਿਫ ਕਿਵੇਂ ਸਦਾਵੇਂ
ਮਹੀਟ ਅੱਖੀਂ ਇਹ ਜ਼ਾਹਿਰ ਵਾਲੀਆਂ ਗੁਜ਼ਰ ਗਿਆਂ ਇਨਸਾਫੋਂ
ਬਾਤਨ ਵਾਲੀਆਂ ਖੋਲ੍ਹ ਅੱਖੀਂ ਨੂੰ ਮਿਲੇ ਨਜਾਤ ਖ਼ਲਾਫੋਂ
ਛੋੜ ਮੇਨੂੰ ਲਭ ਸਾਹਿਬ ਮੇਰਾ ਉਹਾ ਸਾਹਿਬ ਤੇਰਾ
ਤੇਰਾ ਮੇਰਾ ਦਮ ਦਾ ਲੇਖਾ ਕਾਈ ਰੋਜ਼ ਵਸੇਰਾ
ਮੈਂ ਮੁਹਤਾਜ ਖੜਾ ਦਰ ਜਿਸਦੇ ਦਿਤਸ ਬੂੰਦ ਜਮਾਲੋਂ
ਇਕੱ ਕਤਰੇ ਵੱਲ ਵੇਖ ਨ ਰੱਝੇਂ ਔਗਤ ਜਾਵੇਂ ਹਾਲੋਂ
ਜੇ ਤੂੰ ਚਾਹੇਂ ਗ਼ਮੋਂ ਆਜ਼ਾਦੀ ਆਸ ਮਿਲੇ ਦਰਗਾਹੋਂ
ਜੇ ਤੂੰ ਚਾਹੇਂ ਹਰ ਦਮ ਖ਼ੁਸ਼ੀਆਂ ਭੁੱਲ੍ਹ ਨਹੀਂ ਇਸ ਰਾਹੋਂ
ਜੇ ਤੂੰ ਚਾਹੇਂ ਮੈਂ ਸੁੱਖ ਪਾਵਾਂ ਛੱਡ ਦੇ ਦੁਨੀਆ ਦਾਰੀ
ਜੇ ਤੂੰ ਚਾਹੇ ਫਖ਼ਰ ਹਜ਼ਾਰਾਂ ਚਾ ਖ਼ੁਦੀਉਂ ਬੇਜ਼ਾਰੀ
ਜੇ ਤੂੰ ਯਾਰ ਪਿਆਰੇ ਖ਼ਾਤਿਰ ਹਰ ਸ਼ੈ ਥੀਂ ਛੁੱਟ ਜਾਵੇਂ
ਜੋ ਚਾਹੇਂ ਤੂੰ ਸੋ ਕੁਝ ਪਾਵੇਂ ਥਾਉਂ ਕੁਥਾਂ ਮੁੜ ਪਾਵੇਂ

ਜੋ ਚਾਹੈ ਸੋ ਮਿਲੇ ਇਥਾਂਈਂ ਇਹ ਦਰ ਛੋੜ ਨ ਜਾਈਂ
ਜੇ ਇਹ ਛੋੜ ਚਲੇਂ ਕੱਦ ਕਿਧਰੇ ਖ਼ੈਰ ਮਿਲੇ ਤੁਧ ਤਾਈਂ
ਪਲੇਂ ਜਿਹਦੇ ਵਿੱਚ ਨਾਜ਼ ਇਹਸਾਨੋਂ ਉਸ ਥੀਂ ਖ਼ਬਰ ਨ ਪਾਵੇਂ
ਜੇ ਖ਼ੁਦ ਵਾਂਗ ਮਿਲੇ ਕਾ ਸੂਰਤ ਦੇਖ ਝੜੇਂ ਗ਼ਸ਼ ਖਾਵੇਂ
ਫ਼ਿਰ ਮੁੜ ਦੇਖ ਜੋ ਸਭ ਕੁਝ ਉਸਦਾ ਨ ਕੁਝ ਤੇਰਾ ਮੇਰਾ
ਕਿਤਵਲ ਨਿਸਬਤ ਕਰੈ ਪੁਕਾਰੇਂ ਤੇਰਾ ਹੁਸਨ ਘਨੇਰਾ
ਅਬਰੂ ਤਾਕ਼ ਖਿੱਚੇ ਪਰਕਾਰੋਂ ਤੈਨੂੰ ਨਜ਼ਰੀਂ ਆਇ
ਇਹ ਪਰਕਾਰ ਵਗੀ ਕਿਸ ਤਰਫੋਂ ਕਿਉਂ ਇਹ ਰਾਜ਼ ਨ ਪਾਏ
ਤੇ ਕਿਸ ਨੈਹਰੋਂ ਪਾਣੀ ਮਿਲਿਆ ਗੁਲ ਤਾਜ਼ਾ ਰੁਖਸਾਰਾਂ
ਉਸਦੇ ਫਜ਼ਲ ਕਰਮ ਦੀ ਲੈਹਰੋਂ ਪਲਦੇ ਬਾਗ਼ ਹਜ਼ਾਰਾਂ
ਨਾਲ ਮਿਸਾਲਾਂ ਗੱਲਾਂ ਸੁਣੀਆਂ ਰਖਦਿਆਂ ਫਰਕ ਵਡੇਰਾ
ਤੇ ਉਹ ਪਾਕ ਮਿਸਾਲਾਂ ਕੋਲੋਂ ਉਸਦਾ ਸ਼ਾਨ ਉਚੇਰਾ
ਉਹ ਹੁਣ ਢੂੰਡ ਜੋ ਤੈਂ ਹੱਥ ਆਵੇ ਜਿਸ ਵਜੂਦ ਵਜੂਦੋਂ
ਗ਼ਫਲਤ ਛੋੜ ਅਜੇ ਹੈ ਵੇਲਾ ਖ਼ੂਬ ਲੱਭੇ ਨਾਖ਼ੂਬੋਂ
ਪਰਪਸ਼ਾ ਦਾ ਕਦਰ ਨ ਰੱਖਦੀ ਫਾਨੀ ਦੁਨੀਆ ਸਾਰੀ
ਇਸ਼ਕ ਜਿਹਨਾਂ ਦਿਲ ਦਮੀਂ ਵਿਹਾਜੇ ਜਿਨਸ ਗਏ ਲੈ ਭਾਰੀ
ਉਹਾ ਹਾਦੀ ਰਾਹ ਦਿਲਾਂ ਦਾ ਫਜ਼ਲ ਜਿਹਨਾਂ ਤੇ ਯਾਰੀ
ਨਾਂਲ ਇਸ਼ਾਰਤ ਸਮਝ ਗਿਆਂ ਦੀ ਵਾਹ ਵਾਹ ਬਰਖ਼ੁਰਦਾਰੀ
ਸੁਣ ਤਕਰੀਰਾਂ ਨਾਜ਼ਿਕ ਮਆਨੀ ਜ਼ੱਨ ਅੱਖੀਂ ਖੁੱਲ੍ਹ ਗਈਆਂ
ਤਰਹਾਈ ਵਿੱਚ ਦਰਯਾ ਸ਼ਰਬਤ ਡੁੱਬ ਮੁਰਾਦਾਂ ਲਈਆਂ
ਲਭ ਲਿਆ ਮੈਂ ਅਸਲ ਪਿਆਰਾ ਛੋੜ ਹਵਸ ਦੀ ਬਾਜ਼ੀ
ਅਸਲ ਹਕੀਕਤ ਮੈਂ ਹੱਥ ਆਈ ਛੱਡੀ ਤਲਬ ਮਜਾਜ਼ੀ
ਨੂਰ ਨਦੀ ਵਿੱਚ ਨਹਾਤੀ ਧੋਤੀ ਹੁਸਨੇ ਦੀ ਵਨਜਾਰੀ
ਜਾਨ ਫਿਦਾ ਇਸ ਜ਼ਨ ਦੇ ਕਦਮੋਂ ਜੋ ਹੋ ਮਰਦ ਸਧਾਰੀ
ਵਾਹ ਮਰਦੋ ਮਰ ਜਾਊ ਡੁੱਬ ਡੁੱਬ ਜ਼ੱਨਾਂ ਗਈਆਂ ਵਧ੍ਹ ਅੱਗੇ
ਨਾਮਵਰੀ ਦੀਆਂ ਪੱਗਾਂ ਤਾਈਂ ਕਿਉਂ ਅੱਜ ਦਾਗ਼ ਨ ਲੱਗੇ
ਕਦਮ ਪਿੱਛੇ ਇਸ ਜ਼ਨ ਦੇ ਮਰਦਾ ਜੇ ਤੂੰ ਕਦਮ ਉਠਾਵੇਂ
ਯਾਰ ਮਿਲੇ ਤੇ ਮਕਸਦ ਪਾਵੇਂ ਕਦੀ ਨ ਔਗਤ ਜਾਵੇਂ

## ਜ਼ੁਲੈਖ਼ਾਂ ਦਾ ਹਜ਼ਰਤ ਯੂਸਫ ਦੇ ਹੁਸਨ ਨੂੰ ਵੇਖ ਕੇ ਉਸ ਉਤੇ ਮੋਹਤ ਹੋਣਾ

ਘੱਤ ਵਿੱਚ ਜਾਮ ਤ਼ਲਬ ਦੇ ਸਾਕੀ ਦੋ ਘੁੱਟ ਸ਼ੌਕ ਸ਼ਰਾਬੋਂ
ਸੇਲ ਫਨਾਹ ਵਿੱਚ ਰੁੜਿਆ ਜਾਵਾਂ ਛੁੱਟੇ ਜਾਨ ਅਜ਼ਾਬੋਂ
ਤੇ ਇਹ ਜਾਮ ਦੁੱਖਾਂਦਾ ਭਰਿਆ ਲਬੋਂ ਨ ਲਾਹਾਂ ਮੂਲੇ
ਲੱਖ ਲੱਖ ਖ਼ੁਸ਼ੀ ਗ਼ੁਲਾਮ ਰਸੂਲੇ ਜੇ ਮੈਹਬੂਬ ਕਬੂਲੇ
ਵਾਹ ਦਰਦਾਂ ਸਰ ਕੂਕਾਂ ਕਰਦੀ ਰਾਤ ਫਰਾਕਾਂ ਵਾਲੀ
ਆਂ ਯਾਰਾ ਮੈਂ ਵਿੱਚ ਉਡੀਕਾਂ ਜਾਂ ਤੇ ਸੁਰਤ ਸਮਾਲ੍ਹੀ
ਹਸਤੀ ਸੋਜ਼ ਬਿਰਹੋਂ ਦੀਆਂ ਲਾਟਾਂ ਮੁਸ਼ਿਕਲ ਭੁਲਦਿਆਂ ਜਾਨਾ

ਤਨ ਮਨ ਸਾੜ ਸ਼ਮਆ ਤੇ ਆਖ਼ਿਰ ਲਾਟ ਛੱਡੇ ਪਾਵਾਨਾ
ਜਲ ਜਲ ਜਾਣ ਕਲਮ ਦੀਆਂ ਨੋਕਾਂ ਪੁਰਜ਼ੇ ਹੋਣ ਜ਼ੁਬਾਨਾ
ਹਰਫ ਲਿਖਣ ਜਾਂ ਕੈਹਣ ਕਦਾਈਂ ਨਾਲ ਕਲਾਮ ਬਿਆਨਾਂ
ਇੱਕ ਦੁਖਤਰ ਇਸ ਨਾਮ ਜ਼ੁਲੈਖ਼ਾ ਪੁਰ ਅਨਵਾਰ ਸਫਾਈ
ਹੂਰਾਂ ਉਸਦੀਆਂ ਖਿਦਮਤਗਾਰਾਂ ਪਰੀਆਂ ਚੀਜ਼ ਨ ਕਾਈ
ਕਾਲੀ ਰੈਣ ਝਲਕਦੇ ਤਾਰੇ ਵਾਗੂੰ ਜ਼ਖ਼ਮ ਉਸ਼ਾਕਾਂ
ਬਰਗ ਗੁਲਾ ਪੁਰ ਅਰਕ਼ ਤਰੇਲੋਂ ਵਾਂਗ ਮੱਥੇ ਮੁਸ਼ਤਾਕਾਂ
ਨੂਰ ਬੈਹਰ ਵਿੱਚ ਗ਼ੋਤੇ ਖਾਂਦੇ ਮਾਰਨ ਜੋਸ਼ ਬੁਲਾਰਾਂ
ਛਣ ਛਣ ਨੂਰ ਵਰਹੇ ਵਿੱਚ ਸੀਣੇ ਹਰ ਸ਼ਬ ਜ਼ਿੰਦਾ ਦਾਰਾਂ
ਖ਼ਾਰ ਵੱਜੇ ਵਿੱਚ ਦਿਲ ਦੀਆਂ ਅੱਖੀਂ ਰੜਕਣ ਗ਼ਮ ਦੀਆਂ ਨੋਕਾਂ
ਤਨ ਜ਼ਿੰਦਾ ਦਿਲ ਮੁਰਦਿਆਂ ਦਾਖਿਲ ਖ਼ਬਰ ਨ ਕਾਈ ਲੋਕਾਂ
ਪਰ ਵਿੱਚ ਤਲਬ ਮੁਰਾਦ ਹਕੀਕਤ ਤਨ ਮੁਰਦਾ ਦਿਲ ਜ਼ਿੰਦਾ
ਵਾਹ ਵਾਹ ਇਸ਼ਕ ਜਿੱਥੇ ਝੁੱਲ ਵਗਦਾ ਜਮਆ ਜ਼ਿਦਾਂ ਕਰ ਦੇਂਦਾ
ਅੱਜ ਕਲਮ ਕਦੀਰ ਅਜ਼ਲ ਦੀ ਦੇਣ ਲਗੀ ਕੀਹ ਝਿੜਕਾਂ
ਕੰਨ ਉਘਾੜ ਜਿਧਰ ਵੱਲ ਵੇਖਾਂ ਪੈਣ ਦੁੱਖਾਂ ਦੀਆਂ ਬਿੜਕਾਂ
ਅੱਜ ਇਰਾਦਾ ਰੱਜ ਰੱਜ ਰੋਵਾਂ ਵੱਗ ਦਰਦਾਂ ਦੀ ਵਾਏ
ਰਸ ਰਸ ਵੱਸ ਵਿੱਚ ਦਿਲ ਦੇ ਦਰਦਾ ਰੋਵਣ ਦੇ ਦਿਣ ਆਇ
ਰੜਕੇ ਜ਼ਖਮ ਨ ਸੌਵਣ ਦਿਵੇ ਕੱਦ ਇਹ ਦਰਦ ਸੋਖ਼ਾਲੀ
ਨੈਣ ਵਗਣ ਦੋ ਸਾਵਣ ਝੜੀਆਂ ਤਰ ਹੋ ਗਈ ਨਿਹਾਲੀ
ਐ ਮੇਰੇ ਮੈਹਬੂਬ ਪਿਆਰੇ ਐ ਮਕਸੂਦ ਦਿਲਾਂ ਦੇ
ਮੈਨੂੰ ਰੋੜ੍ਹ ਵਗਾਵਣ ਵਾਲੇ ਤਿਰੇ ਜ਼ਖ਼ਮ ਨ ਜਾਂਦੇ
ਕੀਹ ਜਾਣਾਂ ਤੂੰ ਕਿੱਥੋਂ ਆਇਉਂ ਕਿਤਵੱਲ ਕਸਦ ਉਠਾਇਆ
ਰਾਹ ਜਾਂਦੇ ਦਿਲ ਘੱਤ ਕਮਾਨੋਂ ਮੈਂ ਪਰ ਤੀਰ ਚਲਾਇਆ
ਜੇ ਮੈਂ ਤੈਂ ਵਿੱਚ ਫਰਕ ਨਈਂ ਤੇ ਕੀਹ ਹੈ ਦਰਦ ਜੁਦਾਈ
ਜੇ ਤੂੰ ਹੋਰ ਤੈ ਮੈ ਸ਼ੈ ਕਾਈ ਆਖ਼ਿਰ ਰਾਜ਼ ਕਿਆਈ
ਯਾ ਮੈਂ ਇਸ਼ਕ ਤਿਰੇ ਦੇ ਜ਼ਖ਼ਮੋਂ ਕਤਰਾ ਹਾਂ ਇੱਕ ਖ਼ੂਨੀ
ਯਾ ਤੂੰ ਜ਼ਾਹਿਰ ਤੇ ਮੈ ਮਜ਼ਹਰ ਹਾਲੋਂ ਗੂਨਾ ਗੂਨੀ
ਤੂੰ ਕੁਝ ਚੀਜ਼ ਸਭਾਂ ਥੀਂ ਸੋਹਿਣੀ ਤੇਰੀ ਮਿਸਲ ਨ ਕਾਈ
ਮੇਰੇ ਵੈਹਮ ਗੁਮਾਨ ਕਿਆਸੋਂ ਦੂਰ ਤੇਰੀ ਵਡਿਆਈ
ਨਾਮ ਤਿਰਾ ਜੇ ਮਆਲਮ ਹੋਵੇ ਵਿਰਦ ਕਰਾਂ ਦਿਣ ਰਾਤੀਂ
ਵਿੱਚ ਮੈਹਰਾਬਾਂ ਤੇਰੀਆਂ ਦੂਹਾਂ ਪੜ੍ਹਾਂ ਦੁਆ ਸਲਾਤੀਂ
ਕਿਵੇਂ ਕਹਾਂ ਵਿੱਚ ਨੈਣ ਮੇਰੇ ਦੇ ਗੁਜ਼ਰ ਅੱਖੀਂ ਤੱਕ ਹਾਲੇ
ਪੈਰ ਧਰੀਂ ਵਿੱਚ ਮੇਰੀਆਂ ਅੱਖੀਂ ਡਰਾਂ ਪਵਨ ਮਤ ਛਾਲੇ
ਭੱਠ ਲੌਂਦੇ ਵਿੱਚ ਮੇਰੀਆਂ ਅੱਖੀਂ ਨੈਣ ਜਲਣ ਵਿੱਚ ਭਾਹੀਂ
ਪੈਰ ਰੰਗੀਲੇ ਨਾਜ਼ਕ ਤਲੀਆਂ ਇਹ ਝੱਲ ਸਕਦੀਆਂ ਨਾਹੀਂ
ਬਖ਼ਸ਼ ਮੇਰੀ ਬੇ ਅਦਬੀ ਜੋ ਮੈਂ ਨਕਸ਼ ਤੇਰਾ ਦਿਲ ਧਰਿਆ
ਇਹ ਪਰੁਖ਼ਾਰ ਮਕਾਮ ਨ ਉਸਦਾ ਸੋਜ਼ ਅਲਮ ਥੀਂ ਭਰਿਆ
ਕਿਉਂ ਮੁੜ ਖ਼ਬਰ ਨ ਲਈਉ ਮੇਰੀ ਧਰ ਚੰਗਆਿੜੀ ਕੱਖੀਂ

ਮੈਂ ਦੀਦਾਰ ਤੇਰਾ ਰੱਜ ਵੇਖਾਂ ਮੁੱਲ ਮਿਲੇ ਜੇ ਲੱਖੀਂ
ਵਲ ਛਲ ਯਾਦ ਨ ਮੈਨੂੰ ਕਾਈ ਦਿਲ ਸਾਦਾ ਕੀਹ ਜਾਣਾ
ਇਸ਼ਕ ਤਿਰੇ ਦਾ ਭਾਰ ਕਿਆਮਤ ਮੈਂ ਪਰ ਕਰੇ ਧਗਾਣਾ
ਰੈਣ ਨ ਮੁੱਕੇ ਨੈਣ ਨ ਸੁੱਕੇ ਚੈਣ ਨ ਢੁੱਕੇ ਨੇੜੇ
ਗ਼ਮ ਦੀਆਂ ਆਹੀਂ ਘਟਦੀਆਂ ਨਾਹੀਂ ਕੀਤਿਆਂ ਗ਼ਮਦੇ ਝੇੜੇ
ਪਰਦਿਆਂ ਦੇ ਵਿੱਚ ਇਹ ਰੰਗ ਖ਼ੂਨੀ ਰੈਹਣ ਨ ਮੂਲ ਦਬਾਏ
ਪਰਦੇ ਜਾਣ ਰੰਗੇ ਇਸ ਰੰਗੋਂ ਫ਼ੇਰ ਨ ਜਾਣ ਛੁਪਾਏ
©
ਇਸ਼ਕੋਂ ਤੀਰ ਵੱਜੇ ਜਿੱਥ ਕਾਰੀ ਰਹੇ ਨ ਜ਼ਖ਼ਮ ਲੁਕਾਇਆ
ਤਦਬੀਰਾਂ ਦੇ ਪਰਦੇ ਅੰਦਰ ਇਹ ਦੁੱਖ ਕਦੀ ਨ ਆਇਆ
ਇਸ਼ਕ ਇਹਾ ਵਿੱਚ ਕੱਖਾਂ ਆਤਿਸ਼ ਭਕ਼ ਭਖ ਲਾਟਾਂ ਮਾਰੇ
ਇਸ਼ਕ ਲੁਕਾਇਆਂ ਲੁਕਦਾ ਨਾਹੀਂ ਆਖ਼ਿਰ ਜੋਸ਼ ਖਲਾਰੇ
ਵਿੱਚੇ ਵਿੱਚ ਦਿਲ ਲਾਂਬੂ ਲਾਵੇ ਧੂਵਾਂ ਨਈਂ ਦਿਖਲਾਵੇ
ਜੇ ਉਹ ਧੂਵਾਂ ਨਈਂ ਦਿਖਲਾਵੇ ਲਾਟ ਕਦੀ ਛੁਟ ਜਾਵੇ
ਬਿਹੋਂ ਵੇਲ ਲਗੀ ਵਿੱਚ ਦਿਲ ਦੇ ਅਸ਼ਕੋਂ ਪਾਣੀ ਪਾਇਆ
ਇਹ ਵਧ੍ਹ ਸਿਰ ਚੜ੍ਹ ਗਈ ਦਰਖ਼ਤੀਂ ਹਾਲ ਸਭਾ ਦਿਸ ਆਇਆ
ਮੈ ਬੇ ਕੈਫ ਡਿੱਠਾ ਉਹ ਦਿਲਬਰ ਕਿਵੇਂ ਕਹਾਂ ਕੈਫਈਅਤ
ਮਤ ਕੋ ਵੈਹਮ ਕਰੇ ਉਹ ਨਾਹੀਂ ਜਾਹਿਲ ਹੈ ਬੱਦ ਨਈਅਤ
ਜੇ ਉਹ ਕਾਇਨ ਨਹੀਂ ਮਕੂਨ ਸੂਰਤ ਨਾਜ਼ਾਂ ਵਾਲੀ
ਆਖ਼ਿਰ ਕਿਵੇਂ ਸਮਾਏ ਬਰਜ਼ਖ਼ ਆਲਮ ਵਿੱਚ ਮਿਸਾਲੀ
ਮੈਂ ਹਾਂ ਮਆਜ਼ ਅਦਮ ਉਹ ਹਸਤੀ ਉਹ ਬਾਕੀ ਮੈਂ ਫਾਨੀ
ਮੈਂ ਮਆਕੂਲ ਖ਼ਫੀ ਵਿੱਚ ਸਾਨੀ ਉਹ ਮਹੈਸੂਸ ਅਯਾਨੀ
ਉਹ ਮਸ਼ਹੂਦ ਮਸ਼ਾਹਿਦ ਆਪੇ ਮੈਂ ਨਾਹੀਂ ਸ਼ੈ ਕਾਈ
ਮੇਂ ਮੁਕੱਯੀਦ ਹਾਂ ਇਤਬਾਰੀ ਮੁਤਲਿਕ ਉਹ ਸਫਾਈ
ਵਿੱਚ ਕੁਵਆ ਬਦਨ ਦੇ ਰੱਖਦਾ ਵੈਹਮ ਸਿਪਾ ਸਾਲਾਰੀ
ਜਿਤਵੱਲ ਵੈਹਮ ਧਰੇ ਰੁਖ਼ ਉਤਵੱਲ ਵੱਗੇ ਤਬੀਅਤ ਸਾਰੀ
ਕੂੜਾ ਨਕਸ਼ ਖ਼ਿਆਲ ਤਿਰੇ ਵਿੱਚ ਵੈਹਮ ਤਿਰੇ ਘੜ ਧਰਿਆ
ਤੂੰ ਹੁਣ ਇਸ ਅਨਹੋਏ ਨਕਸ਼ੋਂ ਦਰਦ ਭਿੰਨਾ ਦਿਲ ਭਰਿਆ
ਜਿਸ ਸ਼ੈ ਤੇ ਤੂੰ ਆਸ਼ਿਕ ਹੋਇਉਂ ਉਹ ਨਾਹੀਂ ਬਿਨ ਤਿਰੇ
ਖ਼ਾਰਜ ਵਿੱਚ ਵਜੂਦ ਨ ਉਸਦਾ ਭਾਂਵੇਂ ਲਭ ਚੌਫੇਰੇ
ਵਹਮੀ ਨਕਸ਼ ਮੁਜੱਸਮ ਨੂੰ ਤੂੰ ਕਰ ਕਰ ਮਸ਼ਕ ਪਕਾਇਆ
ਝੂਠਾ ਨਕਸ਼ ਦਮਾਗ਼ੇ ਧਰਿਆ ਕਾਹੋਂ ਕੋਹ ਬਨਾਇਆ
ਧਾਮਨ ਅਕਲ ਸਦਾ ਫੜ ਝਬਦੇ ਵੈਹਮ ਉਡੇਸੀ ਆਪੇ
ਜਾਂ ਲਗ ਅਕਲ ਨ ਕਰੇ ਵਕਾਲਤ ਤੈਨੂੰ ਕੁਝ ਨ ਜਾਪੇ
ਉਹ ਬੇ ਮਿਸਲ ਅਜਿਹਾ ਸੂਰਜ ਪਰਦਿਆਂ ਥੀਂ ਅੱਗ ਸਾੜੇ
ਅਕਲ ਵੈਹਮ ਜੇ ਉਡਣ ਉਹਦੇ ਵੱਲ ਦੂਹੰਾਂ ਦੇ ਪਰ ਸਾੜੇ

## ਖ਼ਾਬ ਵਿਚ ਖ਼ੁਲੈਖ਼ਾ ਦਾ ਦੂਜੀ ਵਾਰ ਹਜ਼ਰਤ ਯੂਸਫ ਦਾ ਜਮਾਲ ਵੇਖ ਕੇ ਹੋਸ਼ ਗਵਾ ਬੈਹਣਾ ਅਤੇ ਪਿਉ ਦਾ ਉਸ ਨੂੰ ਬੇੜੀਆਂ ਪਵਾ ਕੇ ਅੰਦਰ ਡਕ ਦੇਣਾ

ਭਰ ਸਾਕੀ ਦੇਹ ਦੂਜੀ ਵਾਰੀ ਤੇਜ਼ ਨਸ਼ੇ ਦਾ ਕਾਸਾ
ਖ਼ੁਦੀ ਤਕੱਬਰ ਮਾਨ ਗੁਮਾਨਾਂ ਰਹੇ ਜਹੱਨਮ ਵਾਸਾ
ਸੌਦਾਈਆਂ ਦੀ ਹੈਰਤ ਮੰਦੀ ਅੱਗੇ ਥੀਂ ਵਧ੍ ਜਾਵੇ
ਕਰੇ ਇਲਾਜ ਤੇ ਪਵੇ ਕਜ਼ੀਆ ਦਿਲ ਵੇਚੇ ਗ਼ਮ ਖਾਵੇ
ਜਿਸ ਦਿਣ ਦਾ ਵਿੱਚ ਖ਼ਾਬੇ ਦਿਸੇਉਂ ਮੈਨੂੰ ਨੀਂਦ ਨ ਆਈ
ਜਿਸ ਦਿਣ ਦਾ ਤੂੰ ਛੋੜ ਸਧਾਇਉ ਮੈਨੂੰ ਸੂਰਤ ਨ ਆਈ
ਮੈਂ ਰਾਤਾਂ ਵਿੱਚ ਕੱਲੀ ਬੈਹ ਬੈਹ ਪੇਸ਼ ਧਰੇ ਗ਼ਮ ਤਿਰੇ
ਮੈਂ ਜਾਗਾਂ ਤੇ ਤ਼ਾਲਿਹ ਸੁੱਤੇ ਵਾਹ ਵਾਹ ਤਾਲਿਹ ਮੇਰੇ
ਤਾਲਿਹ ਕੋਲੋਂ ਮੈਂ ਅੱਜ ਰਾਤੀਂ ਮੰਗਾਂ ਨੀਂਦ ਉਧਾਰੀ
ਜੇ ਉਹ ਜਾਗੇ ਤਾਂ ਮੈਂ ਸੌਵਾਂ ਮਹੀਟ ਅੱਖੀਂ ਇੱਕ ਵਾਰੀ
ਐ ਵਲ ਦਾਰ ਕਮੰਦਾਂ ਵਾਲਿਆ ਮੈਬੂਬਾ ਮੈ ਵਾਰੀ
ਤਿਰ ਨਾਜ਼ ਕ੍ਰਿਸ਼ਮਿਆਂ ਉਤੇ ਮੈਂ ਕੁਬਾਨ ਬੇਚਾਰੀ
ਜੀਵਣ ਜੋਗਿਆ ਜੋ ਕੁਝ ਹੋ ਗਿਆ ਸੁਣ ਲੈ ਦਰਦ ਕਹਾਣੀ
ਜੇ ਨ ਮੋਈ ਮੈਂ ਮਰ ਜਾਣੀ ਤੂੰ ਮੱਤ ਖ਼ਾਮ ਪਛਾਣੀ
ਵਿੱਚ ਫਰਾਕ ਤਿਰੇ ਦੁੱਖ ਕੱਟੇ ਜਾਨ ਗ਼ਮਾਂ ਵਿੱਚ ਡਾਲੀ
ਜਿਸ ਦਿਣ ਦਾ ਤੂੰ ਪੁਟ ਸਧਾਇਉਂ ਮੈਂ ਨ ਸੁਰਤ ਸਮਆਲੀ
ਜਿਸ ਦਿਣ ਦਾ ਤੂੰ ਮੇਰੇ ਉੱਤੇ ਗ਼ਮਜ਼ਿਉਂ ਵਾਰ ਚਲਾਇਆ
ਮੈਨੂੰ ਸਬਰ ਆਰਾਮ ਤਸੱਲੀ ਖ਼ਆਬੇ ਨਜ਼ਰ ਨਾ ਆਇਆ
ਜਿਸ ਦਿਣ ਦਾ ਮੈਂ ਤੈਨੂੰ ਡਿੱਠਾ ਅਪਣਾ ਆਪ ਭੁਲਾਇਆ
ਜਿਸ ਦਿਣ ਦਾ ਮੈਂ ਤੈਨੂੰ ਪਾਇਆ ਖ਼ੁਦ ਨੂੰ ਰੋਹੜ ਗਵਾਇਆ
ਜਿਸ ਦਿਣ ਦਾ ਮੈਂ ਤੈਨੂੰ ਲੱਬਿਆ ਹੋਰਸ ਭਾ ਸੱਟ ਪਾਇਆ
ਜਿਸ ਦਿਣ ਦਾ ਮੈਂ ਤੈਨੂੰ ਪੂਜਿਆ ਪੂਜਾ ਦਾ ਵਲ ਆਇਆ
ਜਿਸ ਦਿਣ ਦੀ ਤੂੰ ਮੇਰੇ ਦਿਲ ਤੇ ਵਾਹੀ ਨਾਜ਼ ਕਟਾਰੀ
ਖ਼ੂਨ ਜਿਗਰ ਦਾ ਆਬ ਦਿਲੇ ਦਾ ਰਿਹਾ ਅੱਖੀਂ ਥੀਂ ਜਾਰੀ
ਮੈਂ ਵਿੱਚ ਦਰਦ ਤਿਰ ਦੇ ਰਿਸ ਮਿਸ ਹੋਰ ਨ ਦਰਦ ਪਛਾਤਾ
ਮਰਣ ਚੰਗਾ ਕਰ ਲੱਖ ਲੱਖ ਵਾਰੀ ਇਸ ਜੀਵਣ ਥੀਂ ਜਾਤਾ
ਸੱਚ ਕਲਾਮ ਸਬਾਹੋਂ ਸਾਦਿਕ ਸਾਫ ਗੌਹਿਰ ਦੀ ਆਬੋਂ
ਰੋਸ਼ਨ ਨੂਰੋਂ ਸ਼ੀਰੀਂ ਸ਼ੈਹਿਦੋਂ ਖ਼ੁਸ਼ਬੂ ਨਾਕ ਗਲਾਬੋਂ
ਵੱਸੇਂ ਜ਼ਮੀਨੇ ਯਾ ਅਸਮਾਨੇ ਚੰਦ ਹੋਵੇਂ ਯਾ ਤਾਰਾ
ਯਾ ਤੂੰ ਸੂਰਜ ਯਾ ਤੂਂ ਬਿਜਲੀ ਯਾ ਤੂੰ ਕੁਝ ਨਿਆਰਾ
ਸੁਣ ਉਸ ਨੇ ਇਹ ਗਿਰੀਆ ਜ਼ਾਰੀ ਅੰਤ ਇਹਾ ਫਰਮਾਇਆ
ਮੈਂ ਹਾਂ ਖ਼ਾਕੀ ਆਦਮ ਜ਼ਾਦਾ ਸ਼ੌਕ ਤਿਰੇ ਇੱਥ ਆਇਆ
ਜੀਊਂ ਤੂੰ ਮੇਰੀਆਂ ਦਰਦਾਂ ਅੰਦਰ ਰੋ ਰੋ ਕਰੈ ਦੁਹਾਈ
ਉਵੇਂ ਮੈਂ ਵੀ ਸ਼ੌਕ ਤਿਰੇ ਦੇ ਸਿਰ ਪਰ ਆਫਤ ਚਾਈ

ਜੇ ਤੂੰ ਆਸ਼ਿਕ ਮੇਰੇ ਉਤੇ ਮੈਂ ਕਦ ਇਸ਼ਕੋਂ ਖ਼ਾਲੀ
ਇਹਾ ਦਾਮ ਮੇਰੇ ਗਲ ਗੁੱਝੀ ਤੇਰੀਆਂ ਜ਼ੁਲਫਾਂ ਵਾਲੀ
ਜੇ ਤੇਰਾ ਵਿੱਚ ਸ਼ੌਕ ਮੇਰੇ ਦੇ ਦਰਦੀਂ ਵਕਤ ਵਿਹਾਇਆ
ਆਖ਼ਿਰ ਮੈਂ ਵਿੱਚ ਸ਼ੌਕ ਤਿਰ ਦੇ ਹਾਂ ਵਿੱਚ ਦਰਦ ਸਵਾਇਆ
ਜਾਂ ਮੈਂ ਨਾਲ ਤਿਰੇ ਖ਼ੁਦ ਪੈਹਲੇ ਦਿਲ ਥੀਂ ਸੱਚੀਆਂ ਲਾਈਆਂ
ਮੇਰੀਆਂ ਲਾਈਆਂ ਤੈਂ ਵੱਲ ਆਇਆਂ ਤੂੰ ਲਾਈਆਂ ਮੈਂ ਪਾਇਆਂ
ਜੇ ਮੈਂ ਤੈਂ ਵੱਲ ਨ ਰੁੱਖ਼ ਕਰਦਾ ਤੂੰ ਕਦ ਮੈਂ ਵੱਲ ਝੁਕਦੀ
ਜੇ ਮੈਂ ਤੇਰਾ ਹਾਲ ਨ ਪੁਛਦਾ ਤੂੰ ਦਰਦੀ ਮਰ ਮੁਕਦੀ
ਯਾਦ ਰੱਖੀਂ ਮੱਤ ਮੇਰੇ ਬਾਝੋਂ ਹੋਰਸ ਨੂੰ ਗਲ ਲਾਵੀਂ
ਇਸ਼ਕੋਂ ਹਰਗਜ਼ ਹੱਲ ਨ ਜਾਈਂ ਸਾਬਤ ਕਦਮ ਟਿਕਾਈਂ
ਇਹ ਅਮਾਨਤ ਇਸ਼ਕ ਅਸਾਡਾ ਪੂਰਾ ਪਾਰ ਨਿਭਾਈਂ
ਸੁੱਟ ਵੱਚਕਾਰ ਨ ਹਾਰੀਂ ਕੌਲੋਂ ਜਾਵੀਂ ਮਤਾਂ ਅਜ਼ਾਈਂ
ਜੇ ਲਾਈਆਂ ਤੂੰ ਤੋੜ ਨ ਜਾਈਂ ਜਿਊਂ ਕਿਉਂ ਚਾਈਂ ਚਾਈਂ
ਤੇ ਇਸ਼ਕੇ ਨੂੰ ਲੀਕ ਨ ਲਾਈਂ ਦਾਗ਼ ਲੱਗੇ ਤੋ ਤਾਈਂ
ਜੇ ਵਿੱਚ ਇਸ਼ਕ ਵਗਣ ਸਰ ਤੇਗ਼ਾਂ ਉਤ ਵੱਲ ਨਜ਼ਰ ਨ ਪਾਈਂ
ਔਖੀਆਂ ਘਾਟੀਆਂ ਮੁਸਕਲ ਪੈਂਡੇ ਦੇਖ ਨ ਕਦਮ ਹਟਾਈਂ
ਮੈ ਤੇਰਾ ਤੂੰ ਮੇਰੀ ਹੋ ਕਿ ਤਨ ਮਨ ਖ਼ਾਕ ਰਲਾਈਂ
ਤੇ ਗ਼ੈਰਾਂ ਵੱਲ ਝਾਤ ਨ ਪਾਈਂ ਗ਼ੈਰੋਂ ਜਾਨ ਛੁੜਾਈਂ
ਜੇ ਤੂੰ ਛੋੜ ਝੁੱਕੇਂ ਵੱਲ ਗ਼ੈਰਾਂ ਮੈਂ ਨ ਮਿਲਾਂ ਕਦਾਈਂ
ਤੇ ਜੇ ਤੈਨੂੰ ਮੈਂ ਨ ਮਿਲਇਆ ਤੇਰਾ ਵਾਸ ਬਲਾਈਂ
ਇੱਕ ਦਮ ਦੂਰ ਨਈਂ ਮੈਂ ਤੈਥੀਂ ਤੂੰ ਭੀ ਦੂਰ ਨ ਜਾਈਂ
ਹਾਂ ਮੈਂ ਦਿਲ ਥੀਂ ਤਿਰੇ ਨੇੜੇ ਪੂਰੀਆਂ ਕਰੀਂ ਵਫਾਈਂ
ਤੇ ਮੈਂ ਐਹਦੋਂ ਕਦੀ ਨ ਹਾਰਾਂ ਤੂੰ ਵੀ ਹਾਰੀਂ ਨਾਹੀਂ
ਜੇ ਤੂੰ ਹਾਰੇਂ ਖ਼ਾਰ ਖਲਾਰੇਂ ਖ਼ੁਦ ਅਪਣੇ ਵਿੱਚ ਰਾਹੀਂ
ਬਾਝ ਮੇਰੇ ਕੋਈ ਲੱਭੀਂ ਨਾਹੀਂ ਲੱਭ ਪਵਾਂ ਗਾ ਤੈਨੂੰ
ਮੈਂ ਬੀ ਯਾਦ ਰੱਖਾਂ ਗਾ ਤੈਨੂੰ ਯਾਦ ਰੱਖੀਂ ਤੂੰ ਮੈਨੂੰ
ਰੱਖ ਪਛਾਣ ਅਸਾਡੀ ਸੂਰਤ ਬੱਨ੍ਹ ਨਕਸ਼ਾ ਵਿੱਚ ਦਿਲਦੇ
ਯਾਰਾਂ ਵਾਲੇ ਸਖ਼ਤ ਕਸ਼ਾਲੇ ਯਾਰ ਨ ਸੌਖੇ ਮਿਲਦੇ
©
ਇਕ ਵਲ ਪਿਆ ਖੁਲ੍ਹਾਵਣ ਲੱਗੀ ਪੀਚ ਗਈਆਂ ਸੂ ਗੰਢੀਂ
ਵਗਦਾ ਪਾਣੀ ਰੋਕਣ ਲੱਗੀ ਉਛਲ ਗਿਆ ਚੜ੍ਹ ਕੰਢੀਂ
ਬੇ ਮਕਸਦ ਮੈ ਮਕਸਦ ਮੰਗਦੀ ਜਾਨ ਵੱਲੋਂ ਹੱਥ ਧੋਏ
ਸ਼ਾਇਦ ਨੈਣ ਮੇਰੇ ਦੁੱਖ ਭਿੰਨੇ ਅਜੇ ਨਈਂ ਰੱਜ ਰੋਏ
ਐ ਵਿੱਚ ਖ਼ਾਬ ਲੁਟੇਂਦੇਆ ਯਾਰਾ ਰਾਤ ਬਰਾਤੇ ਆਵੀਂ
ਵਕਤ ਨਜ਼ੂਲ ਤੇਰਾ ਸ਼ਬ ਪਿਛਲੀ ਜਾਂ ਜਲਵਾ ਫਰਮਾਵੀਂ
ਬੇ ਪਰਵਾਹ ਨਜ਼ਰ ਦੀ ਰਮਜ਼ੋਂ ਸੀਨੇਉਂ ਦਿਲ ਲੈ ਜਾਵੀਂ
ਜਾਂ ਤੂੰ ਪੱਕੀ ਯਾਰੀ ਲਾਵੀਂ ਅੱਗ ਬਲਦੀ ਵਿੱਚ ਪਾਵੀਂ
ਚਾ ਪਰਦਾ ਜੇ ਘਾਤ ਵਗਾਹਵੇਂ ਪੱਥਰ ਨੂੰ ਅੱਗ ਲਾਵੇਂ

ਤੇ ਹਰ ਬਰਗੋਂ  ਲਾਟ ਛੋੜਾਵੇਂ ਲੱਖ ਲੱਖ ਤੂਰ ਜਲਾਵੇਂ
ਉਠ ਸਬਾ ਲੱਭ ਇਸ ਦਿਲਬਰ ਦਾ ਕਿਧਰੇ ਥਾਉਂ ਟਿਕਾਣਾ
ਜਿਸਦਾ ਇਸ਼ਕ ਮੇਰੇ ਪਰ ਕਰਦਾ ਵਲ ਵਲ ਜ਼ੋਰ ਧਗਾਣਾ
ਬਿਹੋਂ ਬਾਲ ਗ਼ਮਾਂ ਦਾ ਲਾਂਬੂ ਅੱਗ ਲਗਾਈਉ ਖ਼ਾਨੇ
ਮੈਂ ਵਿੱਚੇ ਤੂੰ ਬਾਹਿਰ ਬੈਠੋਂ ਧਰ ਵਿੱਚ ਤੀਰ ਕਮਾਨੇ
ਜਲਾਂ ਵਿੱਚੇ ਜੇ ਬਾਹਿਰ ਜਾਵਾਂ ਤਾਂ ਤੂੰ ਮਾਰ ਗਵਾਵੇਂ
ਉਹਾ ਕੌਲ ਤਿਰਾ ਸੋ ਐਵੇਂ ਕਿਉਂ ਤੂੰ ਰੈਹਮ ਨ ਖਾਵੇਂ
ਥਾਉਂ ਤਿਰੇ ਦੇ ਪਤੇ ਨਿਸ਼ਾਨੀ ਪੁੱਛ ਨ ਲਏ ਜ਼ੁਬਾਨੋਂ
ਤਾਂ ਮੈਂ ਜਾ ਤੋਆਫ ਕਰੇਂਦੀ ਸੱਚੇ ਸਿਦਕ ਇਮਾਨੋਂ
ਤੂੰ ਖ਼ੁਸ਼ੀਆਂ ਵਿੱਚ ਬੈਠਾ ਹੋਸੇਂ ਛੋੜ ਮੈਨੂੰ ਵਿੱਚ ਗ਼ਮਦੇ
ਮੈਂ ਘਾਇਲ ਦੇ ਸੀਨੇ ਅੰਦਰ ਰੜਕੜਣ ਘਾਹ ਅਲਮ ਦੇ
ਜ਼ਿੰਦਿਆਂ ਦੇ ਵਿੱਚ ਵਾਸਾ ਮੇਰਾ ਮੁਰਦਿਆਂ ਵਿੱਚ ਸ਼ਮਾਰੋਂ
ਅੱਜ ਬੇਜ਼ਾਰ ਪਰਾਈਆਂ ਸੱਕੀਆਂ ਮੇਰੀ ਗਿਰਯਾ ਜ਼ਾਰੋਂ
ਵਾਹ ਵਾਹ ਇਸ਼ਕ ਉਹਨਾਂਦਾ ਜਿਹਨਾਂ ਵਿੱਚੇ ਇਸ਼ਕ ਕਟਾਰੀ
ਜਿਹਨਾਂ ਦਿਲਾਂ ਵਿੱਚ ਦਰਦ ਨ ਹੋਵਣ ਮਰਨ ਭਲਾ ਲੱਖ ਵਾਰੀ
ਐਹਦ ਪੱਕਾ ਕਰ ਦਿਲ ਥੀਂ ਹੋਈਆਂ ਦੋ ਅੱਖੀਆਂ ਇਕਰਾਰੀ
ਆਬ ਸੁਕਣ ਸੌਗੰਦ ਅਸਾਂਹਾਂ ਤੌਬਾ ਲੱਖ ਲੱਖ ਵਾਰੀ
ਗਰਮ ਆਹਾਂ ਨੇਂ ਸੀਨੇ ਅੰਦਰ ਬੇਹ ਸੌਗੰਦਾਂ ਚਾਈਆਂ
ਤਨ ਮਨ ਕਰਾਂ ਜਲਾ ਸਵਾਹੀਂ ਅੰਦਰ ਸੋਜ਼ ਜੁਦਾਈਆਂ
ਇਸ਼ਕਾ ਚਲ ਸਬਰ ਘਰ ਨੇੜੇ ਮਨਜ਼ਲ ਅਜੇ ਦੂਰਾਡੀ
ਪਾਣੀ ਛਿੜਕ ਕਰਮ ਦਾ ਇਕ ਦਮ ਜਲਦੀ ਜਾਨ ਅਸਾਡੀ
©
ਹੁਣ ਸਾਕੀ ਬੱਸ ਕਰੀਂ ਸ਼ਰਾਬੋਂ ਦੇਹ ਇੱਕ ਜਾਮ ਗਲਾਬੋਂ
ਮਿਲੇ ਆਰਾਮ ਖ਼ੁਮਾਰ ਅਜ਼ਾਬੋਂ ਮਸਤਾਂ ਹਾਲ ਖ਼ਰਾਬੋਂ
ਖੋਲ੍ਹ ਅੱਖੀਂ ਦਮ ਕਾਈ ਫਿਰ ਮੁੜ ਵੇਖ ਲਵਨ ਜਗ ਵਸਦਾ
ਗੁਜ਼ਰਿਆ ਦਰਦ ਹਸਾਬ ਕਿਤਾਬੋਂ ਯਾਰ ਮਿਲੇ ਹੁਣ ਹਸਦਾ
ਨਈਂ ਮੁਹਾਲ ਮਿਲੇ ਜੇ ਦਿਲਬਰ ਆਨ ਹੁਣੇ ਘਰ ਆਪੇ
ਪਰ ਆਸ਼ਿਕ ਜਾਂ ਖ਼ਾਕ ਨ ਹੋਵੇ ਵਸਲੋਂ ਕਦਰ ਨ ਜਾਪੇ
ਅਣਤ ਮਜਾਜ਼ੋਂ ਬਾਅਦ ਹਕੀਕਤ ਢੂੰਡਦਿਆਂ ਹੱਥ ਆਵੇ
ਸ਼ਾਇਦ ਗੁਜ਼ਰ ਖ਼ਤਾਉਂ ਦਿਲਬਰ ਐਬਾਂ ਨੂੰ ਗਲ ਲਾਵੇ
ਜੇ ਲੱਖ ਵਕਤ ਵਿਸਾਲ ਡਰਾਵਾ ਪਾਸ ਉਮੀਦ ਵਖਾਵੇ
ਜੇ ਉਮੀਦ ਨ ਪਾਵੇ ਆਸ਼ਿਕ ਤੜਫ ਤੜਫ ਮਰ ਜਾਵੇ
ਮੈਂ ਸੁਣਿਆਂ ਦਰਮਾਨ ਗ਼ਮਾਂ ਦਾ ਆਸ ਸੁੱਖਾਂ ਦੀ ਧਰਣੀ
ਖੜਾ ਕਲੀਮ ਪੁਕਾਰੇ ਅਰਣੀ ਤੂਰ ਨਈਂ ਸੱਟ ਜਰਣੀ
ਉਛੱਲ ਵੱਗੀਂ ਗੁਲਾਮ ਰਸੂਲਾ ਥਾਉਂ ਨ ਕਦਮ ਹਲਾਇਆਂ
ਮੈਹਬੂਬਾਂ ਦੇ ਰਾਜ਼ ਸੋਹਾਂਦੇ ਵਿੱਚ ਕਲਾਮ ਪਰਾਇਆਂ
ਇਸ਼ਕ ਖੜਾ ਦਰਬਾਰ ਤਿਰੇ ਤੇ ਦਿਹ ਇਸ ਨੂੰ ਵੱਡਿਆਇਆਂ
ਰੰਗ ਬਰੰਗੀਂ ਵਸਦਿਆਂ ਰੱਸਦਿਆਂ ਜਿਸਦੀਆਂ ਰਮਜ਼ਾਂ ਪਾਈਆਂ

ਵਾਹ ਇਸ਼ਕਾ ਤੂੰ ਕਿਆ ਅਚੰਬਾ ਕਦੀ ਜ਼ੰਜੀਰ ਪੁਆਵੇਂ
ਲੁੱਟ ਲੈਜਾਵੇਂ ਅਕਲ ਕਦਾਈਂ ਮੋੜ ਕਦੀ ਦੇ ਜਾਵੇਂ
ਕਦੀ ਕਦੀ ਸੁੱਖ ਵਸਦਿਆਂ ਤਾਈਂ ਉਮਰ ਘੱਤੇਂ ਵੀਰਾਨੀ
ਉਜੜਿਆਂ ਮੁੜ ਫੇਰ ਵਸਾਰੇ ਕਾਰ ਤੇਰੀ ਹੈਰਾਨੀ
ਕਦੀ ਕਦਾਈਂ ਹੱਸਦਿਆਂ ਤਾਈਂ ਉਮਰਾਂ ਰੋਣਾ ਪਾਵੇਂ
ਕਦੀ ਕਦਾਈਂ ਰੋਂਦਿਆਂ ਤਾਈਂ ਕਰ ਸ਼ਫਕਤ ਗਲ ਲਾਵੇਂ
ਵਾਹ ਸ਼ਮਸ਼ੀਰ ਕਦੀ ਵਿੱਚ ਦਿਲਦੇ ਡੂੰਘੇ ਜ਼ਖਮ ਲਗਾਵੇਂ
ਰੱਤੋਂ ਵੈਹੰਦੇ ਘਾਹ ਕਦਾਈਂ ਮਰਹਮ ਲਾ ਮਿਟਾਵੇਂ
ਗਰਦਾਬੇ ਘੱਤ ਕਸ਼ਤੀ ਡੋਬੇਂ ਡੁਬਦਿਆਂ ਬੱਨੇ ਲਾਵੇਂ
ਫ਼ੇਰ ਕਦੀ ਹੜ ਮੋੜ ਲਿਆਵੇਂ ਬੱਨੇਉਂ ਰੋਹੜ ਲੈਜਾਵੇਂ
©
ਇਸ ਸੁਹਾਗੋਂ ਖ਼ੂਬ ਰੰਡੇਪਾ ਮਰਗ ਭਲੀ ਲੱਖ ਵਾਰੀ
ਨ ਮੈਂ ਨਾਲ ਵਿਆਹੀਆਂ ਰਲਦੀ ਨ ਮੈਂ ਰਹੀ ਕਵਾਰੀ
ਵਾਟਾਂ ਝਾਕ ਬ੍ਰਿਹੂੰ ਦੇ ਪੈਂਡੇ ਚੜਹੀ ਸੱਲਾਂਦੇ ਬੇੜੇ
ਸੌ ਹਿੱਸਾ ਵਧੁ ਅੱਗੇ ਨਾਲੋਂ ਪਏ ਦੁੱਖਾਂ ਦੇ ਝੇੜੇ
ਦਿਲ ਜ਼ਖ਼ਮੀ ਤੇ ਜਿਗਰ ਦੋ ਪਾਰਾ ਦੂਜਾ ਦੇਸ ਪਰਾਇਆ
ਤੇ ਗ਼ਮਖ਼ਾਰ ਨ ਵਆਹਰੂ ਕਾਈ ਹਾਕਮਿ ਜ਼ਾਲਿਮ ਆਇਆ
ਕਿਆ ਕਰਾਂ ਹੁਣ ਕਿੱਧਰ  ਜਾਵਾਂ ਥਾਉਂ ਨ ਰਹਿਆ ਟਿਕਾਣਾ
ਮੇਰੇ ਵਾਂਗ ਨਈਂ ਅੱਜ ਕੋਈ ਆਜਿਜ਼ ਹਾਲ ਨਿਮਾਣਾ
ਵਾਹ ਕਿਸਮਤ ਮੇਂ ਕੀਹ ਕੁਝ ਮੰਗਿਆ ਆਖ਼ਿਰ ਕੀਹ ਕੁਝ ਪਾਇਾ
ਖ਼ਾਲੀ ਰਹੀ ਮੁਰਾਦੋਂ ਰੋਂਦੀ ਦੁੱਖ ਦੂਣਾ ਹੱਥ ਆਇਆ
ਫਜ਼ਲ ਕਰਮ ਥੀਂ ਬਾਰਾਂ ਮੰਗਦੀ ਪਏ ਪੱਲੇ ਤਿੰਨ ਕਾਣੇ
ਤਿੱਨੇ ਜ਼ਖਮ ਲਗੇ ਤਣ ਮੇਰੇ ਗ਼ਮ ਦੁੱਖ ਦਰਦ ਪੁਰਾਣੇ
ਤਿੱਨੇ ਮੈਨੂੰ ਤੇਗ਼ਾਂ ਵੱਗੀਆਂ ਤਿੱਨੇ ਕਾਰੀ ਪਈਆਂ
ਬੇਵੱਸ ਹੋਈ ਆਸ ਨ ਕੋਈ ਸਈਆਂ ਵਿੱਛੜ ਗਈਆਂ
ਤਿੱਨੇ ਮੇਨੂੰ ਖ਼ਾਬਾਂ ਆਈਆਂ ਤਿੱਨੇ ਸਖ਼ਤੀਆਂ ਪਾਈਆਂ
ਮੁੱਦਤ ਰੋਈ ਕੈਦੀ ਹੋਈ ਢੋਈ ਵੱਲ ਇਜ਼ਾਈਆਂ
ਤਿੱਨੇ ਦੁੱਖ ਪਏ ਸਿਰ ਮੇਰੇ ਤਿੱਨੇ ਮੁਸ਼ਿਕਲ ਭਾਰੇ
ਮੈਂ ਰੋਣਾ ਦੁੱਖ ਕਿਸੇ ਨ ਸੁਨਣਾ ਵਗਣੇ ਜ਼ਖ਼ਮ ਫਵਾਰੇ
ਤਿੱਨੇ ਸਾਥੀ ਸਾਣ ਰੁਲਾਏ ਤਿੱਨੇ ਰੋਹੜ ਗਵਾਏ
ਦਿਲ ਦੁਖਿਆਰਾ ਜਿਗਰ ਦੋ ਪਾਰਾ ਨੈਣ ਫਰਾਕ ਜਲਾਏ
ਤਿੱਨੇ ਮੇਰੇ ਧੁਰ ਦੇ ਵੈਰੀ ਤਿਨੇ ਬਣੇ ਵਸੀਲੇ
ਤਨ ਬਾਲਣ ਮਨ ਬਲਦਾ ਲਾਂਬੂ ਨੈਣ ਰੱਤੋਂ ਰੰਗੀਲੇ
ਤਿੱਨੇ ਸੱਲ ਵੱਜੇ ਦਿਲ ਮੇਰੇ ਤਿੱਨੇ ਵੱਜੇ ਕਾਰੀ
ਤ਼ਮਆ ਨਕਾਰੀ ਆਸ ਉਧਾਰੀ ਬ੍ਰਿਹੋਂ ਦਰਦ ਕਟਾਰੀ
ਤਿੱਨੇ ਹਰਫ ਤ਼ਮਆ ਦੇ ਆਹੇ ਤਿੱਨੇ ਨੁਕਤਿਉਂ ਖ਼ਾਲੀ
ਮੈਂ ਖ਼ਾਲੀ ਹੱਥ ਮੇਰਾ ਖ਼ਾਲੀ ਖ਼ਾਲੀ ਸਫਰਾਂ ਜਾਲੀ
ਸਿਰ ਮੇਰਾ ਦਾਨਾਈਉਂ ਖ਼ਾਲੀ ਤੇ ਮੈ ਦਰਦਾਂ ਵਾਲੀ

ਐਵੇਂ ਦਰਦ ਮੇਰੇ ਦੀਆਂ ਬੈਤਾਂ ਉਹ ਵੀ ਦਰਦੋਂ ਖ਼ਾਲੀ
©
ਸੁਫਣੇ ਦੇ ਵਿੱਚ ਕਰ ਪੱਕਇਯਾਆਂ ਪੱਕੇ ਕੌਲ ਪਕਾਏ
ਗ਼ੈਰ ਵੱਲੋਂ ਮੁੱਖ ਮੋੜ ਬੰਦੀ ਦਾ ਖ਼ੁਦ ਥੀਂ ਜੋੜ ਜੁੜਾਏ
ਦੇਖ ਲਵਾਂ ਹੁਣ ਕਿਵੇਂ ਗੁਜ਼ਾਰੇਂ ਨਾਲ ਅਸਾਂ ਦਿਣ ਕਾਈ
ਕੰਨ ਤਿਰੇ ਹੁਣ ਮੇਰੀਆਂ ਚੀਖ਼ਾਂ ਯਾ ਕੁਝ ਸੋਜ਼ ਜੁਦਾਈ
ਮੈਂ ਅਣਥੱਕ ਨ ਰੋਣੋਂ ਹਟਣਾ ਤੇ ਇਹ ਦਰਦ ਨ ਘਟਣਾ
ਜਿਸਨੇ ਨਾਲ ਮੇਰੇ ਰੋ ਕਟਣਾਂ ਕੀਹ ਖਟਣਾ ਕੀਹ ਵਟਣਾ
ਮੈਂ ਮਰਨਾ ਪਰ ਰੋਂਦੀ ਰੋਂਦੀ ਤੈਂ ਰੋਣਾਂ ਬੈਹ ਕਬਰੇ
ਕਬਰੋਂ ਨੈਹੇਰ ਵਗਾਂਦੇ ਰੈਹਣੇ ਨੈਣ ਮੇਰੇ ਬੇ ਸਬਰੇ
ਖਿਲਣ ਗੇ ਗੁਲ ਖ਼ਾਕ ਮੇਰੀ ਥੀਂ ਗ਼ਮਦਿਆਂ ਕੰਡਿਆਂ ਵਾਲੇ
ਸ਼ਰਮਾਵਣ ਗੇ ਦਾਗ਼ ਬ੍ਰਿਹੋਂ ਥੀਂ ਬਾਗ਼ਾਂ ਦੇ ਗੁਲ ਲਾਲੇ
ਗੁਲ ਗੁਲ ਦੇ ਸਿਰ ਬੁਲਬੁਲ ਰੋਂਦੀ ਦੇਖੇ ਗਾ ਜੱਗ ਸਾਰਾ
ਹਰ ਹਰ ਬੁਲਬੁਲ ਦੀ ਹਰ ਆਹੋਂ ਰਾਜ਼ ਖੁਲ੍ਹੇ ਗਾ ਭਾਰਾ
ਤੇ ਉਹ ਰਾਜ਼ ਦਿਲਾਂ ਵਿੱਚ ਬੈਹ ਬੈਹ ਕਰਸੀ ਦਰਦ ਪੁਕਾਰਾ
ਸੀਨੇ ਥੀਂ ਮਜਰੂਹ ਦਿਲਾਂਦੇ ਵੱਗਸੀ ਖ਼ੂਨ ਫਵਾਰਾ
ਗਰਦ ਗੁ਼ਬਾਰ ਜਗਤ ਵਿੱਚ ਛਾਇਆ ਮੇਰੇਉਂ ਹਾਲ ਮਲਾਲੋਂ
ਵਿੱਚ ਫਿਲਾਕ ਅਠਤਾਲੀ ਸ਼ਕਲਾਂ ਰੋਂਦੀਆਂ ਮੇਰੇ ਹਾਲੋਂ
ਤੂੰ ਭੀ ਰੋ ਤੇ ਮੈ ਭੀ ਰੋਵਾਂ ਰੋਣਾ ਪਿਆ ਬਥੇਰਾ
ਪੱਥਰ ਵਰਹਣ ਤਿਰੀ ਹਰ ਆਹੋਂ ਸੱਟ ਸਹੇ ਸਿਰ ਮੇਰਾ
ਲੈ ਹੁਣ ਬੈਠ ਸ਼ਫਕ ਵਿੱਚ ਰੋ ਰੋ ਖ਼ੂਨ ਅੱਖੀਂ ਥੀਂ ਦਮ ਦਮ
ਮਨਸਬ ਇਸ਼ਕ ਪਚੇ ਜੇ ਤੈਨੂੰ ਸੈਹ ਸਿਰ ਤੇ ਦੁਖ ਜਮ ਜਮ
©
ਆਹੀਂ ਕਰਦਿਆਂ ਜਲ ਬਲ ਜਾਣਾਂ ਪਏ ਉਮਰ ਦੇ ਫਾਹੇ
ਵਾਹ ਵਾਹ ਵਨਜ ਬ੍ਰਿਹੋਂ ਦਾ ਉਲਟਾ ਮੂਲ ਗਿਆ ਸਣ ਲਾਹੇ
ਕਰ ਕਰ ਯਾਦ ਵਗੁੱਤਾ ਵੇਲਾ ਝੂਰ ਦਿਆਂ ਮਰ ਜਾਣਾ
ਪੀਣਾ ਖ਼ੂਨ ਤੈ ਸੌਣਾ ਦੁੱਖੀਂ ਜ਼ੈਹਰ ਗ਼ਮਾਂ ਦਾ ਖਾਣਾ
ਇਹ ਜਵਾਨੀ ਚਮਕਾਂ ਵਾਲੀ ਰੋਵੰਦਿਆਂ ਘੁਲ ਜਾਣੀ
ਉਛੱਲ ਵਗੇ ਅੱਖੀਂ ਥੀਂ ਮੇਰੇ ਨੀਲ ਨਦੀ ਦਾ ਪਾਣੀ
ਉਘੜ ਬੋਲ ਨ ਸੱਕਾਂ ਜ਼ਾਹਿਰ ਹਿਜਰ ਗ਼ਮਾਂ ਦੀਆਂ ਗੱਲਾਂ
ਇਹ ਵਛੋੜਾ ਸਖ਼ਤ ਕਿਆਮਤ ਕਿਵੇ ਸਿਰੇ ਪਰ ਝੱਲਾਂ
ਅੱਖੀਂ ਦੋਵੇਂ ਰੋਦੀਆਂ ਰੈਹਸਣ ਸੀਨਾ ਜਲਦਾ ਬਲਦਾ
ਜਿਗਰ ਤੜਫਦਾ ਸ਼ੌਕ ਉਛਲਦਾ ਤਨ ਗਲਦਾ ਮਨ ਘੁਲਦਾ
ਕਾਲੀਆਂ ਰਾਤਾਂ ਪੁਰ ਪੁਰ ਤਾਰੇ ਲੱਮੀਆਂ ਕੋਹਾਂ ਹਜ਼ਾਰਾਂ
ਘਰ ਬੇਗਾਨੇ ਦੇਸ ਪਰਾਏ ਰੋ ਰੋ ਕਿਵੇਂ ਗੁਜ਼ਾਰਾਂ
ਵਾਸ ਪਿਆ ਮੈਂ ਨਾਲ ਪਰਾਇਆਂ ਰੈਹਣ ਜੋ ਦਰਦੋਂ ਖ਼ਾਲੀ
ਕਿਵੇਂ ਜਰਾਂ ਬੈਹ ਦਿਲ ਵਿੱਚ ਆਹੀਂ ਕਦ ਇਹ ਦਰਦ ਸੁਖਾਲੀ
ਜਿਸ ਮੈਹਬੂਬ ਪਿਆਰੇ ਵੱਲੋਂ ਮੈਨੂੰ ਨਿਤ ਉਡੀਕਾਂ

ਉਸਦੇ ਸ਼ੌਕ ਤ਼ਲਬ ਨੇ ਲਾਈਆਂ ਦਰਦ ਮੰਦੀ ਦੀਆਂ ਲੀਕਾਂ
ਯਾਰ ਮੈਨੂੰ ਤੂੰ ਸੁਫਣੇ ਅੰਦਰ ਕਹੀਆਂ ਲੀਕਾਂ ਲਾਈਆਂ
ਕੌਲ ਕਰਾਰ ਕਰਿਂ ਖ਼ੁਦ ਪੱਕੇ ਕਿਸਦੇ ਹੱਥ ਫ਼ੜਾਈਆਂ
ਨ ਹੁਣ ਜ਼ਾਹਿਰ ਨਜ਼ਰੀ ਆਵੇਂ ਨ ਸੁਫਣੇ ਸਦਯਾਵੇਂ
ਨ ਇਹ ਦਿਲ ਦੀ ਅੱਗ ਬੁਝਾਵੇਂ ਨ ਦੀਦਾਰ ਕਰਾਵੇਂ
ਮੈਹਰ ਕਮਾਵੀਂ ਦੀਦ ਕਰਾਵੀਂ ਖ਼ਾਬੇ ਰੂਪ ਦਖਾਵੀਂ
ਤੂੰ ਕਿੱਥੇ ਕਦ ਮਿਲਸੇਂ ਜ਼ਾਹਿਰ ਸੱਚ ਪਤਾ ਦੱਸ ਜਾਵੀਂ
ਮੈਂ ਮਰ ਚੁੱਕੀ ਮਰਣੋਂ ਗੁਜ਼ਰੀ ਰਚੇ ਹੱਡੀਂ ਗ਼ਮ ਤਿਰੇ
ਜੀਊਂ ਜੀਊਂ ਰੋਜ਼ ਵਿਹਾਂਦੇ ਹਿਜਰੋਂ ਵਗਦੇ ਨੈਣ ਵਧੇਰੇ
ਤੇਰੀ ਖ਼ਾਤਿਰ ਲੱਮੇਂ ਪੈਂਡੇ ਛੋੜ ਵਤ਼ਨ ਮੈਂ ਆਈ
ਉਹਾ ਅਜੇ ਕਜ਼ੀਆ ਉਵੇਂ ਹਿਜਰ ਫਰਾਕ ਜੁਦਾਈ
ਮਿਲ ਮੈਨੂੰ ਦੁੱਖ ਦੇਖ ਕਦਾਈਂ ਕਿਆ ਕਿਆ ਸਿਰ ਤੇ ਵਰਤੀ
ਕਿਵੇਂ ਰੁਲਾਂ ਵਿੱਚ ਗ਼ਮ ਦੇ ਫ਼ਰਸ਼ੀਂ ਵਿੱਚ ਪੁਰਾਈ ਧਰਤੀ
ਲੈ ਖ਼ਬਰਾਂ ਜੁਗ ਵੀਤੇ ਮੈਨੂੰ ਦਰਦਾਂ ਨੇ ਸਿਰ ਚਾਏ
ਮੈਂ ਦੁੱਖਾਂ ਵਿੱਚ ਘਾਇਲ ਹੋਈ ਇਹ ਤੂੰਈ ਦੁੱਖ ਲਾਏ
ਮੈਂ ਜਲਦੀ ਵਿੱਚ ਲਾਟ ਬ੍ਰਿਹੋਂ ਦੀ ਛਿੜਕ ਲਕਾਉਂ ਪਾਣੀ
ਇਸ਼ਕ ਤਿਰ ਦਾ ਭਾਰ ਭਰੇਰਾ ਮੈਂ ਹੋ ਰਹੀ ਨਤਾਣੀ
ਮੇਰੀਆਂ ਖ਼ੂਨ ਭਰਾਈਆਂ ਅੱਖੀਂ ਤੈਨੂੰ ਨਜ਼ਰ ਨ ਆਈਆਂ
ਉਮਰਾਂ ਵੀਤ ਗਈਆਂ ਵਿਚ ਦਰਦਾਂ ਸਬਰ ਮੁਹਾਰਾਂ ਚਾਈਆਂ
ਮਿਲ ਮੈਨੂੰ ਤੂੰ ਜ਼ਾਹਿਰ ਜ਼ਾਹਿਰ ਨ ਰੈਹ ਵਿੱਚ ਹਜਾਬੇ
ਜੇ ਮਨਜ਼ੂਰ ਨਈਂ ਇਹ ਤੈਨੂੰ ਝਾਕ ਦਖਾ ਵਿੱਚ ਖ਼ਾਬੇ
ਤੇ ਸੌਗੰਦ ਹਜ਼ਾਰਾਂ ਵਾਰੀ ਤੈਨੂੰ ਮਾਹ ਜਬੀਨਾ
ਵਿੱਚ ਵਛੋੜੇ ਨਾਜ਼ ਨਹੌਰੇ ਸਾੜ ਨ ਮੇਰਾ ਸੀਨਾ
ਹੁਸਨ ਤਿਰੇ ਦੀਆਂ ਸ਼ੋਖੀਆਂ ਵੱਸੀਆਂ ਤਨ ਮਨ ਦੇ ਵਿੱਚ ਮੇਰੇ
ਮੈਂ ਥੀਂ ਨਈਂ ਸਮਾਲ੍ਹੀਆਂ ਗਈਆਂ ਤੇ ਮੈਂ ਹੋਈ ਬੇਰੇ
ਯਾਰ ਮਿਲੇ ਦੁੱਖ ਕੱਟਿਆ ਜਾਵੇ ਖ਼ੁਸ਼ੀ ਵਧੇ ਗ਼ਮ ਮੁੱਕੇ
ਨੈਹਰ ਸਰਸ਼ਕ ਦੋ ਅੱਖੀਂ ਵਿੱਚੋਂ ਮਹਿਰ ਕਰੇਂ ਅੱਜ ਸੁੱਕੇ
ਰੋਵੰਦਿਆਂ ਮੈਂ ਘਾਇਲ ਹੋਈ ਕਿਵੇਂ ਕਰਾਰ ਨ ਆਵੇ
ਤੇ ਉਹ ਸ਼ੁਅਲਾ ਦਰਦ ਫਰਾਕੋਂ ਚਮਕੇ ਜਾਨ ਜਲਾਵੇ
ਕਰੋ ਗ਼ੁਲਾਮ ਰਸੂਲ ਦੁਆਈਂ ਵੇਦ ਮਿਲੇ ਬੇਮਾਰਾਂ
ਤੇ ਬੇਮਾਰੀਆਂ ਕੱਟ ਗਵਾਵੇ ਯਾਰ ਮਿਲਾਵੇ ਯਾਰਾਂ
ਹੁਣ ਤਜਵੀਜ਼ਾਂ ਤੇ ਤਦਬੀਰਾਂ ਵਾਹ ਲਾ ਚੁੱਕੀਆਂ ਸੱਭੇ
ਫਜ਼ਲ ਮੰਗੋ ਜੋ ਫਜ਼ਲ ਬਗ਼ੈਰੋਂ ਦਿਲਬਰ ਮੁਸ਼ਕਿਲ ਲੱਭੇ
ਜਾਂ ਤੂਫਾਨ ਕਰਮ ਦਾ ਵੱਗੇ ਰੋਹੜ ਖੜੇ ਦੁਖ ਸਾਰੇ
ਨਾ ਉਮੀਦੀਆਂ ਤੇ ਗ਼ਮ ਹਾਵੇ ਬੇੜੀਆਂ ਪੂਰ ਨਘਾਰੇ

## ਜ਼ੁਲੈਖ਼ਾ ਦਾ ਹਜ਼ਰਤ ਯੂਸਫ ਨੂੰ ਖਰੀਦ ਕੇ ਲਾਡ ਪਿਆਰ ਨਾਲ ਪਾਲਣ ਪੋਸਣ ਅਤੇ ਮਲਾਪ ਦੀ ਲਲਸਾ ਕਰਨ

ਜਿਸਨੂੰ ਯਾਰ ਵਕੈਦਾ ਲੱਭੇ ਕੀਮਤ ਹੋਵਸ ਪੱਲੇ
ਉਸਦੇ ਜੇਡ ਨ ਤ਼ਾਲਿਆ ਵਾਲਾ ਉਸਦੇ ਕਰਮ ਸੱਵਲੇ
ਅੱਨਡਿਠੇਆਂ ਦਾ ਸ਼ੌਕ ਜਿਹਨਾਂ ਨੂੰ ਅੱਨ ਮੁੱਲਿਆਂ ਦੀ ਯਾਰੀ
ਐਥੇ ਦਿਲ ਦਿਆਂ ਦਿਲ ਨੂੰ ਜ਼ਰਬਾਂ ਵਜਦੀਆਂ ਬੇਵੱਸ ਕਾਰੀ
ਜੇ ਮੈਹਬੂਬ ਖੁਸ਼ੀ ਵਿੱਚ ਵੱਸੇ ਆਸ਼ਿਕ ਦਾ ਦਿਲ ਹੱਸੇ
ਜੇ ਮਆਸੂਕ ਗ਼ਮਾਂ ਵਿੱਚ ਧੱਸੇ ਆਸ਼ਿਕ ਦਾ ਦਿਲ ਖੱਸੇ
ਜਾਂ ਦਿਲ ਝੁੱਕ ਇਤ ਜਾਏ ਪੌਂਹਚੇ ਮਨਜ਼ਲ ਮਕਸਦ ਪਾਵੇ
ਇਹ ਮੁਕਾਮ ਦੂਰਾਡਾ ਜਾਂ ਜਾਂ ਖ਼ਾਮ ਅਜੇ ਦਸਯਿਾਵੇ
ਉਹ ਇਕ ਦਾਗ਼ ਵਛੋੜੇ ਵਾਲਾ ਮੇਰੇ ਜੋਗ ਬਥੇਰਾ
ਬੇ ਸਬਰੀ ਦੀ ਇਹ ਕਿਆ ਆਫਤ ਪਾਵੇ ਘੁਮਨ ਘੇਰਾ
ਜੀਊਂ ਜੀਊਂ ਕਰੇ ਮਲਾਮਤ ਦਿਲ ਨੂੰ ਲਾ ਲਾ ਸਾਰੀਆਂ ਵਾਹੀਂ
ਉਸਦਾ ਕਦਮ ਦੁੱਖਾਂ ਦੀ ਤ਼ਰਫੇ ਵਧ੍ਦਾ ਗਿਆ ਅਗਾਂਹੀਂ
ਸੁਰਖ਼ ਗੁਲਾ ਤੇ ਬੁਲਬੁਲ ਰੋਂਦੀ ਕਰਦੀ ਖੜੀ ਸਆਪੇ
ਇਹ ਸਿਰ ਮਾਰ ਕਹੇ ਹੱਥ ਦੋਵੇਂ ਨਿੰਜ ਜਣੀਂਦੇ ਮਾਪੇ
ਮਿਲੇ ਮਿਸਾਲ ਸਜਣ ਦਿਆਂ ਦੰਦਾਂ ਦੇਖ ਚੰਬੇ ਦੀਆਂ ਕਲੀਆਂ
ਦੇਖ ਸ਼ਕਾਇਕ ਦੇ ਰੁਖ਼ਸਾਰੇ ਦਿਲ ਵਿੱਚ ਲਾਟਾਂ ਬਲੀਆਂ
ਗੁਲ ਲਾਲੇ ਦੀ ਖ਼ੂਨੀ ਸੂਰਤ ਖੁਲ੍ਹ ਪਈ ਵਿੱਚ ਸੀਨੇ
ਸੀਨੇਉਂ ਦਾਗ਼ ਬ੍ਰਿਹੋਂ ਗੁਲ ਸੀਨੇ ਝਾੜੇ ਨਕਸ਼ ਨਗੀਨੇ
ਇਸ਼ਕ ਉਜਾੜੇ ਘਤ ਪਵਾੜੇ ਵੱਸਦਿਆਂ ਰੈਹਣ ਨ ਦੇਵੇ
ਵੱਸੋਂ ਉਜਾੜ ਨਜ਼ਰ ਵਿੱਚ ਵੱਸੇ ਇਸ਼ਕ ਜਿਹਨਾਂ ਦਿਲ ਲੇਵੇ
ਆਬਾਦੀ ਜਾ ਕਰੇ ਉਜਾੜੀਂ ਕੂਕੇ ਦਰਦ ਪਹਾੜੀਂ
ਇਹ ਆਬਾਦੀ ਆਸ਼ਿਕ ਵਾਲੀ ਖ਼ੁਸ਼ ਹੋ ਵੱਸੇ ਉਜਾੜੀਂ
ਇਸ਼ਕ ਵੜਨ ਵਿੱਚ ਮਜਨੂੰ ਤਾਈਂ ਰੈਹਣ ਦੇਂਦਾ ਜੇ ਵਸਦਾ
ਵਿੱਚ ਪਹਾੜੀਂ ਪਰਬਤ ਗ਼ਾਰੀਂ ਕਿਉਂ ਉਹ ਜਾ ਜਾ ਧੱਸਦਾ
ਸ਼ੈਹਰ ਵਿਕੇਂ ਮੈਂ ਜੰਗਲ ਲੱਭਾਂ ਸਸਤੇ ਮੁੱਲ ਵਕਾਵੇਂ
ਸਾਈ ਜਾਨ ਜਹਾਨ ਨ ਕੀਮਤ ਅਰਜ਼ਾਂ ਅਜੇ ਦਸਾਵੇਂ
ਲਿਖ ਲਿਖ ਸ਼ਕਰ ਅਮਾਨਤ ਤੇਰੀ ਜਾਂ ਮੈਂ ਧੁਰ ਅਪੜਾਈ
ਜ਼ਮੀਨ ਫਲਕ ਫ਼ਟ ਪੁਰਜ਼ੇ ਹੋਵਣ ਜੇ ਦੁੱਖ ਸੈਹਨ ਜੁਦਾਈ
ਮੈਂ ਵਿੱਚ ਆਸ ਤੇਰੀ ਦੀ ਹਰਦਮ ਨੈਣ ਧਰੇ ਸਰ ਅਣੀਆਂ
ਆਖ਼ਿਰ ਤੈਨੂੰ ਮਆਲਮ ਹੋਸੀ ਜੋ ਮੇਰੇ ਸਿਰ ਬਣੀਆਂ
ਯੂਸਫ ਵੇਚ ਦਿੱਤਾ ਜਾਂ ਮਾਲਿਕ ਲੈ ਕੀਮਤ ਖ਼ੁਸ਼ ਹੋਇਆ
ਫ਼ਿਰ ਯੂਸਫ ਦਾ ਕਦਰ ਖੁੱਲ੍ਹਾ ਸੂ ਮੁੜ ਡਿੱਠਾ ਤੇ ਰੋਇਆ
ਪੈਹਲੇ ਉਸਦੀਆਂ ਅੱਖੀਂ ਅੰਦਰ ਯੂਸਫ ਕਦਰ ਨ ਜਾਪੇ
ਵੇਚ ਦਿੱਤਾ ਸੋ ਜ਼ਾਹਿਰ ਹੋਇਆ ਪੱਛਤਾਇਆ ਫ਼ਿਰ ਆਪੇ
ਯੂਸਫ ਦੇ ਵੱਲ ਘਤ ਨਜ਼ਾਰਾ ਡਿਗਆਿ ਹੋਸ਼ ਗਵਾਈ
ਅੱਵਲ ਕਦਰ ਤਰਾ ਮੈਂ ਯੂਸਫ ਮੂਲ ਨ ਪਾਇਆ ਕਾਈ
ਜੇ ਜਾਣਾਂ ਇਹ ਸੂਰਤ ਤੇਰੀ ਮੁੱਲ ਨ ਕਰਾਂ ਕਦਾਈਂ
ਜ਼ਮੀਂ ਫਲਕ਼ ਜੇ ਕੀਮਤ ਅੰਦਰ ਮਿਲਦੇ ਮੇਰੇ ਤਾਈਂ

ਸ਼ੌਂਕ ਤਿਰੇ ਹੁਣ ਰੋਵਾਂ ਤੜਫ਼ਾਂ ਮੈਨੂੰ ਸਬਰ ਨ ਆਵੇ
ਕਿਉਂ ਮੈਂ ਜ਼ਰ ਦਾ ਤ਼ਾਲਿਬ ਹੋਇਆ ਅ਼ਕਲ ਮੇਰੀ ਡੁਬ ਜਾਵੇ
ਕਿਸ ਨੂੰ ਛੋੜ ਕਿਹਦੇ ਵੱਲ ਰੁੱਝਾ ਜ਼ਾਲਿਮ ਨਫਸ ਕਮੀਨਾ
ਕਿਸ ਥੀਂ ਵਾਰ ਗਿਉਂ ਐ ਜ਼ਾਲਿਮ ਸੌ ਟੁਕੜੇ ਕਰ ਸੀਨਾ
©
ਅੱਜ ਜਵਾਨੀ ਹੱਥ ਬਜ਼ਾਇਤ ਕਰ ਲੈ ਸੌਦਾ ਕਾਈ
ਤੇ ਦਿਲ ਲਈਂ ਵਿਹਾਜ ਪਿਆਰੇ ਸਸਤਾ ਕਹੇ ਲੋਕਾਈ
ਇਸ ਸੌਦੇ ਵਿੱਚ ਨਫਆ ਵਡੇਰਾ ਲੈ ਲੈ ਭੁਲ੍ਹ ਨ ਜਾਈਂ
ਅੱਜ ਬੰਦੀ ਕਰ ਛੱਡ ਕਿਸੇ ਨੂੰ ਘਾਟਾ ਨਈਂ ਕਦਾਈਂ
ਉਸ ਹੁਸਨੇ ਵੱਲ ਵੇਖ ਨ ਭੁਲ੍ਹੀਂ ਨਜ਼ਰ ਨ ਕਰੀਂ ਉਚੇਰੀ
ਛਲੀਆ ਹੁਸਨ ਡਿੱਠਾ ਮੈਂ ਅੱਖੀਂ ਛੱਲ ਮੁੜ ਕਰੇ ਨ ਫੇਰੀ
ਉਮਰ ਜਵਾਨੀ ਨੈਹਰ ਵਗੇਂਦੀ ਹੁਸਨ ਨਦੀ ਦੀਆਂ ਲੈਹਰਾਂ
ਗੁਜ਼ਰੀ ਠਾਠ ਗਈ ਮੁੜ ਆਈ ਕਦ ਵਿੱਚ ਪਿਛਲਿਆਂ ਸ਼ੈਹਰਾਂ
ਦਿਣ ਕਾਈ ਜਗ ਕੋਇਲ ਵਾਸਾ ਵੇਖਦਿਆਂ ਛਲ ਜਾਣਾ
ਹੁਸਨ ਜਵਾਨੀ ਨੂੰ ਵਿੱਚ ਦੁਣੀਆਂ ਥੋੜੇ ਰੋਜ਼ ਟਿਕਾਣਾ
ਵਾਹ ਅੱਖੀਂ ਦੀਆਂ ਰਮਜ਼ਾਂ ਗ਼ਮਜ਼ੇ ਇਹ ਭੀ ਨੇਂ ਦਿਣ ਕਾਈ
ਬਹੈ ਗੋਸ਼ੇ ਕਰ ਸੋਹਣੀਆਂ ਗੱਲਾਂ ਰਹੇ ਦਰੇਗ਼ ਨ ਰਾਈ
ਉਮਰ ਜਵਾਨੀ ਨੈਣ ਗੁਮਾਨੀ ਇਹ ਦਿਣ ਚਾਰ ਜ਼ਮਾਨਾ
ਇਹ ਕ਼ਾਲਿਬ ਜਾਂ ਗਈ ਜਵਾਨੀ ਰੈਹਸੀ ਮਾਤਮ ਖ਼ਾਨਾ
ਤਨ ਬਲੌਰੀ ਰੁਖ਼ ਨੂਰਾਨੀ ਤੇ ਅਨਵਰ ਪੇਸ਼ਾਨੀ
ਜਾਂ ਸਿਰ ਝੁਲ੍ਹ ਪਏ ਵੀਰਾਨੀ ਰੈਹਸੀ ਹੱਥ ਹੈਰਾਨੀ
ਉਲਫਤ ਦਾ ਦਮ ਭਰ ਲੈ ਕਾਈ ਜਾਂ ਲਗ ਹੈ ਸਜਆਿਨਾਂ
ਤੇ ਹੁਣ ਹਾਲ ਅਸਾਂ ਪੁਛ ਵੇਖਣ ਗ਼ਫਲਤ ਜਿਹਨਾਂ ਜਵਾਨਾਂ
ਜ਼ਖ਼ਮ ਦਿਲੇ ਵਿੱਚ ਇਸ਼ਕ ਤਿਰੇ ਦਾ ਕਦੀ ਆਰਾਮ ਨ ਆਵੇ
ਆਹ ਭਰਾਂ ਜੇ ਦਿਲ ਦੇ ਦਰਦੋਂ ਜਾਨ ਮੇਰੀ ਜਲ ਜਾਵੇ
ਜਾਨ ਮੇਰੀ ਦੀ ਖ਼ਬਰ ਨ ਮੈਨੂੰ ਜਾਨ ਮੁਹਬਤ ਤੇਰੀ
ਇਹਾ ਜਾਨ ਮੇਰੇ ਵਿੱਚ ਤਨ ਦੇ ਅਕਲ ਇਹਾਈ ਮੇਰੀ
ਸਭ ਕੁਝ ਇਸ਼ਕ ਇਹਾਈ ਤੇਰਾ ਮੈਂ ਵਿੱਚ ਕੁਝ ਨ ਮੇਰਾ
ਤਿਰੇ ਸ਼ੌਂਕ ਮੁਹਬਤ ਵਾਲੇ ਪਾਇਆ ਘੁਮਣ ਘੇਰਾ
ਤੂੰਹੀ ਮੇਰੇ ਲੂੰ ਲੂੰ ਅੰਦਰ ਕੀਤਾ ਆਪ ਵਸੇਰਾ
ਤੂੰਹੀ ਅੰਦਰ ਤੂੰਹੀ ਬਾਹਿਰ ਦਿਲ ਮੇਰਾ ਘਰ ਤੇਰਾ
ਸੋਹਿਣੇਆ ਵੇ ਮੈਂ ਤਿਰੇ ਦਰਦੀਂ ਬਨਵਾਸੀ ਬਣ ਰੋਈ
ਹੋ ਬੈਰਾਗਣ ਮੈਂ ਦਰ ਆਈ ਅਜੇ ਨ ਮਿਲਦੀ ਢੋਈ
ਮੈਂ ਤੇ ਦੁੱਖ ਪਏ ਨੂੰ ਰੋਂਦੀ ਤੂੰ ਕਿਉਂ ਰੋਵਣ ਲੱਗਾ
ਮਨਸਬ ਮੇਰਾ ਤੂੰ ਮੱਲ ਬੈਠਾ ਇਹ ਕੀਹ ਹੋਵਣ ਲੱਗਾ
ਮੈਂ ਕੁਰਬਾਨ ਨ ਕਰ ਤੂੰ ਜ਼ਾਰੀ ਤੇ ਨ ਰੋ ਕਦਾਈਂ
ਅੱਖੀਂ ਰੋਂਦਾ ਦੇਖ ਨ ਸੱਕਾਂ ਹਰਗਿਜ਼ ਤਿਰੇ ਤਾਈਂ
ਦੁੱਖ ਮੇਰੇ ਮੈਂ ਦੁੱਖਾਂ ਵਾਲੀ ਦੇਖ ਦੁੱਖਾਂ ਦਿਲ ਰੋਣਾ

ਤੂੰ ਨ ਰੋ ਵਿੱਚ ਮਿਰੇਆਂ ਦੁੱਖਾਂ ਇਹ ਦੁੱਖ ਝਲ੍ਹ ਨ ਹੋਣਾ
ਭਾਰ ਮੇਰੇ ਸਿਰ ਮੇਰੇ ਧਰਉਿ ਐ ਮੈਹਬੂਬ ਪਿਆਰੇ
ਨੈਣ ਤਿਰੇ ਵਿੱਚ ਮਿਰੇਆਂ ਦਰਦਾਂ ਹੋਣ ਨ ਅਸ਼ਕੋਂ ਭਾਰੇ
ਸੁਅਲਾ ਦਰਦ ਮੇਰੇ ਦਾ ਬੇ ਵੱਸ ਦਿਲ ਥੀਂ ਜ਼ਾਹਿਰ ਆਇਆ
ਹੈਫ ਇਹੀ ਜੋ ਚਸ਼ਮ ਤੇਰੀ ਨੂੰ ਆਬੇ ਗ਼ਰਕ ਕਰਾਇਆ
ਦਿਲ ਮਿਰੇ ਦੀ ਆਤਿਸ਼ ਸੰਦੀ ਇਹ ਖਾਸੀਅਤ ਭਾਰੀ
ਜਿਤਵਲ ਦਿਲ ਦੀਆਂ ਲਾਟਾਂ ਵਗੀਆਂ ਆਭ ਦਿਖਾਇਆਂ ਜਾਰੀ
ਤੇ ਵਿੱਚ ਆਬ ਅੱਖੀਂ ਦੇ ਤਿਰੇ਼ ਇਸ ਥੀਂ ਹਿਕਮਤ ਡਾਢੀ
ਜੀਊਂ ਜੀਊਂ ਨੈਣ ਤਿਰੇ ਦੋ ਵਗਦੇ ਜਲਦੀ ਜਾਨ ਅਸਾਡੀ
ਇਹ ਅੱਖੀਂ ਦਾ ਪਾਣੀ ਤੇਰਾ ਮੈਂ ਦਿਲ ਲਾਂਬੂ ਲਾਵੇ
ਇਹ ਪਾਣੀ ਨ ਅੱਗ ਬੁਝਾਵੇ ਲਾਟੀਂ ਬਾਲਣ ਪਾਵੇ
ਯਾ ਹਜ਼ਰਤ ਇਹ ਤੇਰਾ ਰੋਣਾ ਮੈਨੂੰ ਭਲਾ ਨ ਭਾਵੇ
ਪੂੰਝ ਅੱਖੀਂ ਮਤ ਮੇਰੇ ਦਿਲ ਨੂੰ ਤੇਰਾ ਦਰਦ ਜਲਾਵੇ
ਇਕ ਇਕ ਕਤਰਾ ਅਸ਼ਕ ਤਿਰੇ ਦਾ ਜਿਗਰ ਪਵੇ ਚੰਗਆਿੜੀ
ਆਤਸ਼ ਬਾਲੇ ਤਨ ਮਨ ਜਾਲੇ ਰੱਖੇ ਵਾਸ ਉਜਾੜੀ
ਤੇਰੀਆਂ ਆਈਆਂ ਮੈਂ ਸਿਰ ਆਵਣ ਮੇਰੀਆਂ ਵੀ ਸਿਰ ਮੇਰੇ
ਤੂੰ ਦੁੱਖਾਂ ਥੀਂ ਖ਼ਾਲੀ ਚੰਗਾ ਮੈਨੂੰ ਦੁੱਖ ਬੀਤਰੇ
ਫਾਲ ਵਚਾਰ ਡਿੱਠੀ ਦੁੱਖ ਖ਼ੁਸ਼ੀਆਂ ਸਾਂਝੇ ਮੈਂ ਤੈਂ ਵਾਲੇ
ਆਇ ਦੁੱਖ ਬੰਦੀ ਦੇ ਹਿੱਸੇ ਖ਼ੁਸ਼ੀਆਂ ਤੁਧ ਹਵਾਲੇ
ਮੈਂ ਇਸ ਵੰਡ ਅਦਾਲਤ ਵੱਲੋਂ ਰਾਜ਼ੀ ਹਾਂ ਸੌ ਵਾਰੀ
ਕਿਉਂ ਇਹ ਵੰਡ ਪਸੰਦ ਨ ਤੈਨੂੰ ਕਰਦੋਂ ਗਿਰੀਆ ਜ਼ਾਰੀ
ਮੈਂ ਰੋਵਾਂ ਰੋ ਮਰ ਮਰ ਜਾਵਾਂ ਦਿਲ ਤੇ ਜਾਨ ਜਲਾਵਾਂ
ਅਸ਼ਕ ਵਗਾਵਾਂ ਅਕਲ ਸਬਰ ਨੂੰ ਡੂੰਘੇ ਵੇਹਣ ਰੁੜ੍ਹਾਵਾਂ
ਦੇਖ ਤਮਾਸ਼ਾ ਬੱਨੇ ਬੈਠਾ ਐ ਮਹੈਬੂਬ ਪਿਆਰੇ
ਮੈਨੂੰ ਤੇਰਾ ਨੀਰ ਡੂਬਾਵੇ ਦਰਦਾਂ ਦੇ ਵੱਚਕਾਰੇ
ਮੈਂ ਅਜ਼ਮੂਦਾ ਕਾਰ ਦੁੱਖਾਂ ਦੀ ਰੋਵਣ ਹਾਰੀ ਦੁੱਖੀਂ
ਰੋਵਣ ਦੇ ਤੂੰ ਮਿਰੇ ਤਾਈਂ ਤੂੰ ਨ ਰੋ ਮੈਂ ਵਾਰੀ
ਜੇ ਤੂੰ ਦੇਖ ਮੇਰਾ ਦੁੱਖ ਰੋਇਉਂ ਮੈਹਬੂਬਾ ਹਟ ਜਾਈਂ
ਦੁੱਖ ਮਿਰੇ ਜੁਗ ਰਿਸਦੇ ਰੈਹਣੇ ਵਸਦੀ ਦੁਣੀਆਂ ਤਾਈਂ
ਲਮੀਆਂ ਸ਼ਾਖ਼ਾਂ ਦਰਦ ਮੇਰੇ ਦੀਆਂ ਤੈਂ ਵੱਲ ਕਿਉਂ ਝੁਕ ਚਲੀਆਂ
ਰੁੜੀਆਂ ਜਾਂਦੀਆਂਮੇਰੀਆਂ ਅੱਖੀਂ ਦਰਦ ਤਿਰੇ਼ ਵਿੱਚ ਜਲੀਆਂ
ਸੋਹਣੀਆਂ ਲਗਦੀਆਂ ਹਸਦੀਆਂ ਰਸਦੀਆਂ ਤੇਰੀਆਂ ਅੱਖੀਆਂ ਦੋਵੇਂ
ਮੈਂ ਕਦ ਵੰਡ ਦਿੱਤੇ ਦੁੱਖ ਤੈਨੂੰ ਤੂੰ ਕਿਸ ਦਰਦੋਂ ਰੋਵੇਂ
ਹੋਈ ਵੰਡ ਅਦਾਲਤ ਵਾਲੀ ਅਜੇ ਨ ਰਾਜ਼ੀ ਹੋਵੇਂ
ਵੰਡ ਮੇਰੀ ਵਿੱਚ ਕਰੇਂ ਤਸੱਰਫ ਨ ਵਿੱਚ ਅਦਲ ਖਲੋਵੇਂ
ਮੈਂ ਰੋਵਾਂ ਦਿਲ ਡਰਦਾ ਮੇਰਾ ਸੁਣ ਸੁਣ ਤੇਰੀਆਂ ਆਹੀਂ
ਮੇਰੇ ਉਪਰ ਇਸ਼ਕ ਕਿਸੇ ਦਾ ਖ਼ੈਰ ਗੁਜ਼ਾਰੇ ਨਾਹੀਂ
ਹੁਣ ਕਿਆ ਦੇਖ ਲਵਾਂ ਸਿਰ ਮੇਰੇ ਤੇਰਾ ਇਸ਼ਕ ਲੈ ਆਵੇ

ਜਾਨ ਮੇਰੀ ਤੇ ਦੇਖਾਂ ਕਾਈ ਕਿਆ ਮੁਸੀਬਤ ਪਾਵੇ
ਨਾਰ ਮਜਾਜ਼ੀ ਵਿੱਚ ਸੜ ਮਰਨਾ ਮੈਨੂੰ ਸੈਹਲ ਦਸਾਵੇ
ਪਰ ਵਿੱਚ ਲਾਟ ਬ੍ਰਿਹੋਂ ਦੀ ਸੜਨਾ ਮੁਸ਼ਿਕਲ ਨਜ਼ਰੀ ਆਵੇ
ਸੜ ਮਰਨੇ ਥੀਂ ਜੇ ਦੁੱਖ ਜਾਂਦਾ ਖੁ਼ਸ਼ ਹੋ ਮੈਂ ਸੜ ਮਰਦੀ
ਜੀਵਣ ਮਰਨ ਦੋਵੇਂ ਦੁੱਖ ਕੀਤੇ ਦਿਲਬਰ ਦੀ ਬੇਦਰਦੀ
ਬੇ ਪਰਵਾਹਾਂ ਦੇ ਸੰਗ ਯਾਰੀ ਲਾਵਣ ਮੁਸ਼ਕਿਲ ਭਾਰੀ
ਆਖ਼ਿਰ ਲਾਜ ਉਸੇ ਨੂੰ ਸਾਰੀ ਮੈਂ ਜਿਸ ਤੇ ਬਲਹਾਰੀ
ਨੈਣ ਮੇਰੇ ਦੋ ਪਾਣੀ ਭਰਦੇ ਇਸ਼ਕ ਤਿਰ ਦੇ ਬਰਦੇ
ਖੜੇ ਦੋਵੇਂ ਹੱਥ ਪੱਖਾ ਝਲ੍ਹਦੇ ਜਦੋਂ ਸਿਅਪੇ ਕਰਦੇ
ਗ਼ਮ ਦੁੱਖ ਦੋ ਫਰਾਸ਼ ਬੰਦੀ ਦੇ ਬਿਸਤਰ ਸੂਲਾਂ ਧਰ ਦੇ
ਸ਼ੌਕ ਤ਼ਲਬ ਦੋਪੈਹਰੇ ਵਾਲੇ ਰਾਖੇ ਮੇਰੇ ਦਰ ਦੇ
ਮਨ ਪਰਚਾਵਣ ਗੀਤ ਸੁਨਾਵਣ ਆਹੀਂ ਵਕਤ ਸੈਹਰ ਦੇ
ਦਰਦ ਮੇਰਾ ਦਿਲ ਪਾੜ੍ਹਨ ਸੀਵਣ ਦਰਜ਼ੀ ਮੇਰੇ ਘਰ ਦੇ
ਵੈਣ ਮੇਰੇ ਸ਼ਾਗਿਰਦ ਸਦਾਵਣ ਦਿਲ ਦੇ ਆਹਣਗਰ ਦੇ
ਸੀਨੇ ਦੇ ਸੰਦੂਕ ਮੇਰੇ ਵਿੱਚ ਘੜ ਤਲਵਾਰਾਂ ਧਰ ਦੇ
ਦੇਗ ਦਮਾਗ਼ ਪਕਾਵਣ ਮੇਰੇ ਸੋਜ਼ ਫਰਾਕ ਜੁਦਾਈਆਂ
ਸੀਣੇ ਦਾ ਤਨੂਰ ਤਪਾਵਣ ਦਿਲ ਦੀਆਂ ਤੇਜ਼ ਹਵਆਈਆਂ
ਮਿਸਲ ਇਹਨਾਂ ਦੇ ਬਾਝ ਸੁਮਾਰੇ ਖ਼ਿਦਮਤਗਾਰ ਬਥੇਰੇ
ਹਰ ਦਮ ਮੇਰੀ ਕਿਸਮਤ ਅੰਦਰ ਬਖ਼ਸ਼ੇ ਹੋਏ ਤੇਰੇ
ਤੂੰ ਮੈਨੂੰ ਇਹ ਖ਼ਾਦਮ ਦਿੱਤੇ ਹਰ ਹਰ ਖ਼ਿਦਮਤ ਵਾਲੇ
ਹੁਣ ਕੋ ਮਨਸਬ ਰਿਹਾ ਨ ਖ਼ਾਲੀ ਹਰਗ਼ਿਜ਼ ਬਾਝ ਵਸਾਲੇ

## ਜ਼ੁਲੈਖਾ ਦਾ ਹਜ਼ਰਤ ਯੂਸਫ ਨਾਲੂੰ ਬਾਗ਼ ਸਜਾਨ ਦੇ ਬਹਾਨੇ ਵਸਾਲ ਦੀ ਕੋਸ਼ਿਸ਼ ਕਾਨਾ

ਗੁੰਚਗਿਆਂ ਵਿੱਚ ਗੁਲਸ਼ਨ ਜ਼ਾਦਾਂ ਖੂ਼ਨ ਜਿਗਰ ਦਾ ਪੀਤਾ
ਬਾਦ ਸਬਾ ਦਮ ਮੁਰਸ਼ਦ ਵਾਲੇ ਗ਼ੰਚੇ ਥੀਂ ਗੁਲ ਕੀਤਾ
ਮੇਵੇ ਰੋਂਦੇ ਤੇ ਗੁਲ ਹਸਦੇ ਵਿੱਚ ਇਸ ਬਾਗ਼ ਹਜ਼ਾਰਾਂ
ਰੰਗਾ ਰੰਗ ਜਨਾਵਰ ਇਸ ਵਿੱਚ ਸੌ ਡਾਰਾਂ ਦੀਆਂ ਡਾਰਾ
ਗੁਲਜ਼ਾਰਾਂ ਵਿੱਚ ਬੁਲਬੁਲ ਬੋਲੇ ਗੁਲ ਨੂੰ ਬੋਲੀਆਂ ਕਰਦੀ
ਮੈਂ ਰੋਵਾਂ ਤੂੰ ਖਿਲ ਖਿਲ ਹੱਸੇਂ ਵਾਹ ਤੇਰੀ ਬੇਦਰਦੀ
ਤੇ ਗੱਲ ਹਾਲ ਜ਼ੁਬਾਨੋਂ ਕੈਹੰਦਾ ਵਾਹ ਤੇਰੀ ਨਾਮਰਦੀ
ਜੈਂ ਸਦਮਾਤ ਫਿਨਾਹ ਮੁਤਆਕਬ ਸ਼ੌਕ ਉਹਦਾ ਸਿਰਦਰਦੀ
ਉਹ ਕੈਹੰਦੀ ਖ਼ੁਸ਼ ਰੰਗੀ ਤੇਰੀ ਤੇ ਨਿਕਹਤ ਦਮ ਭਰ ਦੀ
ਤੂੰ ਮਨਜ਼ੂਰ ਨਜ਼ਰ ਦਿਲਬਰ ਦਾ ਦਿਲੋਂ ਜਿਹਦੀ ਮੈਂ ਬਰਦੀ
ਹਰ ਹਰ ਬਰਗ ਤੇਰਾ ਆਈਨਾ ਸਨਅਤ ਸੇਕਲ ਗਰ ਦੀ
ਜਲਵਾ ਦੇਖ ਸਜਣ ਦਾ ਜਿਸ ਥੀਂ ਮੈਂ ਦਿਲ ਤਾਬ ਨ ਧਰਦੀ
ਉਹ ਕੈਹੰਦਾ ਤੂੰ ਵਸਲੋਂ ਰੋਵੇਂ ਕੈਦ ਫਰਾਕੋਂ ਡਰਦੀ
ਹੋ ਆਜ਼ਾਦ ਮੁਕੀਯੱਦ ਨਕਸ਼ੋਂ ਟੁਟੇ ਬੰਦ ਸਵਰ ਦੀ

ਵਿੱਚ ਗੁਲਾ ਦੇ ਬੁਲਬੁਲ ਰੁਝੀ ਤੇ ਸਰੂਆਂ ਵਿੱਚ ਕੂਮਰੀ
ਸ਼ਮਸ਼ਾਦਾਂ ਪਰ ਕੋਇਲ ਕੂਕੇ ਨਾਰ ਵਣਾਂ ਪਰ ਖ਼ੁਮਰੀ
ਵਿੱਚ ਅਰਾਕਾਂ ਚੁਗਣ ਕਬੂਤਰ ਮੋਰ ਫ਼ਿਰਨ ਦੀਵਾਰੇ
ਮੰਗੇ ਮੀਂਹ ਬੰਬੀਆ ਬੋਲੇ ਹੁਦ ਹੁਦ ਲੈਣ ਹੁਲਾਰੇ
ਜ਼ੀਰਕ ਮੁਰਗ਼ ਲਟਕਦਾ ਸ਼ਾਖੋਂ ਹੱਕ ਹੱਕ ਭਰੇ ਗਵਾਹੀ
ਮੋਸੀਕਾਰ ਅੰਦਰ ਮੋਸੀਕੀ ਪੜ੍ਹਦਾ ਹਮਦ ਇਲਾਹੀ
ਕੁਕਨਸ ਨਾਰ ਬ੍ਰਿਹੋਂ ਦਾ ਜਲਿਆ ਦੇਂਦਾ ਖ਼ਬਰ ਫਰਾਕੋਂ
ਵਕਤ ਨਵਾਈ ਹਜਾਜ਼ ਰਿਹਾਵੇ ਲੁਟਦਾ ਸਬਰ ਉਸ਼ਾਕੋਂ
ਬੂਸਲੀਕ ਸਫਾਹਾਂ ਕੂਚਕ ਹੋਰ ਬੁਗਰਗ਼ ਇਰਾਕੋਂ
ਜ਼ੰਗਲੀਉ ਕਰ ਰਾਸਤ ਨਗ਼ਮਾ ਪੜ੍ਹੇ ਹੁਸੈਨੀ ਤ਼ਾਕੋਂ
ਇਰਹਮ ਅਰਹਮ ਮੁਰਗ਼ ਸੁਨੈਹਰੀ ਪੜ੍ਹਦਾ ਸਿਦਕ ਯਕੀਨੋਂ
ਮਿਲੀ ਨਵੀਦ ਕਬੂਲ ਦਮਾ ਦਮ ਉਸਨੂੰ ਮੁਰਗ਼ ਆਮੀਨੋਂ
ਚੀਲਾਂ ਛੋੜ ਗਈਆਂ ਘਰ ਵਸਦੇ ਡਰਦੀਆਂ ਕਾਲ ਕਲੀਨੋਂ
ਬੂਮ ਕਲੂਖ਼ ਅੰਦਾਜ਼ ਫਸਾਦੀ ਭੁੱਲਾ ਦੁਣੀਆ ਦੀਨੋਂ
ਤੇ ਬਾਖ਼ਾ ਵਿੱਚ ਆਬ ਚੌਫੇਰੇ ਹੱਕ ਹੱਕ ਕਰੇ ਸਵੇਰੇ
ਨੈਹਰਾਂ ਵਿੱਚ ਮਰੁਗ਼ਾਬੀ ਬੋਲੇ ਖਾਈਆਂ ਵਿੱਚ ਵਟੇਰੇ
ਘੁਘੀ ਵਿੱਚ ਵਝੀਫੇ ਰੁਝੀ ਲੁਟ ਖਾਦਾ ਘਰ ਕਾਵਾਂ
ਬਾਜ਼ ਅਕਾਬ ਵੱਗੇ ਛੁੱਟ ਜਿਤਵਲ ਪੁਤ ਨ ਸਾਂਭੇ ਮਾਵਾਂ
ਤੇ ਸ਼ਾਰਕ ਦੇ ਪੈਰ ਰੰਗੀਲੇ ਕਰਮ ਨਖੁੱਟੀ ਸੋਈ
ਤੇ ਗੁਲ ਗੁਲ ਦੇ ਰੰਗਾਂ ਉਤੇ ਬੁਲਬੁਲ ਭੀ ਬੇਹ ਰੋਈ
ਖ਼ੁਸ਼ ਆਵਾਜ਼ ਜਨਾਵਰ ਕੂਕਣ ਵਿੱਚ ਗੁਲਸਤਾਂ ਜ਼ਾਰੇ
ਤੇ ਮੈਹਰਮ ਇਸਰਾਰ ਦਿਲਾਂ ਨੂੰ ਮਿਲਦੇ ਰਾਜ਼ ਇਸ਼ਾਰੇ
ਵਾਹ ਵਾਹ ਬਾਗ਼ ਜਿਹਦੇ ਵਿੱਚ ਵਸਦੇ ਗਏ ਬਹਿਸ਼ਤ ਕਿਨਾਰੇ
ਤੇ ਵਿੱਚ ਵਗਦੀਆਂ ਚਾਰੇ ਨੈਹਰਾਂ ਤਰਫ ਮੁਜਦ ਵੱਲ ਚਾਰੇ
ਤਾਜ਼ਾ ਰੋਇਉਂ ਵਿੱਚ ਬਹਸ਼ਤਾਂ ਇਹ ਗੁਲਸ਼ਨ ਵੜ ਬੈਹੰਦਾ
ਤੇ ਸ਼ਾਇਰ ਇਸ ਬਾਗ਼ੇ ਵੜਇਆ ਨਿਕਲਨੋਂ ਅੜ ਬੈਹੰਦਾ
©
ਮੈਂ ਬੇਦਰਦ ਸਜਣ ਥੀਂ ਲਾਈਆਂ ਉਸ ਨੇਂ ਰੋਹੜ ਗਵਾਈਆਂ
ਤੂੰ ਭੀ ਕਰ ਲੈ ਦੌੜ ਕੁਦਾਈਆਂ ਮੇਰੀਆਂ ਰੋਹੜ ਜੁਦਾਈਆਂ
ਯਾਰ ਮੇਰੇ ਵਿੱਚ ਘਰ ਦੇ ਰੈਹੰਦਾ ਅਜੇ ਮੇਰਾ ਦੁੱਖ ਉਵੇਂ
ਮਿਲਿਆ ਵੇਦ ਤੇ ਵੇਹੰਦੇਆਂ ਦੂਰੋਂ ਉਵੇਂ ਅਖੀਆਂ ਦੋਵੇਂ
ਮੇਰਾ ਰਾਤ ਦਿਣੇ ਵਰਤਾਰਾ ਨਾਲ ਉਸੇ ਦੇ ਸਾਰਾ
ਮੈਂ ਭੀ ਉਹ ਤੇ ਉਹ ਭੀ ਉਹੋ ਪਰ ਉਹ ਅਜੇ ਨਿਆਰਾ
ਮੇਰਾ ਬਾਝ ਉਹਦੇ ਦੀਦਾਰੋਂ ਸਾਇਤ ਨਈ ਗੁਜ਼ਾਰਾ
ਅਜੇ ਫਰਾਕ ਜੁਦਾਈ ਉਵੇਂ ਦੇਖ ਤਅਜੱਬ ਭਾਰਾ
ਉਹ ਜ਼ਾਹਿਰ ਵਿੱਚ ਹਰ ਹਰ ਮਜ਼ਹਰ ਘਰ ਉਸਦਾ ਚਮਕਾਰਾ
ਅਜੇ ਹਨੇਰ ਮੇਰੇ ਵਿੱਚ ਅੱਖੀਂ ਦੇਖ ਬ੍ਰਿਹੋਂ ਦਾ ਕਾਰਾ
ਮੈਂ ਉਸ ਥੀਂ ਉਹ ਮੇਥੀਂ ਨੇੜੇ ਦੂਰੀ ਅਜੇ ਬਥੇਰੀ

ਦੁਖ ਸੁਖ ਥੀਂ ਮੈਂ ਗੁਜ਼ਰ ਸਧਾਰੀ ਅਜੇ ਉਹਦੇ ਦੁੱਖ ਘੇਰੀ
ਜੇ ਮੈਂ ਕਹਾਂ ਸਜਣ ਨੇ ਲੁੱਟੀ ਝਿੜਕ ਅਦਬ ਦੀ ਖਾਵਾਂ
ਖ਼ੁਦ ਨੂੰ ਕਹਾਂ ਕਹਾਂ ਕੀਹ ਹੋਕੇ ਕਿਸਨੂੰ ਚੋਰ ਬਨਾਵਾਂ
ਓਵੱਲ ਆਖ਼ਿਰ ਜ਼ਾਹਿਰ ਬਾਤ਼ਨ ਆਪੇ ਸਭ ਕੁਝ ਜਾਣੇ
ਜਾਣ ਬਣੇ ਅਨਜਾਣ ਅਸਾਂ ਥੀਂ ਕਾਰ ਕਰੇ ਮਨ ਭਾਣੇ
ਖ਼ਾਨਾ ਅਕਸ ਸਜਣ ਦਾ ਬਣਿਆ ਦਿਲ ਰੰਗੀਨ ਆਈਨਾ
ਤੇ ਖੱਲੜ ਹੈ ਹੱਡੀਂ ਭਰਿਆ ਬੇਦਰਦਾਂ ਦਾ ਸੀਨਾ
ਬਾਝ ਤਿਰੇ ਮੈਂ ਦਰਦਾਂ ਲੁੱਟੀ ਪਾਸ ਕਿਹਦੇ ਦੁੱਖ ਫ਼ੋਲਾਂ
ਦਿਲ ਥੀਂ ਸੁਣ ਮੈਂ ਤਿਰ ਅੱਗੇ ਦਰਦ ਦਿਲੇ ਦਾ ਖੋਲਾਂ
ਨਿੱਤ ਮੈਹਬੂਬ ਰਹੇ ਘਰ ਮੇਰੇ ਨਈਂ ਨਸੀਬ ਵਿਸਾਲੋਂ
ਕਿਆ ਕਰਾਂ ਬੇਚਾਰੀ ਹੋਈਆਂ ਵਿੱਚ ਫਰਾਕ ਵਬਾਲੋਂ
ਅਰਜ਼ ਕਰਾਂ ਹੱਥ ਬੱਨ੍ਹ ਹਜ਼ਾਰਾਂ ਦਿਲ ਤੇ ਨਈਂ ਲਿਆਵੇ
ਉਚੀ ਨਜ਼ਰ ਨ ਕਰੇ ਕਦਾਈਂ ਮੈਂ ਵੱਲ ਝਾਤ ਨ ਪਾਵੇ
ਬੂਟਾ ਮੈਹੰਦੀ ਦਾ ਘਰ ਲਾਵਾਂ ਅੱਖੀਂ ਨੈਹਰ ਵਗਾਵਾਂ
ਚਸ਼ਮਾ ਖ਼ੂਨ ਜਿਗਰ ਤੇ ਦਿਲ ਦਾ ਰੋ ਉਸਦੇ ਮੁਢ੍ਹ ਪਾਵਾਂ
ਬੂਟਾ ਵਧੇ ਫ਼ਲੇ ਇਸ ਆਬੋਂ ਬਰਗੀਂ ਰੰਗ ਸਮਾਵੇ
ਰਗੜਾਂ ਘੋਲਾਂ ਖੜਾਂ ਸਜਣ ਵੱਲ ਉਹ ਨ ਪੈਰੀਂ ਲਾਵੇ
ਇਸ ਥੀਂ ਪਰੇ ਕਿਆਈ ਮੁਸ਼ਿਕਲ ਮੈਂ ਕਿਸਮਤ ਨੇ ਮਾਰੀ
ਯਾਰੀ ਭਾਰੀ ਜਾਲਣ ਹਾਰੀ ਯਾਦ ਕਰੇ ਬੇਜ਼ਾਰੀ
ਦਿਲ ਮੇਰੇ ਨੇ ਆਫਤ ਚਾਈ ਮੇਰੀ ਜਾਨ ਖਪਾਈ
ਤੇ ਦਿਲਬਰ ਨੇ ਵਿੱਚ ਜੁਦਾਈ ਮੇਰੀ ਗਰਦ ਉਡਾਈ
ਲਾਵਾਂ ਅੱਗ ਜਲਾਵਾਂ ਖ਼ਾਨਾ ਜਲਾਂ ਵਿੱਚੇ ਜੀ ਚਾਹੇ
ਫ਼ੇਰ ਕਹਾਂ ਇਹ ਦਾਗ਼ ਨ ਜਾਵੇ ਬੁਰੇ ਬ੍ਰਿਹੋਂ ਦੇ ਫ਼ਾਹੇ
ਖ਼ਾਕ ਲਵਾਂ ਸਿਰ ਪਾਵਾਂ ਰਾਤੀਂ ਰੋਵਾਂ ਵਿੱਚ ਜੁਦਾਈ
ਇਸ਼ਕ ਅਸਾਨੂੰ ਕੁੰਡੀਆਂ ਪਾਈਆਂ ਵਾਂਗ ਮੱਛੀ ਤੜਫਾਈ
ਖ਼ੂਨੀ ਚਸ਼ਮੇ ਚਸ਼ਮ ਮੇਰੀ ਦੇ ਦੇਖ ਸ਼ਫਕ ਰੱਤ ਰੋਈ
ਤੇ ਆਤਿਸ਼ ਸੁਣ ਮੇਰੀਆਂ ਆਹੀਂ ਜਲ ਜਲ ਕੋਲਾ ਹੋਈ
ਪਰ ਉਸ ਬੇਪਰਵਾਹ ਸਜਣ ਨੂੰ ਅਸਰ ਨ ਮੇਰੇ ਦਰਦੋਂ
ਨ ਤਾਸੀਰ ਮੇਰੀ ਆਹ ਗਰਮੋਂ ਤਰਸ ਨਈਂ ਦਮ ਸਰਦੋਂ
©
ਆ ਦਰਦਾ ਵੱਗ ਪਰਦਿਆਂ ਵਿੱਚੋਂ ਪਾ ਵਿੱਚ ਦੇਸ ਦੁਹਾਈਆਂ
ਅਣ ਸੁਣਿਆਂ ਨੂੰ ਚਾ ਸੁਨਾਉ ਸੋਜ਼ ਫਰਾਕ ਜੁਦਾਈਆਂ
ਗੋਸ਼ੇ ਥੀਂ ਕਢਹ ਲਾਟ ਬ੍ਰਿਹੋਂ ਦੀ ਦੇਸ ਅਲੰਬੇ ਲਾਉ
ਬੇ ਖ਼ਬਰਾਂ ਨੂੰ ਖ਼ਬਰ ਪਚਾਊ ਆਉ ਰੋਗ ਵੰਡਾਉ
ਮੈ ਰਸਵਾਈ ਦਾ ਸੁਟ ਸ਼ੀਸ਼ਾ ਮਜਲਿਸ ਦੇ ਵੱਚਕਾਰੇ
ਦੇਹ ਖ਼ੁਸ਼ ਖ਼ਬਰ ਰਕੀਬਾਂ ਤਾਈਂ ਆਣ ਰਲਣ ਵਿੱਚ ਡਾਰੇ
ਜਾਂ ਇਹ ਮਸਤੀ ਜੋਸ਼ ਖਲਾਰੇ ਵਿਰਲੇ ਰੈਹਣ ਕਨਾਰੇ
ਤੇ ਇਹ ਤਲਖ਼ੀ ਲਬੋਂ ਨ ਜਾਵੇ ਵੀਤ ਰੈਹਣ ਜੁੱਗ ਸਾਰੇ

ਫ਼ਾਹੀ ਮਕਰ ਸਯਾਦ ਖਲਾਰੀ ਬਾਜ਼ ਫਸੇ ਇਕਵਾਰੀ
ਬਾਜ਼ ਫਸੇ ਜਾਂ ਫਸੇ ਨ ਮੂਲੇ ਖ਼ੁਦ ਫ਼ਸ ਮਰਨ ਸ਼ਕਾਰੀ
ਭਖ਼ਦੀ ਅੱਗ ਲਗਾਇਆਂ ਫੂਕਾਂ ਤਪ ਦਿਲ ਘੁਲੇ ਕਿਸੇ ਦਾ
ਅਜੇ ਕਿਸੇ ਕੁਝ ਸੇਕ ਨ ਪੌਹਤਾ ਜਲਿਆ ਰਖ਼ਤ ਇਸੇ ਦਾ
ਹੋਰੀ ਨੂੰ ਇਸ ਲੁਟਣ ਕਾਰਨ ਮਕਰੋਂ ਧਾੜ ਚੜ੍ਹਾਈ
ਹੋਰੀ ਦਾ ਅਜੇ ਗਿਆ ਨ ਕਾਈ ਇਸਦਾ ਰਿਹਾ ਨ ਰਾਈ
©
ਸਾਕੀ ਭਰ ਦੋ ਜਾਮ ਵਿਸਾਲੋਂ ਬਖ਼ਸ਼ ਗ਼ੁਲਾਮ ਰਸੂਲੇ
ਜਾਵੇ ਜਾਨ ਮੁਕਾਬਿਲ ਅੱਖੀਂ ਖ਼ਬਰ ਨ ਪਾਵੇ ਮੂਲੇ
ਛੁਰੀ ਵਗੇ ਤਨ ਪੁਰਜ਼ੇ ਹੋਵੇ ਮਸਤੀ ਚੜ੍ਹੇ ਸਵਾਈ
ਖ਼ੂਨ ਆਲੂਦ ਰਹੇ ਤਨ ਘਾਇਲ ਜਾਪੇ ਹਾਲ ਨ ਰਾਈ
ਜਾਨ ਕੰਦਣ ਵਿੱਚ ਆਖ਼ਿਰ ਦਮ ਦੇ ਦੇਵੇ ਯਾਰ ਵਖਾਈ
ਤਾਂ ਉਹ ਨਜ਼ਆ ਨ ਜਾਪੇ ਦਿਲ ਨੂੰ ਸ਼ੌਕ ਲਕ਼ਾਉਂ ਕਾਈ
ਡੂੰਘੇ ਰਾਜ਼ ਨ ਖੁਲ੍ਹਣ ਵਾਲੇ ਜਿਸ ਦਮ ਹੋਣ ਹਵਿਦਾ
ਨਵੀਆਂ ਰਮਜ਼ਾਂ ਤਾਜ਼ੇ ਗ਼ਮਜ਼ੇ ਦੇਖ ਰਹੇ ਦਿਲ ਸ਼ੈਦਾ
ਪਰਦਾ ਚਾ ਉਘਾੜ ਪਲਕ ਭਰ ਚਸ਼ਮ ਕ੍ਰਿਸ਼ਮਿਆਂ ਵਾਲੀ
ਪੁਰ ਪੁਰ ਲਾਲੀ ਲਬੇ ਸਵਾਲੀ ਰੈਣ ਜ਼ੁਲਫ ਦੀ ਕਾਲੀ
ਇਸ਼ਕ ਬਥੇਰਾ ਆਤਿਸ਼ ਭਾਰੀ ਜਾਣ ਜਲਾਵਣ ਕਾਰਨ
ਤ਼ਆਨੇ ਹੋਰ ਵਧੇ ਇਹ ਗ਼ਮ ਦਾ ਬਾਲਣ ਪਾਵਣ ਕਾਰਨ
ਉਹ ਕੀਹ ਜਾਨਣ ਸਾਰ ਦੁੱਖਾਂ ਦੀ ਜਿਹਨਾਂ ਡਿੱਠੇ ਦੁਖ ਨਾਹੀਂ
ਤੇ ਵਿੱਚ ਸੀਨੇ ਜ਼ਖ਼ਮ ਨ ਖਾਦੇ ਬ੍ਰਿਹੋਂ ਦੇ ਜੰਗਾਹੀਂ
ਕੀਹ ਮਆਲਮ ਬੇਦਰਦਾਂ ਤਾਈ ਦਰਦਮੰਦਾਂ ਦੀਆਂ ਆਹੀਂ
ਮਨਜ਼ਿਲ ਇਸ਼ਕ ਦੁਰਾਡੀ ਜਾਨਣ ਜਾਂ ਤੜਫ਼ਣ ਪੇਏ ਰਾਹੀਂ
ਗੁਜ਼ਰਣ ਹਾਲ ਜ਼ੁਬਾਨੀ ਸੌਖਾ ਪਰ ਜੇ ਵਾਰਦ ਹੋਵੇ
ਵੇਖ ਲਵਾਂ ਉਹ ਮਾਈ ਜਾਈ ਜੋ ਸਰ ਝਲ੍ਹ ਖਲੋਵੇ
ਚੜ੍ਹ ਚੰਦਾ ਕਰ ਰੋਸ਼ਨ ਖ਼ਾਨਾ ਹੋਵਣ ਦੂਰ ਹਨੇਰੇ
ਵਿੱਚ ਉਡੀਕਾਂ ਰਾਹੇ ਤੱਕਣ ਸ਼ੌਕ ਜਿਹਨਾਂ ਨੂੰ ਤਿਰੇ
©
ਚੱਲ ਵਿੱਚ ਕੈਦ ਦਿਲਾ ਕੱਟ ਵੇਖਾਂ ਛੁਟਣ ਮਕਰ ਜਹਾਨਾਂ
ਤੇ ਉਮੀਦ ਦਿਲੇ ਵਿੱਚ ਹਰ ਦਮ ਵਸਲੋਂ ਬੰਦੀ ਵਾਨਾਂ
ਕਸਰਤ ਛੋੜ ਕਦਮ ਧਰ ਵਾਹਦਤ ਅਪਣਾ ਆਪ ਨ ਜਾਪੇ
ਤੇ ਉਹ ਵਸਲ ਦਿਲੇ ਦਾ ਮਕਸਿਦ ਮਿਲੇ ਦਿਲੇ ਨੂੰ ਆਪੇ
ਵਿੱਚ ਰਿਆਜ਼ਤ ਬੰਦੀ ਖ਼ਾਨੇ ਕ਼ੈਦ ਨ ਪਵੀਂ ਜਦਾਹੀਂ
ਇਹ ਕਦੂਰਤ ਦਿਲ ਥੀਂ ਤਿਰੇ ਹਰਗਿਜ਼ ਜਾਵੇ ਨਾਹੀਂ
ਸਾਇਤ ਦੁੱਖ ਉਮਰ ਦੀਆਂ ਖ਼ੁਸ਼ੀਆਂ ਤ਼ਲਬ ਕਰੇ ਹੱਥ ਆਵੇ
ਇੱਥ ਸਵਾਲੀ ਹਾਜ਼ਿਰ ਆਇਆ ਖ਼ਾਲੀ ਕਦੀ ਨ ਜਾਵੇ
ਮਿਲੇ ਮੁਰਾਦ ਉਠਣ ਦੁੱਖ ਸਾਰੇ ਪਵੇ ਤਸੱਲੀ ਪੂਰੀ
ਦੂਰੀ ਦੂਰ ਹਜ਼ੂਰੀ ਨੇੜੇ ਅਰਜ਼ ਖੁੱਲ੍ਹੇ ਮਨਜ਼ੂਰੀ

ਤਾਜ਼ੀ ਵਾਗ ਉਲਾਰ ਪਿਆਰੇ ਚਲ ਮਤਲਬ ਘਰ ਨੇੜੇ
ਯਾਦ ਨ ਰੈਹਣ ਭੁਲਣ ਵਿੱਚ ਦਮ ਦੇ ਦੁੱਖ ਦਰਦਾਂ ਦੇ ਝੇੜੇ
ਮੁੜ ਚੱਲ ਯਾਰ ਦੂਰਾਡਾ ਵਗਿਉਂ ਭੇਤ ਨ ਸਮਝੇ ਜਾਵਣ
ਮੈਹਬੂਬਾਂ ਨੂੰ ਬੰਦੀ ਖ਼ਾਨੇ ਯਾਰ ਹੱਥੀਂ ਚ ਪਾਵਣ
ਕੈਦ ਪਿਆਂ ਜੇ ਜਿਲੇ ਪਿਆਰਾ ਵਾਹ ਵਾਹ ਬੰਦੀ ਖ਼ਾਨਾ
ਬੰਦੀ ਵਾਨਾਂ ਥੀਂ ਚਾ ਵਾਰੋ ਜੇ ਬੇ ਕੈਦ ਜ਼ਮਾਨਾ
ਹਰ ਹਰ ਦੇ ਮੈਂ ਇਸ਼ਕੋਂ ਯਾਰਾ ਝੱਲ੍ਹੇ ਦੁੱਖ ਬਥੇਰੇ
ਮੈਂ ਡਰਇਆ ਹੁਣ ਇਸ਼ਕ ਉਹਾ ਈ ਆਣ ਲੱਗਾ ਦਿਲ ਤਿਰੇ
©
ਦੇਹ ਸਾਕੀ ਇੱਕ ਜਾਮ ਦੁੱਖਾਂ ਦਾ ਘੁਟ ਭਰਾਂ ਗੁਮ ਜਾਵਾਂ
ਬੇ ਖ਼ੋਦ ਹੋ ਰਹਾਂ ਦਮ ਕਾਈ ਆਖ਼ਿਰ ਮਕਸਿਦ ਪਾਵਾਂ
ਯਾਰ ਨ ਦਿਸੇ ਸਬਰ ਨ ਆਵੇ ਘਰ ਭਰਇਆ ਸੂ ਦਰਦੋਂ
ਰੁਖ਼ ਜ਼ਰਦੋਂ ਪਰੁ ਖ਼ੂਨ ਦੋ ਚਸ਼ਮਾਂ ਲਾਟ ਬਲੇ ਦਮ ਸਰਦੋਂ
ਜੇ ਇੱਕ ਵਸਲ ਨ ਮਿਲਦਾ ਮੈਨੂੰ ਖ਼ੁਸ਼ ਰੈਹੰਦੀ ਦੀਦਾਰੋਂ
ਹੁਣ ਦੀਦਾਰ ਨ ਨਜ਼ਰੀਂ ਆਵੇ ਗੁਜ਼ਰੀਆਂ ਸਬਰ ਕਰਾਰੋਂ
ਯਾਰ ਹੱਥੋਂ ਛੱਡ ਆਪ ਵਗੁੱਤੀ ਮੈਂ ਨਾ ਸ਼ੁਕਰੀ ਝੱਲ੍ਹੀ
ਭ੍ਰੇਅਕਲੀ ਦੀ ਕ਼ੈਹਰ ਅੰਧੇਰੀ ਸਿਰ ਮੇਰੇ ਪਰ ਝੁੱਲ੍ਹੀ
ਕਿਆ ਕਰਾਂ ਹੁਣ ਵੱਸ ਨ ਰਿਆ ਬੇ ਦਰਦਾਂ ਹੱਥ ਆਇਆ
ਜ਼ਖ਼ਮ ਉੱਤੇ ਇਹ ਦੂਜਾ ਕਾਰੀ ਤ਼ਾਲਿਅ ਜ਼ਖ਼ਮ ਲਗਾਇਆ
ਘਰ ਖ਼ਾਲੀ ਲਾ ਲਾਂਬੂ ਫੂਕਾਂ ਲਾਵਾਂ ਅੱਗ ਮਹੱਲੀਂ
ਕਿਸਨੂੰ ਤ਼ਆਨ ਇਹਆ ਮੈਂ ਆਪੇ ਰਾਹੀਂ ਪਈ ਕਵੱਲੀ
ਬਆਦ ਵਸਾਲ ਫਰਾਕ ਨ ਮਆਲਮ ਕੇਡਕ ਆਫਤ ਭਾਰੀ
ਮਿਲਨੋਂ ਅੱਗੇ ਜੇ ਦੁੱਖ ਝੱਲ੍ਹੇ ਐਡ ਨ ਉਹ ਦਸ਼ਵਾਰੀ
ਮੈਂ ਬੇ ਅਕਲ ਮਰਾਂ ਕਿਸ ਥਾਂਵੇਂ ਥਾਉਂ ਨ ਝੱਲ੍ਹੇ ਕਾਈ
ਇਸ ਦੁਣੀਆਂ ਵਿੱਚ ਮੈਂ ਬੇਚਾਰੀ ਗ਼ਮ ਖਾਵਣ ਨੂੰ ਆਈ
ਜਾਂ ਤੇ ਜੱਮੀ ਮੈਂ ਵਿੱਚ ਦੁਣੀਆਂ ਸੁੱਖ ਨ ਡਿੱਠੀਆਂ ਘੜੀਆਂ
ਦਰਦ ਦੁੱਖਾਂ ਪਰ ਚੜ੍ਹਦੇ ਆਇ ਗ਼ਮਾਂ ਵਸਾਈਆਂ ਝੜੀਆਂ
ਬੇ ਸਬਰਾਂ ਨੂੰ ਵਸਲ ਨ ਹਾਸਿਲ ਸਬਰੁੰ ਮਕਸਿਦ ਹਾਸਿਲ
ਮੈਂ ਸੁਣਿਆਂ ਕਰ ਸਬਰ ਹਜ਼ਾਰਾਂ ਆਸ਼ਿਕ ਹੋਏ ਵਾਸਿਲ
ਜੋਸ਼ ਨ ਖੁੱਲ੍ਹੇ ਆਹ ਨ ਛੁੱਟੇ ਉਖੜ ਕਦਮ ਨ ਜਾਏ
ਆਸ਼ਿਕ ਤੇ ਅੰਧੇਰੀ ਝੁਲ੍ਹੇ ਜ਼ਰਾ ਨ ਜੁੰਬਸ਼ ਖਾਏ
ਸਬਰ ਬਿਨਾਂ ਦੁੱਖ ਜਾਵੇ ਨਾਹੀਂ ਸਬਰ ਦੁੱਖਾਂ ਦਾ ਦਾਰੂ
ਸਬਰ ਬਿਨਾਂ ਵਿੱਚ ਮੁਸ਼ਿਕਲ ਵੇਲੇ ਹੋਰ ਨ ਕਾਈ ਵਾਹਰੂ
ਜੋ ਸਿਰ ਆਪ ਨਈਂ ਝੱਲ੍ਹ ਗੁਜ਼ਰੀ ਉਸਨੂੰ ਖ਼ਬਰ ਨ ਕਾਈ
ਉਹ ਦਿਲ ਜਾਣੇ ਜੈਂ ਪਰ ਗੁਜ਼ਰੇ ਅੰਦਰ ਇਸ਼ਕ ਜੁਦਾਈ
ਆਸ਼ਿਕ ਦੇ ਦਿਲ ਸਬਰ ਇਵੇਹਾ ਜੀਊ ਪਾਣੀ ਵਿੱਚ ਜਾਲੀ
ਪਾ ਬਥੇਰਾ ਢੁਲਦਾ ਜਾਸੀ ਨਜ਼ਰ ਪੁਵੇਸੀ ਖ਼ਾਲੀ
ਇਸ਼ਕ ਸਬਰ ਵਿੱਚ ਵੈਰ ਪਰਾਣਾ ਮੁੱਢੋਂ ਬੁਗ਼ਜ਼ ਲੜਾਈ

ਇਸ਼ਕ ਜਿੱਥੇ ਉਥ ਸਬਰ ਬੇਚਾਰਾ ਦਖਲ਼ ਨ ਰੱਖਦਾ ਕਾਈ
ਇਸ਼ਕ ਸਿਤਮ ਗਰ ਤੇਗ਼ ਫੌਲਾਦੀ ਸਬਰ ਸਮਣ ਦੀ ਡਾਲੀ
ਅੰਤ ਕਿਦਾਂ ਤੱਕ ਇਹਨਾਂ ਲੜਾਈ ਕੈਹਰ ਕਜ਼ੀਆਂ ਵਾਲੀ
ਰਾਤ ਪਈ ਜਦ ਦੂਣਾ ਹੋਇਆ ਜ਼ਖ਼ਮ ਜਿਗਰ ਰੱਸ ਵੱਗੇ
ਦਫਤਰ ਗ਼ਮ ਦੇ ਲਿੱਖ ਨਸੀਬਾਂ ਆਣ ਧਰੇ ਸੂ ਅੱਗੇ
ਜ਼ਖ਼ਮ ਜਿਗਰ ਦੇ ਨੁਕਤੇ ਇਸਦੇ ਆਂਸੂ ਜ਼ੇਰਾਂ ਜ਼ਬਰਾਂ
ਆਹਾਂ ਮੱਦਾਂ ਨਆਰੇ ਸ਼ਦਾਂ ਵਕਫ ਮਿਲਣ ਵਿੱਚ ਕ਼ਬਰਾਂ
ਰਾਤੀਂ ਦੇਖ ਚਮਕਦੇ ਤਾਰੇ ਦਿਲ ਦੇ ਹਾਲ ਦਸਾਏ
ਐਵੇਂ ਘਾਹ ਦਿਲੇ ਵਿੱਚ ਮੇਰੇ ਦਰਦ ਫਰਾਕਤ ਪਾਏ
ਉਹ ਦਿਬਰ ਦੀਆਂ ਜ਼ੁਲਫਾਂ ਵਾਂਗੂੰ ਕਾਲੀ ਰਾਤ ਜੁਦਾਈਉਂ
ਐ ਮੈਹਬੂਬ ਹੋਈ ਮੈਂ ਘਾਇਲ ਤੇਰੀ ਬੇ ਪਰਵਾਈਉਂ
ਘਰ ਮੈਨੂੰ ਅੱਜ ਤਿਰੇ ਬਾਝੋਂ ਦਿਸਦਾ ਮਾਤਮ ਖ਼ਾਨਾਂ
ਸ਼ਮਆ ਰੁਖ਼ੋਂ ਅੱਜ ਰੋਸ਼ਨ ਹੋਏ ਤ਼ਾਲਿਹ ਬੰਦੀ ਵਾਨਾਂ
ਐ ਅਫਸੋਸ ਰਹਾਂ ਮੈਂ ਵਿਛੜੀ ਦੇਖਣ ਲੋਕ ਪਰਾਏ
ਵਾਹ ਦਰਦਾ ਇਹ ਦਰਦ ਅਜਿਹਾ ਜਿਹਾ ਸਿਹਾ ਨ ਜਾਏ
ਖੇਲਣ ਹਾਰ ਨ ਵਾਕਿਫ ਬ ਦਿਲ ਛਲਿਆ ਨਾਲ ਖਲਾਰੂ
ਹਾਰ ਦਿਸੀ ਹੁਣ ਬਾਜ਼ੀ ਜਾਂਦੀ ਬਖ਼ਤ ਬਨਾਇਆ ਹਾਰੂ
ਤ਼ਿਫਲੀ ਥੀਂ ਲਾ ਸਭ ਜਵਾਨੀ ਅੰਦਰ ਗ਼ਮਾਂ ਵਿਹਾਈ
ਤੇ ਅਜੇ ਇਸ਼ਕ ਛੋੜੇਂਦਾ ਨਾਹੀਂ ਦਮ ਦਮ ਮਰਜ਼ ਵਧਾਈ
ਤੇ ਉਹ ਲਾਟ ਬ੍ਰਿਹੋਂ ਦੀ ਸੋਜ਼ਾਂ ਹੁੰਦੀ ਗਈ ਸਵਾਈ
ਐਹਦ ਪੁਰਾਣਾ ਜ਼ਖ਼ਮ ਬ੍ਰਿਹੋਂ ਦਾ ਪਕੜ ਗਿਆ ਪੱਕਿਆਈ
ਦਿਣ ਦਿਣ ਪੈਰ ਜ਼ਅਈਫੀ ਅੰਦਰ ਕਦਮ ਇਸ਼ਕ ਦਾ ਅੱਗੇ
ਜੀਊਂ ਜੀਊਂ ਕੂਅਤ ਤਨ ਥੀਂ ਜਾਂਦੀ ਅੱਗ ਵਧੇਰੀ ਲੱਗੇ
©
ਏਦੂੰ ਪਰੇ ਕਿਆ ਈ ਐ ਦਿਲ ਦਰਦ ਮੰਦੀ ਦੀਆਂ ਵਾਹਾਂ
ਹੈਫ ਇਹੀ ਵੱਲ ਗ਼ੈਰਾਂ ਜਾਵਣ ਵਗਦੀਆਂ ਅਜੇ ਨਿਗਾਹਾਂ
ਮਰ ਜ਼ਾਲਿਮ ਇਹ ਇਸ਼ਕ ਜ਼ੱਨਾਂ ਦਾ ਤੇ ਫਾਨੀ ਦੀ ਯਾਰੀ
ਜਾਂ ਸੂਰਤ ਵਿੱਚ ਐਡਕ ਜਲਵੇ ਮਆਣੇਆਂ ਕੇਡ ਖਮਾਰੀ
ਜਲਵਾ ਯਾਰ ਕਰੇ ਹਰ ਵੇਲੇ ਵਾਟ ਹੋਵੇ ਜਾਂ ਪੂਰੀ
ਹੁਣ ਵਿੱਚ ਵਸਲ ਦਿਸੇ ਦੁੱਖ ਜਾਵੇ ਦੂਰ ਰਹੇ ਹੋ ਦੂਰੀ
ਅੱਖੀਂ ਮਹੀਟ ਲਏ ਜਾਂ ਖੋਲ੍ਹੇ ਦਿਸੇ ਯਾਰ ਮਦਾਮੀ
ਤੇ ਖ਼ੁਦ ਇਸ ਬੁਤ ਖ਼ਾਨੇ ਵਿੱਚੋਂ ਨਿਕਲ ਵੱਗੇ ਤਮਾਮੀ
ਪੈਹਲਾ ਸੈਰ ਤਮਾਮ ਹੋਇਆਈ ਜਿਸ ਵਿੱਚ ਸਖ਼ਤੀਆਂ ਚਾਈਆਂ
ਤੇ ਇਹ ਮਨਜ਼ਿਲ ਮਕਸਦ ਵਾਲੀ ਗਈਆਂ ਦੂਰ ਜੁਦਾਈਆਂ
ਹੁਣ ਇੱਥ ਤ਼ਾਲਿਬ ਰੱਜੇ ਨਾਹੀਂ ਨ ਮਨਜ਼ਿਲ ਸਿਰ ਆਵੇ
ਛੋੜ ਕਨਾਰ ਜ਼ਮਾਨ ਮਕਾਨਾਂ ਦੇਖੇ ਜੋ ਦਸਆਿਵੇ
ਮੁੜ ਵੱਗ ਅਜੇ ਕਲਮ ਕੁਝ ਰੈਹੰਦਾ ਵਧ੍ਹ ਵਧ੍ਹ ਜਾ ਨ ਮੂਲੇ
ਦਆਵੇ ਐਡ ਪੱਲੇ ਦਮ ਖੋਟੇ ਕਦ ਸਰਾਫ ਕਬੂਲੇ

©
ਆਹੇ ਯੂਸਫ ਨੂੰ ਵਿੱਚ ਬੰਦੀ ਵਰਹੇਆਂ ਸੱਤ ਵਿਹਾਈਆਂ
ਕੈਦ ਰਿਹਾ ਵਿੱਚ ਦਰਦ ਗ਼ਮਾਂ ਦੇ ਕੱਨੇ ਨ ਖ਼ਬਰਾਂ ਪਾਈਆਂ
ਇੱਕ ਦਿਣ ਯੂਸਫ ਪਾਸ ਜਨਾਬੋਂ ਜਬਰਾਈ ਜੋ ਆਇਆ
ਬਆਦ ਸਲਾਮੁੰ ਯੂਸਫ ਤਾਈਂ ਇਹ ਪੈਗ਼ਾਮ ਸੁਣਾਇਆ
ਕੈਹ ਯੂਸਫ ਕਿਸ ਬਲਦੀ ਅੱਗੁੰ ਇਬਰਾਹੀਮ ਬਚਾਇਆ
ਤੈਨੂੰ ਜ਼ਿੰਦਾ ਕੱਢ ਖ਼ੂਹੇ ਥੀਂ ਕਿਸਨੇ ਮਿਸਰ ਪੁਚਾਇਆ
ਅੱਲਾ ਬਾਝ ਛੁੜਾਵੇ ਕਿਹੜਾ ਯੂਸਫ ਅਰਜ਼ ਸੁਨਾਈ
ਰੱਬ ਕਹੇ ਫ਼ਿਰ ਕਿਉਂ ਤੂੰ ਗ਼ੈਰੋਂ ਕੀਤੀ ਤ਼ਲਬ ਰਹਾਈ
ਮੈਂ ਹੁੰਦੇ ਤੂੰ ਕਿਉਂ ਵੱਲ ਹੋਰਾਂ ਦਿਲਦੀ ਆਸ ਲਗਾਈ
ਤੇ ਤੂੰ ਜਿਸ ਥੀਂ ਮਦੱਦ ਚਾਹੀ ਉਸਦਾ ਜ਼ੋਰ ਕਿਆਈ
ਮੇਰੇ ਬਾਝ ਛੋੜਾਵੇ ਤੈਨੂੰ ਆਜਿਜ਼ ਕੌਣ ਲੋਕਾਈ
ਵਿੱਚ ਜ਼ਮੀਨ ਅਸਮਾਨਾਂ ਮੈਂ ਬਿਨ ਕਿਸਦੀ ਹੁਕਮ ਰਵਾਈ
ਦੇਖ ਹਟਾ ਹਾਂ ਯੂਸਫ ਪਿਆਰੇ ਯਸਫ ਚਸ਼ਮ ਨਵਾਈ
ਫਰਸ਼ ਜ਼ਮੀਨਾਂ ਸੱਤਾਂ ਸੰਦਾ ਡਿੱਠਾ ਪਾਟ ਗਿਆ ਈ
ਸਤਵੀਂ ਧਰਤੋਂ ਹੇਠਾਂ ਆਇਆ ਨਜ਼ਰੀਂ ਪੱਥਰ ਭਾਰਾ
ਮਾਰ ਪਰੋਂ ਜਬਰਾਈਲ ਫ੍ਰਿਸ਼ਤਾ ਸੰਗ ਕਰੇ ਦੋ ਪਾਰਾ
ਕੀੜਾ ਸੁਰਖ਼ ਨਿਕਲ ਇਕ ਸੰਗੋਂ ਬਾਹਿਰ ਜ਼ਾਹਿਰ ਆਇਆ
ਹਰਾ ਪੱਤਾ ਮੂੰਹ ਅੰਦਰ ਉਸਦੇ ਯੂਸਫ ਨੂੰ ਦੱਸਆਇਆ
ਰੱਬ ਕਹੇ ਵਿੱਚ ਪੱਥਰ ਕੀੜਾ ਮੈਨੂੰ ਭੁਲਿਆ ਨਾਹੀਂ
ਰੋਜ਼ੀ ਤਾਜ਼ਾ ਨਿੱਤ ਪਚਾਵਾਂ ਖ਼ਤ਼ਾ ਨ ਕਰਾਂ ਕਦਾਹੀਂ
ਤੇ ਤੈਨੂੰ ਵਿੱਚ ਬੰਦੀਖ਼ਾਨੇ ਕਿਉਂਕਰ ਦੱਸ ਭੁਲੇਂਦਾ
ਮੇਰੇ ਬਾਝ ਕਿਆਈ ਜਿਹੜਾ ਤਿਰੇ ਬੰਦ ਛੋੜੇਂਦਾ
ਮੈਨੂੰ ਭੁੱਲ਼ ਗਿਉਂ ਕਦ ਯੂਸਫ ਮੈਂ ਕੈਹ ਕਿਵੇਂ ਭੁਲਾਵਾਂ
ਰੈਹਮ ਕਰਾਂ ਮੈਂ ਖ਼ਾਲਿਕ ਤੇਰਾ ਤੇਰੀ ਕੈਦ ਛੋੜਾਵਾਂ
ਤੂੰ ਜਿਸ ਕੋਲੋਂ ਮਦੱਦ ਚਾਹੀ ਉਹ ਮੁਹਤਾਜ ਬੇਚਾਰਾ
ਮੈਂ ਬਿਣ ਉਹ ਅਪਣੇ ਦੁੱਖੋਂ ਕੱਦ ਪਾਵੇ ਛੁਟਕਾਰਾ
ਹਿਏ ਤਅਨਾ ਸੁਣ ਯੂਸਫ ਰੋਇਆ ਸਬਰ ਕਰਾਰੋਂ ਖ਼ਾਲੀ
ਮੈਂ ਭੁੱਲਾਂ ਤੂੰ ਬਖ਼ਸ਼ ਇਲਾਹੀ ਤੂੰ ਆਲੀ ਤੂੰ ਵਾਲੀ
ਮੈਂ ਬੰਦਾ ਤੂੰ ਮਾਲਿਕ ਮੇਰਾ ਤੂੰ ਹੈਂ ਬਖ਼ਸ਼ਣਹਾਰਾ
ਫਜ਼ਲੋਂ ਬਖ਼ਸ਼ ਨ ਪਕੜੀਂ ਅਦਲੇ ਯਾ ਖ਼ਾਲਿਕ ਗ਼ੱਫਆਰਾ
ਮੈਨੂੰ ਹੋਰ ਨਈਂ ਦਰਵਾਜ਼ਾ ਬਾਝ ਤਿਰੇ ਦਰਬਾਰੇ
ਕਿਤ ਵੱਲ ਜਾਵਾਂ ਥਾਉਂ ਨ ਕਾਈ ਬਖ਼ਸ਼ ਰੱਬਾ ਛੁੱਟਕਾਰੇ
ਤੇਰਾ ਕੈਹਰ ਝਲ਼ਣ ਦੀ ਯਾ ਰਬ ਮੈਂ ਵਿੱਚ ਤਾਕਤ ਨਾਹੀਂ
ਹੋ ਰਾਜ਼ੀ ਰੱਖ ਬੰਦੀ ਖ਼ਾਨੇ ਹੋਰ ਨ ਤਲਬ ਕਦਾਹੀਂ
ਰੋਂਦੇ ਰੋਂਦੇ ਯੂਸਫ ਤਾਈਂ ਸਬਰ ਗਿਆ ਉਠ ਸਾਰਾ
ਬੇ ਖ਼ੁਦ ਹਰ ਦਮ ਪਿਆ ਪੁਕਾਰੇ ਫਜ਼ਲ ਕਰੀਂ ਗ਼ੱਫਾਰਾ
ਜਬਰਾਈਲ ਕਹੇ ਐ ਯੂਸਫ ਮਿਲਸੀ ਫਜ਼ਲ ਅਸੀਰਾਂ

ਅੱਲਾ ਅਰਹਮ ਬਖ਼ਸ਼ਣ ਹਾਰਾ ਬਖ਼ਸ਼ੇਸੀ ਤਕਸੀਰਾਂ
ਖ਼ਤਮ-ਉਲ-ਰੁਸੱਲ ਨਬੀ ਫਰਮਾਇਆ ਕ਼ੈਦ ਹੋਂਦੀ ਪੰਜ ਸਾਲੀ
ਜੇ ਨ ਹੋਂਦਾ ਸਾਕੀ ਕੋਲੋਂ ਯੂਸਫ ਪਾਕ ਸਵਾਲੀ
ਇਸ ਥੀਂ ਪਿੱਛੇ ਜਾਂ ਲਗ ਯੂਸਫ ਰਿਹਆ ਕੈਦ ਉਥਾਈਂ
ਉਹ ਤਕਸੀਰ ਕਲੈਜੇ ਰੜਕੇ ਨ ਆਰਾਮ ਕਦਾਈਂ
ਅਸਤਗ਼ਫਾਰ ਕਰੇ ਨਿਤ ਰੋ ਰੋ ਅੱਲਾ ਦੇ ਦਰਬਾਰੇ
ਮੈਂ ਭੁੱਲਾ ਤੂੰ ਬਖ਼ਸ਼ ਖ਼ੁਦਾਇਆ ਫਜ਼ਲ ਤਿਰ ਨੇਂ ਭਾਰੇ
ਦਿਲ ਮੇਰੇ ਉਮੀਦ ਕਰਮ ਦੀ ਤੂੰ ਮਾਲਿਕ ਮੈਂ ਬੰਦਾ
ਤਕਸੀਰੋਂ ਸੈ ਦਫਤਰ ਧੋਵੇ ਕਤ਼ਰਾ ਰਹਿਮਤ ਸੰਦਾ
©
ਇਕ ਦਿਣ ਯੂਸਫ ਬੰਦੀ ਖ਼ਾਨੇ ਗ਼ਮਾਂ ਸਤਾਇਆ ਹੋਇਆ
ਬਾਹਿਰ ਨਜ਼ਰ ਘਰੋਕੇ ਬੈਠਾ ਬਰੁਕ਼ਾ ਪਾਇਆ ਹੋਇਆ
ਕਰਵਾਨਾਂ ਦਾ ਡੇਰਾ ਇਤਵੱਲ ਸ਼ਾਮ ਦਿਆਰੋਂ ਆਇਆ
ਵਤ਼ਣੀ ਲੋਕ ਨਜ਼ਰ ਵਿੱਚ ਆਇ ਯੂਸਫ ਦਿਲ ਉਛਲਾਇਆ
ਦੇਖ ਵਤ਼ਨ ਦੇਆਂ ਲੋਕਾਂ ਤਾਈਂ ਨੈਣ ਰੁੱਨੇ ਵਿੱਚ ਪਰਦੇ
ਤੜਫ ਤੜਫ ਦਿਲ ਘਾਇਲ ਹੋਇਆ ਵਿੱਚ ਫਰਾਕ ਪਿਦਰ ਦੇ
ਯਾਰ ਵਛੁੱਨੇ ਨੈਣ ਜਿਹਨਾਂਦੇ ਕਰਦੇ ਗਿਰਯਾ ਜ਼ਾਰੀ
ਮੁੱਦੱਤ ਗੁਜ਼ਰੀ ਵਿੱਚ ਵਛੋੜੇ ਬੌਹਤ ਕੱਟੇ ਦਸ਼ਵਾਰੀ
ਮੇਲ ਅੱਲਾ ਤੂੰ ਮੇਲਣ ਹਾਰਾ ਹੋਏ ਜ਼ਖ਼ਮ ਪੁਰਾਣੇ
ਇਹ ਦੋ ਨੈਣ ਲਹੂ ਬਣ ਵੈਹੰਦੇ ਤੇ ਹੋ ਰਹੇ ਨਤਾਣੇ
ਸ਼ੌਕ ਵਤ਼ਨ ਦੀਆਂ ਤਾਂਘਾਂ ਦਿਲ ਨੂੰ ਦੇਂ ਦਿੰਦੀਆਂ ਸ਼ੌਕ ਹੁਲਾਰੇ
ਮੈਹਜੂਰਾਂ ਦਿਆਂ ਜਿਗਰਾਂ ਉਤੇ ਦਰਦ ਧਰੇ ਅੰਗਇਆਰੇ
ਯਾ ਅੱਲਾ ਤੂੰ ਅਰਹਮ ਅਕਰਮ ਤੋੜ ਜ਼ੰਜੀਰ ਗ਼ਮਾਂ ਦੇ
ਦਰ ਤਿਰੇ ਬਿਨ ਤਕੀਆ ਨਾਹੀਂ ਅਸੀਂ ਬੰਦੇ ਦਰਮਾਂਦੇ
ਮੈਹਬੂਬਾਂ ਦੀਆਂ ਗੁੱਝੀਆਂ ਰਮਜ਼ਾਂ ਜ਼ਾਹਿਰ ਨਜ਼ਰ ਨ ਆਵਣ
ਜ਼ਖ਼ਮ ਦਿਲੇ ਵਿੱਚ ਰਸੀਆਂ ਜਾਵਣ ਘਾਇਲ ਕਰ ਦਿਖਲਾਵਣ
©
ਛੋੜ ਗੁਲਾਮ ਰਸੂਲ ਪਲਕ ਭਰ ਜੋਸ਼ ਕਲਮ ਦੀਆਂ ਲੈਹਰਾਂ
ਦੇਖ ਕਿਵੇਂ ਮਤ਼ਲੂਬ ਢੂੰਡੇਂਦੇ ਨੈਣ ਛੱਡਣ ਰੱਤ ਨੈਹਰਾਂ
ਤੋੜ ਤਅੱਲਕ ਛੋੜ ਤਮੱਲੁਕ ਰੋਹੜ ਤਕੱਲਫ ਸਾਰੇ
ਬੁਤ ਗਰ ਗਿਰਦ ਮਲੇਂਦੇ ਢੋਈ ਦਿਲਬਰ ਦੇ ਦਰਬਾਰੇ
ਵਾਹ ਇਸ਼ਕਾ ਕਰ ਬਰਦਾ ਰੱਖੇਂ ਜੈਂ ਵੱਲ ਨਜ਼ਰ ਉਲਾਰੇਂ
ਗੁਲਜ਼ਾਰਾਂ ਕਰਵਾਵੇਂ ਤੌਬਾ ਆਤਿਸ਼ ਫਰਸ਼ ਸਵਾਰੇਂ
ਜਾਪੇ ਦੁੱਖ ਸੁੱਖਾਂ ਥੀਂ ਅਫਜ਼ਲ ਸਿਹਤ ਥੀਂ ਬਿਮਾਰੀ
ਤੈਂ ਵਿੱਚ ਇਹ ਖ਼ਾਸੀਅਤ ਭਾਰੀ ਜੈਂ ਵਿੱਚ ਖੂਬੀ ਸਾਰੀ
ਵਾਹ ਦਰਦਾ ਮੈਂ ਇਸ਼ਕ ਉਜਾੜੀ ਗਲੀਉ ਗਲੀ ਰੁਲਾਈ
ਦਰਦ ਜਿਹਦੇ ਨੇਂ ਖ਼ਾਕ ਰੁਲਾਈ ਉਸਦੀ ਅੱਜ ਦੁਹਾਹੀ
ਖਬਰ ਕਰੋ ਮੈਹਬੂਬ ਮੇਰੇ ਨੂੰ ਦੇਖ ਲਵੇ ਦੁੱਖ ਮੇਰਾ

ਲ਼ਾਇਕ ਰੈਹਮ ਹੋਵਾਂ ਜੇ ਅਦਲੋਂ ਕਰੇ ਕਰਮ ਦਾ ਫੇਰਾ
ਬੇਪਰਵਾਹਾ ਸ਼ੈਹਨਸ਼ਾਹਾ ਤੂੰ ਮੁਲਕਾਂ ਦਾ ਵਾਲੀ
ਦਰ ਤਿਰ ਸਭ ਜਗਤ ਸਵਾਲੀ ਤੇ ਮੈਂ ਸਭ ਥੀਂ ਖ਼ਾਲੀ
ਜੇ ਹੈ ਇਸ਼ਕ ਮੇਰਾ ਭਲਿਆਈ ਜਨੱਤ ਹੈ ਮੁੱਲ ਥੋੜਾ
ਜੇ ਹੈ ਬੁਰਾ ਨ ਹਾਜਤ ਦੋਜ਼ਖ਼ ਕਾਫੀ ਅਜਰ ਵਛੋੜਾ
ਨੂਰ ਪਜ਼ੀਰ ਸਭੇ ਜੱਗ ਤੇਥੀਂ ਰੋਸ਼ਿਨ ਚਾਰ ਚੌਫੇਰਾ
ਮੈਂ ਮੈਹਰੂਮ ਕਦੀਮੀ ਬਾਂਦੀ ਜ਼ੇਰ ਚਰਾਗ਼ ਹਨੇਰਾ
ਰਾਹ ਸਜਣ ਦੇ ਇਸ਼ਕ ਸਿਤਮ ਗਰ ਬੈਠਾ ਮਾਰ ਨਕੱਾਰਾ
ਕਦੀ ਹੋਵੇ ਜੋ ਯਾਰ ਪਿਆਰਾ ਫਜ਼ਲੋਂ ਕਰੇ ਨਜ਼ਾਰਾ
ਆਲੀ ਕਦਰਾਂ ਵਾਲਿਆ ਸ਼ਾਹਾ ਦੇਖ ਨਤਾਣਿਆਂ ਤਾਈਂ
ਬੇਕਦਰਾਂ ਦਿਆਂ ਹਾਲਾਂ ਉਤੇ ਕਰੀਂ ਨਿਗਾਹ ਕਦਾਈਂ
ਮੈਂ ਅਨਜਾਣ ਨਵਾਕਿਫ ਬੇਦਿਲ ਭਾਰ ਇਹਾ ਸਿਰ ਚਾਇਆ
ਜਿਸ ਨੇ ਹਾਲ ਮੇਰੇ ਨੂੰ ਪਾਇਆ ਪਾ ਜੁੰਬਸ਼ ਵਿੱਚ ਆਇਆ
ਵਾਹ ਤੁਅੱਜਬ ਜੇ ਅਜੇ  ਤੈਨੂੰ ਮੈਂ ਪਰ ਤਰਸ ਨ ਆਵੇ
ਐਡ ਰਹੀਮ ਕਰੀਮ ਤਿਰੇ ਦਿਲ ਕਿਵੇਂ ਕਹਾਂ ਝਲ੍ਹ ਜਾਵੇ
ਆ ਅੱਜ ਦੇਖ ਮੇਰੀ ਵੈਰਾਨੀ ਹੈਰਤ ਤੇ ਹੈਰਾਨੀ
ਮੈਂ ਵਿੱਚ ਦਰਦ ਤਿਰੇ ਦੀਵਾਨੀ ਹੱਥੋਂ ਗਈ ਜਵਾਨੀ
ਪੈਹਣ ਕਫਣ ਮੈਂ ਖੜੀ ਉਡੀਕਾਂ ਕਾਤਿਲ ਦੇ ਵਿੱਚ ਰਾਹਾਂ
ਮੈਂ ਮੈਦਾਨ ਤਿਰੇ ਵਿੱਚ ਹਾਜ਼ਿਰ ਹੁਣ ਨ ਹੱਟੀਂ ਪਿਛਾਹਾਂ
©
ਅੱਗੇ ਵਾਂਗ ਜ਼ੁਲੈਖ਼ਾ ਉਵੇਂ ਕਰ ਦੀ ਰਹੀ ਦੂਹਾਈ
ਧੱਕੇ ਖਾ ਰਹੀ ਡਿੱਗ ਰਾਹੇ ਮਿਲੀ ਮੁਰਾਦ ਨ ਕਾਈ
ਮੂੜ ਕੁੱਲੀ ਵੱਲ ਰੋਂਦੀ ਆਈ ਦਿਲ ਵਿੱਚ ਗੁੱਸਾ ਆਇਆ
ਐ ਬੁਤ ਜ਼ਾਲਿਮ ਤਿਰੇ ਕੋਲੋਂ ਮੈਂ ਕੁਝ ਨਫਆ ਨ ਪਾਇਆ
ਤੂੰ ਵੱਟਾ ਜੜ੍ਹ ਪੱਟਾ ਜ਼ਾਲਿਮ ਬੈਹ ਘੜਇਆ ਬਦਕਾਰਾਂ
ਕਿਸ ਪਹਾੜੋਂ ਚੱਕ ਲਿਆਂਦੋਂ ਬੁੱਤ ਸਾਜ਼ਾਂ ਮੁਰਦਾਰਾਂ
ਪਥੱਰ ਬੇੜੀਆਂ ਡੋਬਣ ਵਾਲਾ ਤੂੰ ਮੇਰੇ ਹੱਥ ਆਇਓਂ
ਮੈਂ ਨਤਾਣੀ ਦੇ ਸਿਰ ਗ਼ੈਬੋਂ ਕਿਸ ਆਫਤ ਚਾ ਲਾਇਓਂ
ਮੈਂ ਭੁਲ੍ਹੀ ਕਿਉਂ ਪੂਜਇਆ ਤੈਨੂੰ ਉਮਰ ਗਈ ਸੜ ਸੜ ਕਿ
ਤੂੰ ਸੜਦੀ ਨੂੰ ਨਾਰ ਬ੍ਰਿਹੋਂ ਵਿੱਚ ਸਾੜਿਆ ਖ਼ੁਦ ਫ਼ੜ ਫ਼ੜ ਕਿ
ਮਕਸੂਦੋਂ ਤੂੰ ਆਪੇ ਖ਼ਾਲੀ ਸਭ ਥੀਂ ਆਪ ਨਕਾਰਾ
ਡੁਬ ਮਰੇ ਜੋ ਤੈਨੂੰ ਜਾਣੇ ਮਕਸਦ ਦੇਵਣ ਹਾਰਾ
ਸਜਦਾ ਕਰੇ ਜੋ ਤਿਰੇ ਤਾਈਂ ਯਾ ਤੇ ਤੋੜ ਗਵਾਵੇ
ਗੁੱਸਾ ਖ਼ੁਸ਼ੀ ਨ ਤੈਂ ਵਿੱਚ ਆਵੇ ਫਰਕ ਨ ਤੁੱਧ ਦਸਾਵੇ
ਤੇ ਜਾਂ ਸਿਫਤ ਨ ਕੋਈ ਤੈਂ ਵਿੱਚ ਐ ਦੁਸ਼ਮਣ ਮੁਰਦਾਰਾ
ਕਦਾਂ ਅਬਾਦਤ ਲਾਇਕ ਹੋਸੇਂ ਕਿਆ ਬਨਾਵਣ ਹਾਰਾ
ਤੈਨੂੰ ਰੱਬ ਰਹੀ ਮੈਂ ਕੈਹੰਦੀ ਅਕਲ ਕਿਆਸੋਂ ਹਾਰੀ
ਮੈਂ ਵਿੱਚ ਜਾਨ ਤੇ ਤੈਂ ਵਿੱਚ ਨਾਹੀਂ ਇਹ ਨਾ ਸਮਝ ਵਚਾਰੀ

ਯੂਸਫ ਦਾ ਰੱਬ ਕੁਦਰਤ ਵਾਲਾ ਸੱਚ ਯਕੀਨੋਂ ਪਾਇਆ
ਜਿਸ ਬਰਦੇ ਨੂੰ ਤਖ਼ਤ ਬਹਾਇਆ ਸਿਰ ਤੇ ਤਾਜ ਰਖਾਇਆ
ਯੂਸਫ ਦਾ ਰੱਬ ਸਭ ਥੀਂ ਚੰਗਾ ਖ਼ਲਕ ਉਪਾਵਣ ਹਾਰਾ
ਤੂੰ ਮੇਰਾ ਰੱਬ ਸੱਭ ਥੀਂ ਮੰਦਾ ਕੱਮ ਗਵਾਵਣ ਹਾਰਾ
ਯੂਸਫ ਦਾ ਰੱਬ ਦਿਲ ਦੀਆਂ ਜਾਣੇ ਜਾਣ ਛੁਪਾਵਣ ਹਾਰਾ
ਤੂੰ ਮੇਰਾ ਰੱਬ ਕੁਝ ਨ ਜਾਣੇਂ ਮੁਫਤ ਸਤਾਵਣ ਹਾਰਾ
ਯੂਸਫ ਦਾ ਰੱਬ ਹਾਜ਼ਰ ਨਾਜ਼ਾਰ ਆਸ ਪਚਾਵਣ ਹਾਰਾ
ਤੂੰ ਮੇਰਾ ਰੱਬ ਚੱਕੇ ਬਾਝੋਂ ਕਿਤੇ ਨ ਜਾਵਣ ਹਾਰਾ
ਯੂਸਫ ਦਾ ਰੱਬ ਸੱਭ ਦਾ ਮਾਲਿਕ ਰੈਹਮ ਕਮਾਵਣ ਹਾਰਾ
ਤੂੰ ਮੇਰੇ ਰੱਬ ਤੱਨ ਅਪਣੇ ਦੀ ਖ਼ਬਰ ਨ ਪਾਵਣ ਹਾਰਾ
ਯੂਸਫ ਦਾ ਰੱਬ ਸੁਣ ਫਰਯਾਦਾਂ ਦਰਦ ਉਠਾਵਣ ਹਾਰਾ
ਤੂੰ ਮੇਰਾ ਰੱਬ ਗੂੰਗਾ ਬੋਲਾ ਮਗ਼ਜ਼ ਖਪਾਵਣ ਹਾਰਾ
ਯੂਸਫ ਦਾ ਰੱਬ ਪਾਕ ਸ਼ਰੀਕੋਂ ਇੱਕ ਸਦਾਵਣ ਹਾਰਾ
ਤੂੰ ਮੇਰਾ ਰੱਬ ਵਿੱਚ ਪਹਾੜਾਂ ਰਲਮਿਲ ਜਾਵਣ ਹਾਰਾ
ਯੂਸਫ ਦਾ ਰੱਬ ਬਰਦਿਆਂ ਦੇ ਸਿਰ ਤਾਜ ਰਖਾਵਣ ਹਾਰਾ
ਤੂੰ ਮੇਰਾ ਰੱਬ ਤਾਜ ਵਰਾਂ ਨੂੰ ਖ਼ਾਕ ਰਲਾਵਣ ਹਾਰਾ
ਯੂਸਫ ਦਾ ਰੱਬ ਜੋ ਕੁਝ ਚਾਹੇ ਕਰ ਦਿਖਲਾਵਣ ਹਾਰਾ
ਤੂੰ ਮੇਰਾ ਰੱਬ ਆਪ ਨਤਾਣਾਂ ਧੱਕੇ ਖਾਵਣ ਹਾਰਾ
ਯੂਸਫ ਦਾ ਰੱਬ ਰੱਬ ਸਭਾਂ ਦਾ ਉਸ ਬਿਨ ਰੱਬ ਨ ਕਾਈ
ਤੂੰ ਮੇਰਾ ਰੱਬ ਰੱਬ ਨਹੀਂ ਮੈਂ ਰੱਬ ਕਿਹਾ ਪੱਛਤਾਈ
ਕਰ ਕਿਰਾਰ ਗੁਨਾਹ ਜ਼ੁਲੈਖ਼ਾਂ ਤੋਬਾ ਦੇ ਦਰ ਆਈ
ਅਸਤਗ਼ਫਾਰ ਕਰੇ ਸੌ ਵਾਰੀ ਰੋ ਰੋ ਅਰਜ਼ ਸੁਣਾਈ
ਅਰਜ਼ ਕਬੂਲ ਪਈ ਦਰਗਾਹੇ ਵਰਹੀਆਂ ਰਹਿਮਤ ਬਾਰਾਂ
ਛੋੜ ਸਨਮ ਦਰ ਵੱਡੇ ਡਿਗੀਉਂ ਖ਼ੁਸ਼ੀਆਂ ਮਿਣਨ ਹਜ਼ਾਰਾਂ
ਜਾਂ ਯੂਸਫ ਮੁੜ ਸੈਰੋਂ ਆਇਆ ਉਠ ਜ਼ੁਲੈਖ਼ਾ ਰੋਈ
ਅੱਗੇ ਵਾਂਗ ਝੁੱਗੀ ਥੀਂ ਨਿਕਲੀ ਰਸਤਾ ਮੱਲ ਖਲੋਈ
ਨਅਰਾ ਮਾਰ ਪੁਕਾਰਿਆ ਜਾਂ ਇਸ ਡਿੱਠੀ ਅਜ਼ਮਤ ਸ਼ਾਹੀ
ਸੁਬਹਾਨ ਅੱਲਾ ਪਾਕ ਖ਼ੁਦਾ ਦੀ ਵਾਹ ਵਾਹ ਬੇਪਰਵਾਹੀ
ਲੈ ਪੈਗ਼ਾਮ ਹਵਾ ਸਧਾਵੇ ਹੁਕਮ ਕਰੇ ਰੱਬ ਆਲ੍ਹੀ
ਯੂਸਫ ਦੇ ਵਿੱਚ ਕੱਨ ਪਚਾਵੇ ਕੂਕ ਜ਼ੁਲੈਖ਼ਾ ਵਾਲੀ
ਹਾਜ਼ਿਰ ਕਰੋ ਪੁਕਾਰਨ ਵਾਲੀ ਯੂਸਫ ਨੇ ਫਰਮਾਇਆ
ਆਣ ਜ਼ੁਲੈਖ਼ਾ ਨੇੜੇ ਢੁੱਕੀ ਕਰ ਕਰ ਸੋਜ਼ ਸਵਾਇਆ
ਹੋ ਜਾ ਖੜਾ ਨ ਜਾਈਂ ਯੂਸਫ ਗੱਲ ਮੇਰੀ ਜਾ ਸੁਣ ਕਿ
ਦੇਹ ਇਨਸਾਫ ਨਤਾਰੀਂ ਦੁੱਧੋਂ ਖ਼ਾਲਿਸ ਪਾਣੀ ਪੁਣ ਕਿ
ਯੂਸਫ ਜਦ ਬੁੱਢੀ ਵੱਲ ਡਿੱਠਾ ਵਿੱਚ ਪਛਾਣ ਨ ਆਈ
ਤੇ ਉਹ ਘੋੜਾ ਫ਼ੜੇ ਲਗਾਮੋਂ ਰੋ ਰੋ ਕਰੇ ਦੁਹਾਈ
ਯੂਸਫ ਜਾਤਾ ਇਹ ਨਾਤਾਣੀ ਹਾਜਤ ਮੰਦ ਬੇਚਾਰੀ
ਤੁਰ ਚਲਿਆ ਕੈਹ ਖ਼ਾਦਿਮ ਤਾਈਂ ਇਸਦੀ ਕਰਿਉ ਕਾਰੀ

ਜਬਰਾਈ ਖ਼ੁਦਾ ਦੇ ਹੁਕਮੋਂ ਅਸਮਾਨਾਂ ਥੀਂ ਆਇਆ
ਅੱਲਾ ਵੱਲੋਂ ਯੂਸਫ ਤਾਈ ਆਨ ਸਲਾਮ ਸੁਨਾਇਆ
ਹੋ ਜਾ ਖੜਾ ਨ ਜਾਈਂ ਯੂਸਫ ਅੱਲਾ ਨੇ ਫਰਮਾਇਆ
ਫਰਯਾਦੀ ਦਾ ਅਪਣੇ ਕੰਨੀਂ ਸੁਣ ਲੈ ਦੁੱਖ ਜੋ ਪਾਇਆ
ਸੁਣ ਯੂਸਫ ਲੈਹ ਘੋੜਿਉਂ ਆਇਆ ਡਰਦਾ ਖ਼ੌਫ ਲਿਾਹੋਂ
ਤ਼ਰਫ ਜ਼ੁਲੈਖ਼ਾ ਹੋ ਮਤਵੱਜੁ ਸੁਖ਼ਣ ਪੁੱਛੇ ਭਰ ਆਹੋਂ
ਕੌਣ ਕੋਈ ਤੂੰ ਕਿੱਥੋਂ ਆਈ ਹਾਜਤ ਤੁੱਧ ਕਿਆਈ
ਕੈਹ ਬੁੱਢੀ ਕੀਹ ਦੁੱਖ ਤਿਰੇ ਸਿਰ ਤੂੰ ਕਿਆ ਸਖ਼ਤੀ ਪਾਈ
ਗੱਲ ਸੁਣੀ ਬੇਹੋਸ਼ੀ ਆਈ ਤਦਾਂ ਜ਼ੁਲੈਖ਼ਾਂ ਤਾਈਂ
ਹੋਸ਼ ਪਈ ਭਰ ਆਹ ਪੁਕਾਰੇ ਯੂਸਫ ਭੁੱਲੁ ਨ ਜਾਈਂ
ਨੈਣਾਂ ਵਾਲਿਆ ਦੁਖੀਂ ਪਾਲਿਆ ਮੇਰਿਆ ਬੇਪਰਵਾਹਾ
ਅੱਖੀਂ ਖੋਲ੍ਹ ਨਜ਼ਰ ਕਰ ਮੈਂ ਵੱਲ ਦੇਸ ਮਿਸਰ ਦਿਆ ਸ਼ਾਹਾ
ਮਿਸਰ ਤਿਰੇ ਤੇ ਸਭ ਜਗ ਤੇਰਾ ਮੈਂ ਭੀ ਤੇਰੀ ਬਾਂਦੀ
ਲੱਖ ਅਫਸੋਸ ਕਦੀਮੀ ਬਾਂਦੀ ਅੱਜ ਕਿਉਂ ਭੁਲਦੀ ਜਾਂਦੀ
ਅੱਜ ਪਛਾਣ ਨ ਸਕਦੋਂ ਮੈਨੂੰ ਹੋਈ ਨਜ਼ਰ ਉਚੇਰੀ
ਵਾਏ ਦਰੇਗ਼ ਰਿਹੋਂ ਬੇ ਖਬਰਾ ਜਾਨ ਗਈ ਖਪ ਮੇਰੀ
ਦਰਦ ਤਿਰੇ ਨੇਂ ਪੁਰਜ਼ੇ ਕਰ ਕਰ ਮੇਰੀ ਖ਼ਾਕ ਉਡਾਈ
ਸ਼ੌਕ ਤਿਰੇ ਵਿੱਚ ਉਮਰ ਵਿਹਾਈ ਤੇ ਤੂੰ ਖ਼ਬਰ ਨ ਪਾਈ
ਕੌਣ ਕੋਈ ਤੂੰ ਪੁਛੇਂ ਮੈਨੂੰ ਮੈਂ ਬਲਹਾਰੀ ਜਾਵਾਂ
ਕੌਣ ਕੋਈ ਮੈਂ ਹੋ ਕਿ ਤੇਨੂੰ ਅਪਣਾ ਹਾਲ ਸੁਣਾਵਾਂ
ਕੌਣ ਕੋਈ ਮੈਂ ਦੱਸਾਂ ਤੈਨੂੰ ਸੁਣ ਮੇਰੀ ਬੇਹਾਲੀ
ਨਵੇਂ ਲਿਬਾਸ ਤਿਰੇ ਤਨ ਯੂਸਫ ਮੈਂ ਨਿੱਤ ਪਾਵਣ ਵਾਲੀ
ਸ਼ਰਬਤ ਸ਼ੈਹਦ ਅਕੀਕ ਪਿਆਲੇ ਘੋਲ ਪਿਲਾਵਣ ਵਾਲੀ
ਕੰਘੀ ਵਾਹ ਤੇਰੀ ਵਿੱਚ ਜ਼ੁਲਫਾਂ ਲਆਲ ਜੜਾਵਣ ਵਾਲੀ
ਸਖ਼ਤੀ ਨਰਮੀ ਇਸ਼ਕ ਤਿਰੇ ਦੀ ਸਿਰ ਤੇ ਚਾਵਣ ਵਾਲੀ
ਕਿਆ ਕਹਾਂ ਮੂਹੰ ਜ਼ੇਬ ਨ ਦੇਂਦਾ ਕੈਦ ਕਰਾਵਣ ਵਾਲੀ
ਤ਼ਿਫਲੀ ਥੀਂ ਲਾ ਪੀਰੀ ਤਾਈਂ ਸਿਦਕ ਨਿਭਾਵਣ ਵਾਲੀ
ਕੌਲ ਕਰਾਰ ਬ੍ਰਿਹੋਂ ਦੇ ਤਿਰੇ ਪਾਲ ਦਿਖਾਵਣ ਵਾਲੀ
ਮਾਲ ਖ਼ਜ਼ਾਨੇ ਨਾਮ ਤਿਰ ਥੀਂ ਚਾ ਲੁਟਾਵਣ ਵਾਲੀ
ਹੋ ਅੱਨ੍ਹੀ ਵਿੱਚ ਰਾਹ ਤਿਰੇ ਦੇ ਕੁੱਲੀ ਪਾਵਣ ਵਾਲੀ
ਦੇਖ ਪਛਾਣ ਲਵਿੰ ਤੂੰ ਸ਼ਾਇਦ ਦਿਲ ਦਰਦਾਂ ਵਿੱਚ ਜਲਿਆ
ਦਰਦੀਂ ਜਲਿਆ ਦੁੱਖੀਂ ਪਲਿਆ ਤੇਲ ਫਰਾਕੀਂ ਤਲਿਆ
ਸੁਣ ਯੂਸਫ ਭਰ ਅੱਖੀਂ ਰੋਇਆ ਇਹ ਉਹ ਮਗ਼ਰਬ ਜ਼ਾਦੀ
ਜੈਂ ਜਿਹਾ ਵਿੱਚ ਮਿਸਰ ਨ ਕਾਈ ਅੰਦਰ ਕਦਰ ਆਬਾਦੀ
ਇਹ ਉਹ ਬੀਬੀ ਮਿਸਰੇ ਸੰਦੀ ਜਿਸਦੀਆਂ ਆਲੀ ਸ਼ਾਨਾਂ
ਸੁਲਤਾਨਾਂ ਪਰ ਹੁਕਮ ਚਲਾਂਦੀ ਜੱਮੀ ਘਰ ਸੁਲਤਾਨਾਂ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਧਰ ਗਈ ਜਵਾਨੀ
ਕਹੇ ਜ਼ੁਲੈਖ਼ਾ ਇਸ਼ਕ ਤਿਰੇ ਥੀਂ ਕਰ ਛੱਡੀ ਕਰੁਬਾਨੀ

ਯੂਸਫ ਪੁੱਛੇ ਦੱਸ ਜ਼ੁਲੈਖ਼ਾ ਹੁਸਨ ਕਿੱਥੇ ਅੱਜ ਤੇਰਾ
ਕਹੇ ਜ਼ੁਲੈਖ਼ਾ ਹਿਜਰ ਰੁੜ੍ਹਾਇਆ ਹੱਥ ਨ ਪਹੌਤਾ ਮੇਰਾ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਜ਼ੁਲਫਾਂ ਕਿੱਧਰ ਗਈਆਂ
ਕਹੇ ਜ਼ੁਲੈਖ਼ਾ ਤਿਰੇ ਦਰਦੀਂ ਖੁੱਸ ਜ਼ਮੀਂ ਝੜ ਪਈਆਂ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਦੰਦਾਂ ਸਲਕ ਕਥਾਈਂ
ਕਹੇ ਜ਼ੁਲੈਖ਼ਾ ਘਸ ਘਸ ਟੁੱਟੇ ਕਰਦਿਆ ਵਸਲ ਦੁਆਈਂ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਲਬ ਦੀ ਲਾਲੀ
ਕਹੇ ਜ਼ੁਲੈਖ਼ਾ ਜਾਲ ਸਧਾਈ ਲਾਟ ਫਰਾਕਾਂ ਵਾਲੀ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਅੱਖੀਂ ਕਿੱਧਰ ਗਈਆਂ
ਕਹੇ ਜ਼ੁਲੈਖ਼ਾ ਫਰਾਕ ਤਿਰੇ ਨੇਂ ਵਾਹ ਛੁਰੀਆਂ ਕੱਢ ਲਈਆਂ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਉਹ ਵਡਿਆਈਆਂ
ਕਹੇ ਜ਼ੁਲੈਖ਼ਾ ਵਿਛੜਿਉਂ ਤੂੰ ਮੈਨੂੰ ਯਾਦ ਨ ਆਈਆਂ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਗਈ ਕਿੱਥੇ ਬੇਨਾਈ
ਕਹੇ ਜ਼ੁਲੈਖ਼ਾ ਦੋਹਰੀ ਹੋ ਹੋ ਲਭਦੀ ਫ਼ਿਰਾਂ ਗਵਾਈ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਤੇਰੀਆਂ ਸ਼ਾਨਾਂ
ਕਹੇ ਜ਼ੁਲੈਖ਼ਾ ਉਹ ਦਿਣ ਗੁਜ਼ਰੇ ਬਦਲਿਆ ਹੋਰ ਜ਼ਮਾਨਾ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਅੱਜ ਕਿੱਥੇ ਉਹ ਸ਼ਾਹੀ
ਕਹੇ ਜ਼ੁਲੈਖ਼ਾ ਤੈਂ ਹੱਥ ਆਈ ਰੱਬ ਦੀ ਬੇਪਰਵਾਹੀ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੁ ਹਸ਼ਮਤ ਭਾਰੀ
ਕਹੇ ਜ਼ੁਲੈਖ਼ਾ ਚਾਰ ਦਿਹਾੜੇ ਉਹ ਭੀ ਗੁਜ਼ਰ ਸਧਾਰੀ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿਉਂ ਲਿਦਾ ਸਿਰ ਤੇਰਾ
ਕਹੇ ਜ਼ੁਲੈਖ਼ਾ ਜ਼ੁੰਬਸ਼ ਦੇਂਦਾ ਤੇਰਾ ਇਸ਼ਕ ਲੁਟੇਰਾ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਨੈਣ ਤਿਰੇ ਕਿਉਂ ਰੋਂਦੇ
ਕਹੇ ਜ਼ੁਲੈਖ਼ਾਂ ਮੇਰੇ ਮੁੱਖ ਥੀਂ ਗਰਦ ਦੁੱਖਾਂਦੀ ਧੋਂਦੇ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਮਾਲ ਖ਼ਜ਼ਾਨੇ
ਕਹੇ ਜ਼ੁਲੈਖ਼ਾ ਨਾਮ ਤੇਰਾ ਲੈ ਖਾਦੇ ਲੁਟ ਜਹਾਨੇ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥ ਅਮਾਰਤ ਆਲੀ
ਕੇਹ ਜ਼ੁਲੈਜ਼ਾ ਖ਼ਾਕ ਰੁਲੇਂਦੀ ਅੱਜ ਅਮਾਰਤ ਵਾਲੀ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਦੌਲਤ ਕਿਤਵੱਲ ਡਾਲੀ
ਕਹੇ ਜ਼ੁਲੈਖ਼ਾ ਬੇਦੌਲਤ ਦੇ ਦੇਖ ਦੋਵੇਂ ਹੱਥ ਖ਼ਾਲੀ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਹੁਜਰੇ ਕਿੱਥ ਨਿਆਰੇ
ਕਹੇ ਜ਼ੁਲੈਖ਼ਾ ਤਿਰੇ ਬਾਝੋਂ ਭਰੇ ਦੁੱਖਾਂ ਥੀਂ ਸਾਰੇ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਜ਼ੇਵਰ ਸਾਰੇ
ਕਹੇ ਜ਼ੁਲੈਖ਼ਾ ਨਾਮ ਤਿਰੇ ਥੀ ਵਾਰੋ ਵਾਰੀ ਵਾਰੇ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਤੇਰੀਆਂ ਸਈਆਂ
ਕਹੇ ਜ਼ੁਲੈਖ਼ਾ ਜਾਂ ਗ਼ਮ ਲੁੱਟੀ ਛੋੜ ਘਰਾਂ ਨੂੰ ਗਈਆਂ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਅੱਜ ਕਿੱਥੇ ਸਰਦਾਰੀ
ਕਹੇ ਜ਼ੁਲੈਖ਼ਾ ਦਰਦ ਤਿਰੇ ਨੇ ਲੁਟ ਖੜੀ ਉਹ ਸਾਰੀ

ਯੂਸਫ ਪੁੱਛੇ ਦੱਸ ਜ਼ੁਲੈਖ਼ਾ ਇਹ ਕਿਆ ਗਿਰਯਾ ਜ਼ਾਰੀ
ਕਹੇ ਜ਼ੁਲੈਖ਼ਾ ਇਸ਼ਕ ਤਿਰੇ ਦੀ ਇਹ ਖ਼ਾਸੀਅਤ ਭਾਰੀ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿਉਂਕਰ ਹਾਲ ਗੁਜ਼ਾਰੇ
ਕਹੇ ਜ਼ੁਲੈਖ਼ਾਂ ਵਿੱਚ ਵਛੋੜੇ ਦੋਜ਼ਖ਼ ਦੇ ਵਿੱਚਕਾਰੇ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿਵੇਂ ਤਿਰੇ ਦਮ ਵੀਤੇ
ਕਹੇ ਜ਼ੁਲੈਖ਼ਾ ਦਮ ਦਮ ਯੌਸਫ ਜ਼ਹਿਰ ਪਿਆਲੇ ਪੀਤੇ
ਯੂਸਫ ਪੁੱਛੇ ਦੱਸ ਜ਼ੁਲੈਖ਼ਾ ਕਿਉਂਕਰ ਉਮਰ ਵਿਹਾਈ
ਕਹੇ ਜ਼ੁਲੈਖ਼ਾ ਰੋਵਣ ਬਾਝੋਂ ਘੜੀ ਨ ਗੁਜ਼ਰੀ ਕਾਈ
ਫਰਮਾਇਆ ਦੱਸ ਕਾਰ ਤਿਰੇ ਦੀ ਕਿਸ ਤੇ ਜ਼ਿੱਮਾਦਾਰੀ
ਅਰਜ਼ ਕਰੇ ਸਭ ਇਸ਼ਕ ਤਿਰੇ ਤੇ ਮੇਰੀ ਕਾਰ ਗੁਜ਼ਾਰੀ
ਫਰਮਾਇਆ ਦੱਸ ਕੌਣ ਕਰੇਂਦਾ ਅੱਜ ਤੇਰੀ ਦਿਲਦਾਰੀ
ਅਰਜ਼ ਕਰੇ ਗ਼ਮ ਦਰਦ ਵਛੋੜਾ ਤੇ ਹੋਰ ਗਿਰੀਯਾ ਜ਼ਾਰੀ
ਫਰਮਾਇਆ ਦੱਸ ਕੌਣ ਪਿਆਰੀ ਤੇਰਾ ਦਰਦ ਵੰਡਾਵੇ
ਅਰਜ਼ ਕਰੇ ਦੁੱਖ ਵੰਡਣ ਵਾਲੀ ਕੋਈ ਨਜ਼ਰ ਨ ਆਵੇ
ਫਰਮਾਇਆ ਦੱਸ ਸ਼ਰਬਤ ਸ਼ੀਰੀਂ ਤੈਨੂੰ ਕੌਣ ਪਿਆਵੇ
ਅਰਜ਼ ਕਰੇ ਦਿਲ ਜਿਗਰ ਗ਼ਮਾਂ ਥੀਂ ਖ਼ੂਨੀ ਜਾਮ ਲਿਆਵੇ
ਫਰਮਾਇਆ ਦੱਸ ਦਰਦੀ ਹੋ ਕਿ ਕੌਣ ਸੁਣੇ ਦੁੱਖ ਤੇਰਾ
ਅਰਜ਼ ਕਰੇ ਦੁੱਖ ਸੁਣ ਦਾ ਮੇਰਾ ਤੇਰਾ ਦਰਦ ਲੁਟੇਰਾ
ਫਰਮਾਇਆ ਦੱਸ ਅੱਜ ਜ਼ੁਲੈਖ਼ਾ ਕਿਤ ਵੱਲ ਮਿਲਦੀ ਢੋਈ
ਅਰਜ਼ ਕਰੇ ਦਰ ਤਿਰੇ ਬਾਝੋਂ ਹੋਰ ਨਈਂ ਦਰ ਕੋਈ
ਫਰਮਾਇਆ ਦੱਸ ਅੱਜ ਜ਼ੁਲੈਖ਼ਾ ਕਿਸ ਨੂੰ ਕਰੈ ਨਦਾਈਂ
ਅਰਜ਼ ਕਰੇ ਦਰਬਾਰ ਖ਼ੁਦਾ ਦੇ ਮੇਰੀਆਂ ਸੋਜ਼ ਦੁਆਈਂ
ਫਰਮਾਇਆ ਦੱਸ ਕੌਨ ਜ਼ੁਲੈਖ਼ਾ ਤਿਰੇ ਫਰਸ਼ ਵਛਾਵੇ
ਅਰਜ਼ ਕਰੇ ਉਹ ਵੈਹਮ ਪੁਰਾਣਾ ਜੋ ਅੱਜ ਇਸ਼ਕ ਸਦਾਵੇ
ਫਰਮਾਇਆ ਦੱਸ ਅੱਜ ਜ਼ੁਲੈਖ਼ਾ ਨਾਲ ਕਿਹਦੇ ਵਰਤਾਰਾ
ਅਰਜ਼ ਕਰੇ ਵਰਤਾਰਾ ਮੇਰਾ ਸ਼ੌਕ ਤਿਰੇ ਥੀਂ ਸਾਰਾ
ਫਰਮਾਇਆ ਦੱਸ ਧੋਵੇ ਤੇਰੀਆਂ ਕੌਣ ਕੋਈ ਪੋਸ਼ਾਕਾਂ
ਅਰਜ਼ ਕਰੇ ਬੈਹ ਗ਼ਮ ਦੇ ਪੱਤਣ ਦੋ ਅੱਖੀਂ ਗ਼ਮਨਾਕਾਂ
ਫਰਮਾਇਆ ਦੱਸ ਕਵਿੰ ਜ਼ੁਲੈਖ਼ਾ ਤੇਰਾ ਵਕਤ ਵਿਹਾਵੇ
ਅਰਜ਼ ਕਰੇ ਗ਼ਮ ਆਵੇ ਤਾਵੇ ਪਾਣੀ ਹੰਝ ਰੋੜ੍ਹਾਵੇ
ਮੈਂ ਯੂਸਫ ਬੇਮਾਰੀਆਂ ਵਾਲੀ ਮੇਰੀਆਂ ਕਰੋ ਦਵਾਈਂ
ਦੇਖ ਮੇਰੇ ਦੁੱਖ ਉੱਚੇ ਲੱਮੇਂ ਰੋਂਦੀ ਛੋੜ ਨ ਜਾਈਂ
ਬਾਹੋਂ ਪਕੜ ਦਿਲਾਸਾ ਦੇਵੀਂ ਝਿੜਕ ਨ ਦੂਰ ਹਟਾਈਂ
ਬੈਹਰ ਕਰਮ ਦਾ ਜਾਰੀ ਤੇਰਾ ਜਾਮ ਵਿਸਾਲ ਪਿਲਾਈਂ
ਮਾਣ ਟੁੱਟੀ ਦੀਆਂ ਸੁਣ ਲੈ ਕੂਕਾਂ ਦਰਦ ਭਰੀ ਦੀਆਂ ਚੀਕਾਂ
ਯੂਸਫ ਦੇਖ ਕਰਮ ਦੀਂ ਅੱਖੀਂ ਇਸ਼ਕ ਲਗਾਈਆਂ ਲੀਕਾਂ
ਜੇ ਮੇਂ ਜਲ ਬਲ ਗਈ ਜਹਾਨੋਂ ਤੇ ਹੁਣ ਰਹੀ ਨ ਕਾਈ
ਉਹਾ ਤੇਰਾ ਇਸ਼ਕ ਕਦੀਮੀ ਅਜੇ ਨ ਘਟਿਆ ਰਾਈ

ਰਚਦੇ ਗਏ ਹੱਡਾਂ ਵਿੱਚ ਮੇਰੇ ਦਰਦ ਕਜ਼ੀਏ ਤਿਰੇ
ਜੀਉ ਜੀਉ ਜ਼ੋਰ ਤਵਾਣ ਬਦਨ ਦੇ ਗਏ ਹੱਥੋਂ ਛੁੱਟ ਮੇਰੇ
ਦਮ ਦਮ ਆਤਿਸ਼ ਬ੍ਰਿਹੋਂ ਵਾਲੀ ਗਈ ਹੱਡਾਂ ਨੂੰ ਖਾਂਦੀ
ਜੀਉਂ ਜੀਓਂ ਤਿਰੇ ਵਿੱਚ ਵਛੋੜੇ ਮੁਦੱਤ ਗਈ ਵਿਹਾਂਦੀ
ਜ਼ੋਰੋ ਜ਼ੋਰ ਸ਼ਹੂਦ ਤਿਰੇ ਦੀਆਂ ਮੈਂ ਦਿਲ ਚਮਕਾਂ ਪਈਆਂ
ਜੀਓਂ ਜੀਉਂ ਮੇਥੀਂ ਸਿਫਤਾਂ ਮੇਰੀਆਂ ਫਾਨੀ ਹੋਂਦੀਆਂ ਗਈਆਂ
ਝੁੱਕਦੀਆਂ ਆਈਆਂ ਤੇਰੀਆਂ ਤਾਂਘਾਂ ਪੈਰੋ ਪੈਰ ਅਗਆਂਹਾਂ
ਜੀਉਂ ਜੀਉਂ ਮੈਂ ਇਸ ਮੈਂ ਕੈਹਣ ਥੀਂ ਹੱਟਦੀ ਗਈ ਪਿਛਆਂਹਾਂ
ਖ਼ੋਨੋਂ ਖ਼ੂਨ ਹੋਈਆਂ ਰੱਤ ਭਿੰਨੀਆਂ ਅੱਖੀਂ ਦੁੱਖੀਂ ਸੜੀਆਂ
ਜੀਉਂ ਜੀਉਂ ਹੁਸਣ ਅਕੀਕ ਤਿਰੇ ਦੀਆਂ ਮੈਂ ਦਿਲ ਲਾਲੀਆਂ ਚੜ੍ਹੀਆਂ
ਛੁਟਦੇ ਗਏ ਲਵਾਜ਼ਮ ਮੇਰੇ ਦਮ ਦਮ ਵਿੱਚ ਜੁਦਾਈ
ਜੀਉਂ ਜੀਉਂ ਢੁੱਕ ਤਿਰੇ ਵੱਲ ਆਈ ਤੀਉਂ ਤੀਉਂ ਸ਼ੌਕ ਜਲਾਈ
ਤੂੰਹੀ ਅੰਦਰ ਤੂੰਹੀ ਬਾਹਿਰ ਚਮਕਿਉਂ ਆਲਮ ਸਾਰੇ
ਜੀਉਂ ਜੀਓਂ ਟੁੱਟ ਅਜ਼ਾਫਤ ਮੇਥੀਂ ਰੁੜ੍ਹ ਗਏ ਸਭ ਪਸਾਰੇ
ਮਸਤ ਅਲਸੱਤ ਜਿਹਨਾਂ ਦੀਆਂ ਅੱਖੀਂ ਐਹਦ ਨ ਜਿਹਨਾਂ ਭੁਲਾਏ
ਜੇ ਇੱਕਵਾਰ ਤਕਣ ਦੁੱਖ ਮੇਰਾ ਰੈਹਣ ਸਰਸ਼ੱਕ ਨੈਹਲਾਏ
ਮੈਂ ਯੂਸਫ ਉਹ ਮੁਕਲਾਂ ਵਾਲੀ ਮਗ਼ਰਬ ਦੀ ਸ਼ੈਹਜ਼ਾਦੀ
ਦੇਖ ਅੱਖੀਂ ਅੱਜ ਇਸ਼ਕ ਤਿਰੇ ਨੇ ਕੇਡ ਘੱਤੀ ਬਰਬਾਦੀ
ਸੁਣ ਯੂਸਫ ਭਰ ਹੰਝੂ ਅੱਖੀਂ ਰੋ ਰੋ ਕਿ ਫਰਮਾਵੇ
ਮੰਗ ਜ਼ੁਲੈਖ਼ਾ ਜੋ ਅੱਜ ਹਾਜਤ ਅੱਲਾ ਕਰਮ ਕਮਾਵੇ
ਕਹੇ ਜ਼ੁਲੈਖ਼ਾ ਅਰਜ਼ ਕਰਾਂ ਮੇਂ ਜੇ ਹੋਵੇ ਮਨਜ਼ੂਰੀ
ਜੇ ਤੂੰ ਪੱਕਾ ਕ਼ੌਲ ਨ ਕਰਸੇਂ ਰੱਖਾਂ ਸਬਰ ਸਬੂਰੀ
ਜੇ ਤੂੰ ਅਰਜ਼ ਕਬੂਲੇਂ ਨਾਹੀਂ ਕਰਾਂ ਨ ਅਰਜ਼ ਜ਼ਰੂਰੀ
ਦੂਰ ਹੋਈ ਮੇਂ ਵਿੱਚ ਮਹਜੂਰੀ ਸੜ ਮਰਸਾਂ ਵਿੱਚ ਦੂਰੀ
ਯੂਸਫ ਨੇ ਫਰਮਾਇਆ ਰੋ ਰੋ ਛੋੜ ਅੰਦੇਸ਼ੇ ਸਾਰੇ
ਕਮੀ ਖ਼ਜ਼ਾਨਿਆਂ ਰਹਿਮਤ ਨਾਹੀਂ ਅੱਲਾ ਦੇ ਦਰਬਾਰੇ
ਜੋ ਮੰਗੇਂ ਸੋ ਦੇਵਣ ਹਾਰਾ ਪੂਰੀਆਂ ਕਰਸੀ ਆਸਾਂ
ਤਦੋਂ ਜ਼ੁਲੈਖ਼ਾ ਦਿਲ ਵਿੱਚ ਜਾਤਾ ਲੱਗੀਆਂ ਮਿਲਣ ਖ਼ਲਾਸਾਂ
ਅਰਜ਼ ਕਰੇ ਦੋ ਅੱਖੀਂ ਅਵੱਲ ਮਿਲਣ ਮੈਨੂੰ ਤੈਂ ਦੇਖਾਂ
ਮੰਗ ਖ਼ੁਦਾ ਥੀਂ ਲੈ ਦੇ ਯੂਸਫ ਜੇ ਮੇਰਿਆਂ ਵਿੱਚ ਲੇਖਾਂ
ਸੁਣ ਯੂਸਫ ਦਰਬਾਰ ਇਲਾਹੀ ਇਜਜ਼ੋਂ ਅਰਜ਼ ਗੁਜ਼ਾਰੀ
ਯਾ ਰੱਬ ਬਖ਼ਸ਼ ਜ਼ੁਲੈਖ਼ਾ ਤਾਈਂ ਫੇਰ ਅੱਖੀਂ ਇੱਕਵਾਰੀ
ਅਰਜ਼ ਪਈ ਮਨਜ਼ੂਰ ਜਨਾਬੇ ਅੱਖੀਂ ਉਘੱੜ ਆਈਆਂ
ਖੁੱਲ੍ਹ ਪਿਆ ਸੁ ਨੂਰ ਹਜਾਬੋਂ ਚਮਕ ਪਈਆਂ ਰੌਸ਼ਨਾਈਆਂ
ਯੂਸਫ ਤਾਈਂ ਅੱਖੀਂ ਡਿੱਠਸ ਜਾਂ ਖੁੱਲ੍ਹੀ ਬੀਨਾਈ
ਰੁਖ਼ ਪੁਰ ਨੂਰ ਨਜ਼ਰ ਵਿੱਚ ਆਇਆ ਬੇਹੋਸ਼ੀ ਵਿੱਚ ਆਈ
ਪਾਈ ਹੋਸ਼ ਉਠੀ ਮੁੜ ਕੈਹੰਦਾ ਯੂਸਫ ਦੂਜੀ ਵਾਰੀ
ਹੋਰ ਮੁਰਾਦ ਕਿਆਈ ਦਿਲ ਦੀ ਆਖ ਸੁਣਾ ਲੈ ਸਾਰੀ

ਅਰਜ਼ ਕਰੇ ਉਹ ਜੋਸ਼ ਜਵਾਨੀ ਜੋ ਤੈਂ ਨਜ਼ਰੀਂ ਆਇਆ
ਕੈਹ ਹੁਣ ਉਹੋ ਹੁਸਣ ਜਵਾਨੀ ਬਖ਼ਸ਼ ਜਮਾਲ ਖ਼ੁਦਾਇਆ
ਇਹ ਭੀ ਯੂਸਫ ਅਰਜ਼ ਗੁਜ਼ਾਰੀ ਪਈ ਕਬੂਲ ਸ਼ਤਾਬੀ
ਦੇਖਦਿਆਂ ਕੱਦ ਸਿੱਧਾ ਹੋਇਆ ਚੜਇਆ ਰੰਗ ਗੁਲਾਬੀ
ਲਆਲ ਬਦਖ਼ਸ਼ਾਂ ਵਾਂਗੂੰ ਦਮਕੇ ਸਰ ਅੰਗੁਸ਼ਤ ਅਨਾਬੀ
ਚਹਿਰਾ ਚੰਦੋਂ ਦੂਣ ਸਵਾਇਆ ਜੀਊਂ ਰੋਸ਼ਨ ਮੈਹਤਾਬੀ
ਲੈਰ ਹੁਸਣ ਦੀ ਠਾਠਾਂ ਮਾਰੇ ਪੈਸ਼ਾਨੀ ਪਰ ਸਾਰੇ
ਕਾਲੀ ਰੈਣ ਸਤਾਰੇ ਵਾਰੇ ਜ਼ੁਲਫ ਸਿਆਹ ਦੀ ਤਾਰੇ
ਤੀਜੀ ਵਾਰੀ ਕਹੇ ਜ਼ੁਲੈਖ਼ਾ ਅਰਜ਼ ਰਹੀ ਇੱਕ ਭਾਰੀ
ਮੂਹੰ ਲੁਕਾ ਨਈਂ ਹੁਣ ਯੂਸਫ ਉਹ ਭੀ ਸੁਣ ਲੈ ਸਾਰੀ
ਕਰ ਲੈ ਅਕਦ ਨਕਆ ਅਸਾਥੀਂ ਹੁਣ ਨ ਤਾਬ ਜੁਦਾਈ
ਯੂਸਫ ਚੁਪ ਪੈਗ਼ਾਮ ਉਡੀਕੇ ਕਹੇ ਜਵਾਬ ਨ ਕਾਈ
ਤਦ ਨੂੰ ਜਬਰਾਈ ਜਨਾਬੋਂ ਆਣ ਸਲਾਮ ਸੁਨਾਵੇ
ਮੱਨ ਜਿਵੇਂ ਤੈਂ ਕਹੇ ਜ਼ੁਲੈਖ਼ਾ ਪਾਕ ਅੱਲਾ ਫਰਮਾਵੇ
ਉਪਰ ਅਰਸ਼ ਤੇਰਾ ਤੇ ਇਸਦਾ ਅਕਦ ਕੀਤਾ ਮੈਂ ਯਾਰਾ
ਦਰਦੋਂ ਗ਼ਮੋਂ ਜ਼ੁਲੈਖ਼ਾ ਤਾਈਂ ਬਖ਼ਸ਼ ਦਿੱਤਾ ਛੁਟਕਾਰਾ
ਜੂੰ ਮੁਰਾਦ ਰਹੀ ਇਹ ਮੰਗਦੀ ਤੇ ਕੁਝ ਹੱਭ ਨ ਆਇਆ
ਅੱਜ ਸਵਾਲ ਅਸਾਂ ਥੀਂ ਕੀਤਾ ਜੋ ਮੰਗਿਆ ਸੋ ਪਾਇਆ
ਇਸ ਦਰਵਾਜ਼ੇ ਜੋ ਕੋਈ ਆਵੇ ਖ਼ਾਲੀ ਹੱਥ ਨ ਜਾਵੇ
ਅਰਹੱਮ ਅਕਰਮ ਮੈਂ ਰੱਬ ਸਾਹਿਬ ਜੋ ਮੰਗੇ ਸੋ ਪਾਵੇ
ਜਾਂ ਯੂਸਫ ਨੇ ਸੂਰਤ ਡਿੱਠੀ ਜੋਸ਼ ਮੁਹਬੱਤ ਪਾਇਆ
ਹੁਕਮੇ ਨਾਲ ਖ਼ੁਦਾ ਦੇ ਉਵੇਂ ਉਸ ਥੀਂ ਅਕਦ ਕਰਾਇਆ
ਯੂਸਫ ਉਤੇ ਜਿਵੇਂ ਜ਼ੁਲੈਖ਼ਾ ਸੀ ਇਹਸਾਨ ਕਮਾਏ
ਯੂਸਫ ਨੇ ਦੋ ਚੰਦਾਂ ਉਸ ਥੀਂ ਖ਼ੁਸ਼ੀਆਂ ਐਸ਼ ਕਰਾਏ
ਸਹੀ ਸਲਾਮਤ ਪਾਇਸ ਯੂਸਫ ਰਾਜ਼ ਪੁੱਛੇ ਦੱਸਆਇਆ
ਕਾਮਿਲ ਇਸ਼ਕ ਜ਼ੁਲੈਖ਼ਾ ਵਾਲਾ ਤਾਂ ਯੂਸਫ ਨੇ ਪਾਇਆ
ਸਿਦਕ ਕਮਾਵੇਂ ਤੇ ਕੁਝ ਪਾਵੇਂ ਐ ਦਿਲ ਸਮਝ ਕਦਾਈਂ
ਮੈਦਾਨੋਂ ਜੇ ਨੱਸ ਖਲੋਇਓਂ ਥਾਓਂ ਨਈਂ ਤੁੱਧ ਤਾਈਂ
ਵਲ ਵਲ ਐ ਹਦ ਅਲੱਸਤ ਅਜ਼ਲ ਦੇ ਕੌਲ ਨਿਭਾਇਆ ਲੋੜੇ
ਇਲਮੋਂ ਐਣ ਇੱਕੋ ਹੱਕ ਪਾਇਆ ਗ਼ੈਰ ਤੁਆਲੱਕ ਤੋੜੇ
ਵਾਹਦਤ ਦੇ ਵਿੱਚ ਆਣ ਸਮਾਈ ਚਸ਼ਮ ਦਿਲੇ ਥੀਂ ਖੁੱਲ੍ਹੀ
ਇਸ਼ਕ ਹੱਕਾਣੀ ਗ਼ਲਬਾ ਕੀਤਸ ਹੋਰ ਮੁਹਬੱਤ ਭੁਲ੍ਹੀ
ਮਿਲਆ ਰੱਬ ਕਫਾਇਤ ਹੋਈ ਮਕਸਦ ਦੂਐਂ ਜਹਾਨਾਂ
ਪਕੜ ਦਿਲਾ ਰਾਹ ਜਾ ਨ ਭੁੱਲਾ ਕਾਈ ਰੋਜ਼ ਜ਼ਮਾਨਾ

## ਕਨਆਨ ਵਾਸੀਆਂ ਦਾ ਜੱਗ ਵਾਸੀਆਂ ਉਤੇ ਹਜ਼ਰਤ ਯੂਸਫ ਦੇ ਇਹਸਾਨ ਬਾਰੇ ਸੁਨਣਾ ਅਤੇ ਕਾਲ ਸਮੇਂ ਵਿੱਚ ਉਹਨਾਂ ਦੇ ਕੋਲ ਦਾਣੇ ਮੰਗਣ ਲਈ ਜਾਨਾ ਅਤੇ ਹਜ਼ਰਤ ਯੂਸਫ ਦਾ ਬਨੀਆਮੀਨ ਨੂੰ ਤ਼ਲਬ ਕਰਨਾ

ਐ ਦਿਲ ਖੋਲ੍ਹ ਪੁਰਾਣੇ ਦਫਤਰ ਭਰੇ ਫਰਾਕਾਂ ਵਾਲੇ
ਦਰਦ ਮੰਦਾਂ ਦੇ ਦਿਲਦੀਆਂ ਆਹੀਂ ਪੁਰ ਪੁਰ ਗ਼ਮਦੇ ਹਾਲੇ
ਜਾਂ ਹੁਣ ਸ਼ਾਹ ਮਿਸਰ ਦਾ ਹੋਇਆ ਯੁਫਸ ਇੱਤ ਜ਼ਮਾਨੇ
ਗ਼ਾਲਿਬ ਕੈਹੜ ਪਿਆ ਜੱਗ ਸਾਰੇ ਉੱਠੇ ਸਬਰ ਜਹਾਨੇ
ਦਿਣ ਤੇ ਰਾਤ ਜਿਆ਼ਫਤ ਖ਼ਾਨੇ ਖੁੱਲ੍ਹੇ ਰੈਹਣ ਮਦਾਮੀ
ਪਰਦੇਸੀ ਤੇ ਮੁਫਲਿਸ ਭੁੱਖੇ ਖਾਵਣ ਲੋਗ ਤਮਾਮੀ
ਕਰਵਾਨਾਂ ਜਿੱਥ ਡੇਰੇ ਲੈਹੰਦੇ ਆਨ ਅੰਦਰ ਕਨਆਨੇ
ਸੀ ਯਾਕੂਬ ਨਬੀ ਦਾ ਹੁਜਰਾ ਅੰਦਰ ਐਤ ਮਕਾਨੇ
ਪਾਸ ਨਬੀ ਦੇ ਮਿਸਰੋਂ ਆਇਆਂ ਸਿਫਤ ਕਹੀ ਕਰਵਾਨਾਂ
ਵਾਂਗ ਅਜ਼ੀਜ਼ ਮਿਸਰ ਦੇ ਵਾਲੀ ਹੋਗ ਨ ਵਿੱਚ ਜਹਾਨਾਂ
ਖ਼ੈਰ ਕਰੇ ਖ਼ੈਰਾਤਾਂ ਹੱਥੀਂ ਆਪ ਤੁਆਮ ਖਿਲਾਵੇ
ਸ਼ੋਰ ਜਹਾਨ ਰਹੇ ਤਿੱਸ ਗਿਰਦੇ ਮੱਥੇ ਵੱਟ ਨ ਪਾਵੇ
ਸੁੱਖੀਂ ਮੁਲਕ ਵਸਾਇਆ ਸਾਰਾ ਜ਼ੁਲਮੋਂ ਰਸਮ ਹਟਾਈ
ਅਸੀਂ ਨ ਸੁਣਿਆਂ ਦੇਸ ਮਿਸਰ ਦੇ ਜ਼ੁਲਮ ਕੁਨਿੰਦਾ ਕਾਈ
ਰਾਹਜ਼ਨ ਚੋਰ ਨ ਠੱਗ ਮੱਕਾਰੀ ਮੁਲਕ ਅਮਨ ਵਿੱਚ ਸਾਰਾ
ਦੇਸ ਸਭੇ ਮੈਹਮਾਨ ਉਸੇਦਾ ਸਦਕਿਉਂ ਕਰਨ ਗੁਜ਼ਾਰਾ
ਤਕ਼ਵੇ ਵਿੱਚ ਅਮਾਨਤ ਪੂਰਾ ਹਰ ਹਰ ਨਜ਼ਰੀਂ ਆਇਆ
ਸ਼ਾਹ ਅਜ਼ੀਜ਼ ਕਿਆਈ ਚੰਗਾ ਜਿਸਦਾ ਆਲੀ ਸਾਇਆ
ਨੀਵੀਆਂ ਅੱਖੀਂ ਖ਼ੌਫ ਇਲਾਹੋਂ ਦਿਲ ਪੁਰ ਰੈਹਮ ਕਰਮ ਥੀਂ
ਜੇ ਕੋ ਕਰੇ ਜ਼ਿਾਰਤ ਉਸਦੀ ਛੁੱਟੇ ਦਰਦ ਅਲਮ ਥੀਂ
ਖ਼ੁਲਕ ਹਲੀਮ ਕਰੀਮ ਤ਼ਬਆ ਦਾ ਅਕਲ ਫਰਾਸਤ ਭਾਰੀ
ਜੇ ਮਸਕੀਨ ਪਵੇ ਤਿਸ ਨਜ਼ਰੇ ਪੁੱਛੇ ਹਾਲਤ ਸਾਰੀ
ਸੁਣ ਸੁਣ ਕਿ ਯਾਖੂਬ ਪੈਗ਼ਮਬਰ ਦੰਗ ਰਹੇ ਤਆਰੀਫੋਂ
ਸ਼ਾਹ ਅਜ਼ੀਜ਼ ਮਿਲੀ ਇਹ ਨਿਮਅਤ ਕਿਸਦੇ ਕੁਰਬ ਸ਼ਰੀਫੋਂ
ਇਹ ਖ਼ਸਾਇਲ ਬਾਝ ਪੈਗ਼ੱਮਬਰ ਮੁਸ਼ਕਿਲ ਨਜ਼ਰੀਂ ਆਵਣ
ਵਾਲੀ ਮਿਸਰ ਪੈਗ਼ਮਬਰ ਹੋਸੀ ਸਿਫਤਾਂ ਇਰ ਫਰਮਾਵਣ
ਕ਼ੈਹੜ ਪਿਆ ਕਨਆਨ ਵਲਾਇਤ ਭੁੱਖੀ ਮਰੇ ਲੋਕਾਈ
ਪੈਗ਼ੱਮਬਰ ਦੇ ਪੁੱਤਾਂ ਕ਼ਬਜ਼ੇ਼ ਇਯੱੜ ਰਿਆ ਨਾ ਕਾਈ
ਹੋ ਕਿ ਜਮਆ ਪਿਦਰ ਦੇ ਅੱਗੇ ਹਾਜ਼ਿਰ ਆਣ ਖਲੋਏ
ਯਾ ਹਜ਼ਰਤ ਅੱਜ ਸੁਣ ਲੈ ਅਰਜ਼ਾਂ ਨੈਣ ਹੰਝੂ ਭਰ ਰੋਏ
ਕਰੋ ਦੁਆਈਂ ਅਰਜ਼ ਗੁਜ਼ਾਰੋ ਅੱਲਾ ਦੇ ਦਰਬਾਰੇ
ਰਿਜ਼ਕ ਮਿਲੇ ਦੁੱਖ ਜਾਣ ਅਸਾਡੇ ਤੇ ਦਿਲਦੇ ਗ਼ਮ ਸਾਰੇ
ਸੁਣ ਪੈਗ਼ਮਬਰ ਨੇ ਫਰਮਾਇਆ ਤਾਂ ਫਰਜ਼ੰਦਾਂ ਤਾਈਂ
ਸੁਨਿਆਂ ਬੌਹਤ ਅਨਾਜ ਰਖੇਂਦਾ ਮੁਲਕ ਮਿਸਰ ਦਾ ਸਾਈਂ
ਤੁਰ ਜਾਉ ਫਰਜ਼ਦੋ ਝਬਦੇ ਨਾਕਿਆਂ ਦੀ ਅਸਵਾਰੀ
ਮੇਰਾ ਜਾ ਸਲਾਮ ਪਚਾਇਓ ਆਸ ਇਹਾ ਮੈਂ ਭਾਰੀ
ਫਰਜੰਦਾਂ ਨੇ ਅਰਜ਼ ਗੁਜ਼ਾਰੀ ਅਸਾਂ ਬਿਜ਼ਾਇਤ ਨਾਹੀਂ

ਸੌ ਚੌਦਾਂ ਨੇਂ ਦਿਰਹਮ ਖੋਟੇ ਸਾਰੇ ਪਾਸ ਅਸਾਹੀਂ
ਨਬੀ ਕਹੇ ਕਮ ਕਦਰ ਬਿਜ਼ਾਇਤ ਉਹ ਮੋੜੇਂਦਾ ਨਾਹੀਂ
ਉਸ ਥੀਂ ਖ਼ਾਲੀ ਮੁੜ ਕੋ ਆਇਆ ਸੁਣਿਆਂ ਨਈਂ ਕਦਾਹੀਂ
ਫਿਰ ਫਰਜ਼ੰਦਾਂ ਅਰਜ਼ ਗੁਜ਼ਾਰੀ ਤੇ ਜੇ ਮੋੜ ਹਟਾਵੇ
ਫੇਰ ਇਲਾਜ ਕਿਆਈ ਹਜ਼ਰਤ ਮਕਸਿਦ ਹਾਸਿਲ ਆਵੇ
ਫਰਮਾਇਆ ਕੈਹ ਮਸਬ ਸੁਨਾਇਅਉ ਹਾਂ ਔਲਾਦ ਖ਼ਲੀਲੋਂ
ਇਸਰਾਈਲ ਬਨੀ ਦੇ ਬੇਟੇ ਸਿਦਕ ਸਫਾ ਦਲੀਲੋਂ
ਮੁੜ ਕੈਹੰਦੇ ਜੇ ਨਸਬ ਨ ਮੱਨੇ ਮੁੜ ਕਿਆਈ ਚਾਰਾ
ਫਰਮਾਇਆ ਫਿਰ ਇਜਜ਼ ਸੁਨਾਇਉ ਤੇ ਜੀਊਂ ਹਾਲ ਆਵਾਰਾ
ਕਰਉਿ ਅਰਜ਼ ਵਤ਼ਨ ਥੀਂ ਆਇ ਫੂਨਜੀ ਫਕ਼ਰ ਲਿਆਇ
ਧਿੱਕ ਨਸੀਬਾਂ ਇੱਤ ਪਚਾਏ ਆਇ ਨਾਲ ਕਜ਼ਾਏ
ਆਇਆਂ ਤੇ ਕਰ ਰੈਹਮ ਅਜ਼ੀਜ਼ਾ ਦੇਸੀ ਰੱਬ ਜਜ਼ਾਈਂ
ਸੁਣੀਆਂ ਸਿਫਤਾਂ ਕੱਟ ਮੁਸਾਫਤ ਪੌਹਤੇ ਤਿਰੇ ਤਾਈਂ
ਅੱਵਲ ਜਾਂ ਲੱਗ ਇਜ਼ਨ ਨ ਹੋਵੇ ਵਿੱਚ ਹਜ਼ੂਰ ਨ ਜਾਇਉ
ਇਜ਼ਨ ਮਿਲੇ ਤੇ ਹਾਜ਼ਿਰ ਹੋਇਓ ਪਰ ਕੁਝ ਨਹੀਂ ਅਲਾਇਉ
ਵਿੱਚ ਦਰਬਾਰ ਖੜੇ ਹੋ ਅਦਬੋਂ ਚੁੱਪ ਰਹਉਿ ਹੋ ਸਾਰੇ
ਆਪਸ ਅੰਦਰ ਗੱਲ ਨ ਕਰਉਿ ਜਾਂ ਹੋਸੋ ਦਰਬਾਰੇ
ਲਾਂਭੇ ਕਿਤੇ ਧਿਆਨ ਨ ਕਰਉਿ ਰਹੇ ਨਜ਼ਰ ਵੱਲ ਸ਼ਾਹੇ
ਮੁਕਦੀ ਗੱਲ ਸੁਣਾਉਿ ਥੋੜੀ ਜਾਂ ਉਹ ਪੁਰਸਿਸ਼ ਚਾਹੇ
ਜਿਦਾਂ ਇਜਾਜ਼ਤ ਮਿਲੇ ਮੁੜਣ ਦੀ ਫੇਰ ਨ ਅਰਜ਼ ਅਲਾਉਿ
ਵੱਲ ਸੁਲਤ਼ਾਨ ਨ ਪੁਸ਼ਤਾਂ ਕਰਉਿ ਪਿਛਲੇ ਪੈਰੀਂ ਆਇਉ
ਬੇ ਅਦਬਾਂ ਮਕਸੂਦ ਨ ਹਾਸਿਲ ਤੇ ਦਰਗਾਹ ਨ ਢੋਈ
ਤੇ ਮਨਜ਼ਿਲ ਮਕਸੂਦ ਨ ਪੌਹਤਾ ਬਾਝ ਅਦਬ ਦੇ ਕੋਈ
©
ਜਾਮ ਕਰਮ ਦੇਹ ਸਾਕ਼ੀ ਹੱਥੀਂ ਕਰ ਕਰ ਚਾਬਕ ਦਸਤੀ
ਯਾਰ ਪ੍ਰਸਤੀ ਦੇ ਵਿੱਚ ਹਾਲਾਂ ਜ਼ੌਕ਼ ਚੜ੍ਹਾਈ ਮਸਤੀ
ਯਾਰ ਵਛਨੇ ਫੁਕਤ ਭੁੱਨੇ ਲਾਟ ਬ੍ਰਿਹੋਂ ਦੀ ਜਾਲੇ
ਦੇਖਣ ਯਾਰ ਝੜਣ ਰੋ ਧਰਤੀ ਚਾ ਖ਼ੁਦ ਯਾਰ ਉਠਾਲੇ
ਯਾਰ ਮਿਲੇ ਦੁੱਖ ਕੱਟੇ ਜਾਵਣ ਕਸਮ ਕਰਾਂ ਲੱਖ ਵਾਰੀ
ਨਾਮ ਫਰਾਕ਼ ਕਹੇ ਜੱਗ ਜਿਸਦਾ ਇਹ ਹੈ ਮੁਸ਼ਕਿਲ ਭਾਰੀ
ਅੱਖੀਂ ਦੇਖ ਵਗਿੰਦੀਆਂ ਰਮਜ਼ਾਂ ਸਬਰ ਚੱਲੇ ਵਿੱਚ ਲਾਟਾਂ
ਜਾਂ ਮੈਬੂਬ ਦਖਾਏ ਜਲਵਾ ਕੱਟ ਦੂਰਾਡੀਆਂ ਵਾਟਾਂ
ਯਾਰੀਆਂ ਲਾਈਆਂ ਬੁੱਲ੍ਹ ਭੁਲਾਵੇ ਜਿਹਨਾਂ ਦਿਲਾਂ ਅੰਧੇਰੇ
ਯਾਰ ਬਣੇ ਉਹ ਅਣਤ ਲੁਟੇਰੇ ਪਾ ਵਿੱਚ ਘੁਮਣ ਘੇਰੇ
ਅੱਖੀਂ ਦੇਖ ਵਗੇਂਦੀਆਂ ਰਮਜ਼ਾਂ ਸਬਰ ਚੱਲੇ ਵਿੱਚ ਲਾਟਾਂ
ਜਾਂ ਮੈਹਬੂਬ ਦਖਾਏ ਜਲਵਾ ਕੱਟ ਦੂਰਾਡੀਆਂ ਵਾਟਾਂ
ਯਾਰੀਆਂ ਲਾਈਆਂ ਬੁੱਲ੍ਹ ਭੁਲਾਵੇ ਜਿਹਨਾਂ ਦਿਲਾਂ ਅੰਧੇਰੇ
ਯਾਰ ਬਣੇ ਉਹ ਅਣਤ ਲੁਟੇਰੇ ਪਾ ਵਿੱਚ ਘੁਮਣ ਘੇਰੇ

ਖੋਟੇ ਯਾਰ ਛੋੜਾ ਦੁਮ ਖਾਂਦੇ ਜ਼ਖ਼ਮ ਲਗਾਂਦੇ ਕਾਰੀ
ਗ਼ੱਦਾਰਾਂ ਦੀ ਯਾਰੀ ਕੋਲੋਂ ਤੋਬਾ ਲੱਖ ਲੱਖ ਵਾਰੀ
ਜੇ ਤੁਧ ਕਦਮ ਗ਼ੁਲਾਮ ਰਸੂਲਾ ਅਟਕ ਰਹੇ ਅੱਧ ਵਾਟੇ
ਜ਼ਾਇਆ ਗਇਉਂ ਗਈ ਤੁਧ ਹੱਥੋਂ ਸਰਮਾਇਆ ਵਿੱਚ ਘਾਟੇ
ਰੋ ਜ਼ਾਲਿਮ ਕਿਤ ਕਾਰੇ ਆਇਉਂ ਕਰਨੇ ਨੂੰ ਕੁਝ ਕਾਈ
ਸੌਦਾਈ ਇਹ ਹਾਲ ਕਿਆਈ ਲੱਖ ਪਨਾਹ ਕਮਾਈ
ਗ਼ਫਲਤ ਛੋੜ ਨ ਅਜੇ ਤਕੇਂਦੋਂ ਗਈ ਬਿਜ਼ਾਇਤ ਸਾਰੀ
ਦਮ ਦੇ ਦਮੀਂ ਲੇਖਾ ਪੌਸੀ ਵਿੱਚ ਖ਼ਸਾਰਤ ਕਾਰੀ
ਮਹੀਟ ਅੱਖੀਂ ਕਿਤ ਵੈਹਣੇ ਰੁੜੇਉਂ ਤੁਆਮ ਨਹੰਗਾਂ ਹੋਸੇਂ
ਚਸ਼ਮ ਉਘਾੜ ਕਵੇਲਾ ਹੋਂਦਾ ਮਤ ਵੇਲਾ ਛਲ ਰੋਸੇਂ
ਸ਼ਮਆ ਪੱਤੰਗਾਂ ਸ਼ੌਕ ਪੁਰਾਣਾ ਸੂਰਜ ਨੂਰ ਉਜਾਲਾ
ਅਣਤ ਸ਼ਮਆ ਤੇ ਜਾਨ ਜਲਾਵੇ ਜਿਸਦਾ ਦਰਦ ਕੁਸਾਲਾ

## ਹਜ਼ਰਤ ਯਾਖੂਬ ਹੋਰਾਂ ਦਾ ਮਿਸਰ ਦੇ ਬਾਦਸ਼ਾਹ ਵੱਲ ਦਰਦ ਭਰਇਆ ਖ਼ਤ

ਇਹ ਯਾਕੂਬ ਇਬਨ ਇਸਹਾਕੋਂ ਨਾਮਾ ਹੈ ਗ਼ਮ ਖ਼ਾਨਾ
ਤ਼ਰਫ ਅਜ਼ੀਜ਼ ਮਿਸਰ ਦੇ ਵਾਲੀ ਜੋ ਅੱਜ ਸ਼ਾਹ ਜ਼ਮਾਨਾ
ਮਿਸਰੀ ਸ਼ਾਹ ਅਜ਼ੀਜ਼ਾ ਤੇਰਾ ਮੈਨੂੰ ਨਾਮ ਨ ਆਵੇ
ਯਾਦ ਹੋਂਦਾ ਮੈਂ ਖ਼ਤ਼ ਵਿੱਚ ਲਿਖ਼ਦਾ ਸ਼ੌਕ ਇਹਾ ਫਰਮਾਵੇ
ਅੱਵਲ ਹਮਦ ਇਲਾਹੀ ਦਾਇਮ ਆਲੀ ਜ਼ੌਕਾਂ ਵਾਲਾ
ਮੇਰਾ ਫੇਰ ਸਲਾਮ ਤੁਸਾਈਂ ਦਿਲਦਿਆਂ ਸ਼ੌਕਾਂ ਵਾਲਾ
ਵਿੱਚ ਇਸ਼ਾਰਾ ਰਲਿਆ ਮਲਿਆ ਖ਼ਾਲਿਸ ਯਾਰੀਆਂ ਵਾਲਾ
ਸੁੱਖ ਸੁਨੇਹਾ ਦਰਦਾਂ ਭਰਿਆ ਤੇ ਗ਼ਮਖ਼ਾਰੀਆਂ ਵਾਲਾ
ਕਿਆ ਕਰਾਂ ਮੈਂ ਗ਼ੈਰਾਂ ਅੱਗੇ ਗ਼ਮ ਦੀ ਗਿਰਯਾ ਜ਼ਾਰੀ
ਕੱਦ ਮੇਰਾ ਝੁਕ ਗ਼ਮ ਥੀਂ ਲਿਫਿਆ ਵਿੱਚ ਮੁਸੀਬਤ ਭਾਰੀ
ਵਾਰੋ ਵਾਰ ਨਬੀਆਂ ਤਾਈਂ ਅੱਲਾ ਨੇ ਅਜ਼ਮਾਇਆ
ਆਪੇ ਫਜ਼ਲ ਕਰਮ ਕਰ ਲੁਤ਼ਫੋਂ ਸਾਬਤ ਪਾਰ ਲੰਘਾਇਆ
ਯੂਸਫ ਨਾਮ ਮੇਰਾ ਪੁਤ ਸੋਹਣਾ ਨੂਰ ਦੀਆਂ ਰੁਖ਼ ਚਮਕਾਂ
ਜਨਤੀਆਂ ਦਾਂ ਨਕਸ਼ਾ ਨੂਰੀ ਦੇਖਾਂ ਚਸ਼ਮ ਝਮਕਾਂ
ਫਰਜ਼ੰਦਾਂ ਲੈ ਮੇਰੇ ਕੋਲੋਂ ਤਿਸ ਖੜਇਆ ਸੈਹਰਾਏ
ਖਾਵਸ ਗੁਰਗ ਨਿਸ਼ਾਨੀ ਕੁੜਤਾ ਖ਼ੂਨ ਆਲੂਦ ਲਿਆਇ
ਗ਼ਮ ਉਸਦੇ ਵਿੱਚ ਮੇਰੀਆਂ ਅੱਖੀਂ ਕਿਆ ਕਹਾਂ ਕੀਹ ਹੋਈਆਂ
ਦਾਗ਼ ਸਿਆਹੋਂ ਗ਼ਮਦੇ ਪਾਣੀ ਝੋਲ ਨਦੀ ਵਿੱਚ ਧੋਈਆਂ
ਹੁਣ ਉਹਹੋ ਫਰਜ਼ਦ ਸਿਧਾਏ ਲੈ ਉਸਨੂੰ ਵੱਲ ਤਿਰੇ
ਜਾਮ ਚੁਰਾਉਸ ਆਣ ਸੁਨਾਇਆ ਖੋਲ੍ਹ ਦਿੱਤੇ ਸੱਲ ਮੇਰੇ
ਯੂਸਫ ਦਾ ਉਹ ਜ਼ਖ਼ਮ ਵਗੇਂਦਾ ਦੂਣਾ ਕਰ ਦਿਖਲਾਇਆ
ਬਿਨਯਾਮੀਨ ਵਛੋੜ ਅਸਾਥੀਂ ਤੀਰ ਜਿਗਰ ਵਿੱਚ ਲਾਇਆ
ਸੁਨਿਆਂ ਕੀਤੋ ਕ਼ੈਦ ਅਜ਼ੀਜ਼ਾ ਬਿਨਯਾਮੀਨ ਪਿਆਰਾ

ਇਹ ਗੱਲਾਂ ਸੁਣ ਦਿਲਦਾ ਮੇਰਾ ਮਾਨ ਗਿਆ ਟੁਟ ਸਾਰਾ
ਮੈਂ ਸੁਣਿਆਂ ਤੈਂ ਨੇਕ ਖ਼ਸਾਇਲ ਸਿਫਤ ਨਬੀਆਂ ਵਾਲੀ
ਤੈਂ ਇਹਸਾਨ ਜਗਤ ਵਿੱਚ ਕੀਤੇ ਵਸਦੀ ਖ਼ਲਕ ਸੌਖਾਲੀ
ਹੋਰਾਂ ਉਤੇ ਕਰਮ ਕਮਾਇਉ ਸਾਨੂੰ ਨਦੀ ਰੁੜਾਇਉ
ਜ਼ਖ਼ਮੀ ਨੂੰ ਕੁੱਟ ਜ਼ਿਹਰ ਖਿਲਾਇਉ ਨਜ਼ਰ ਨ ਕੀਤੀ ਕਾਈ
ਚੋਰੀ ਵਿੱਚ ਅਸਾਂਹਾਂ ਨਾਹੀਂ ਇਹ ਤੁਹਮਤ ਤੁੱਥ ਲਾਈ
ਇਹ ਫਰਜ਼ੰਦ ਸਈਦ ਇਸਾਡਾ ਕਰੇ ਨਈਂ ਬੁਯਾਈ
ਬਿਨਯਾਮੀਨ ਨ ਚੋਰੀਆਂ ਕਰਦਾ ਇਹ ਯਸਫ ਦਾ ਭਾਈ
ਵਾਂਗ ਬਿਜ਼ਾਇਤ ਭਾਰੇ ਅੰਦਰ ਆਪੇ ਜਾਮ ਰਖਾਇਉ
ਉਹ ਫਰਜ਼ੰਦ ਪਿਆਰਾ ਮੇਰਾ ਸੁਣਿਆਂ ਕ਼ੈਦ ਕਰਾਇਉ
ਕਰ ਇਹਸਾਨ ਅਸਾਡੇ ਉਤੇ ਛੋੜੀਂ ਬਿਨਯਾਮੀਨੇ
ਖ਼ੌਫ ਤਿਰੇ ਦਿਲ ਅੱਲਾ ਵਾਲਾ ਜ਼ਖ਼ਮ ਨ ਲਾ ਵਿੱਚ ਸੀਨੇ
ਬੁਰੀ ਦੁਆ ਹੱਕ ਤਿਰੇ ਅੰਦਰ ਮੈਂ ਅਜੇ ਕੀਤੀ ਨਾਹੀਂ
ਦਰਦ ਦਿਲੇ ਦਾ ਜ਼ਾਹਿਰ ਹੋਸੀ ਤੂੰ ਇਹ ਕੈਹਰ ਨ ਚਾਹੀਂ
ਸੁੱਖ ਵੱਸੀਂ ਸੁਲਤ਼ਾਨਾ ਦਾਏਮ ਸਾਨੂੰ ਸੁੱਖ ਨ ਕਾਈ
ਮੈਂ ਫਰਜ਼ੰਦਾਂ ਦੇ ਵਿੱਚ ਦਰਦਾਂ ਸਖ਼ਤ ਮੁਸੀਬਤ ਪਾਈ
ਸਬਰ ਮੇਰਾ ਦਰ ਸਾਹਿਬ ਵਾਲੇ ਤ਼ਲਬ ਜਿਹਦੀ ਮੈਂ ਯਾਰੀ
ਖ਼ਤਮ ਬਿਨਾਮ ਇਲਾਹੀ ਨਾਮਾ ਜਿਸਦੀ ਖ਼ਲਕ਼ਤ ਸਾਰੀ

## ਬਨੀ ਇਸਰਾਈਲ ਵਾਲਿਆਂ ਦਾ ਤੀਜੀ ਵਾਰ ਮਿਸਰ ਵਿੱਚ ਜਾਣਾ ਅਤੇ ਹਜ਼ਰਤ ਯੂਸਫ ਹੋਰਾਂ ਦਾ ਉਹਨਾਂ ਨਾਲ ਗਲ ਕਰਨਾ ਅਤੇ ਉਹਨਾਂ ਦੀ ਗ਼ਲਤੀ ਮੁਆਫ ਕਰਕੇ ਅਪਣੇ ਵਾਲਦ ਹੋਰਾਂ ਦੇ ਕਬੀਲੇ ਨੂੰ ਮਿਸਰ ਵਿੱਚ ਸੱਦ ਲੈਣਾ

ਦੇਹ ਸਾਕ਼ੀ ਇੱਕ ਜਾਮ ਬ੍ਰਿਹੋਂ ਦਾ ਗੁੱਝੀਆਂ ਰਮਜ਼ਾਂ ਵਾਲਾ
ਜਿਸ ਥੀਂ ਜਾਵਣ ਦਰਦ ਪੁਰਾਣੇ ਤੇ ਦੁੱਖ ਰਹੇ ਨਿਰਾਲਾ
ਖ਼ਤ਼ ਪਿਦਰ ਦਾ ਲੈਂਦਾ ਯੂਸਫ ਨੀਰ ਅੱਖੀਂ ਵਿੱਚ ਭਰਇਆ
ਚੁਮ ਅੱਖੀਂ ਤੇ ਰੱਖ ਪਿਆਰੋਂ ਅਦਬੋਂ ਸਿਰ ਪਰ ਧਰਇਆ
ਯੂਸਫ ਦੇ ਦਿਲ ਜੋਸ਼ ਹਿਜਰ ਦੀ ਮੌਜ ਗ਼ਮੋਂ ਵੈਹ ਚੱਲੀ
ਵਿੱਛੜਇਆਂ ਨੂੰ ਬਾਪ ਪਿਆਰੇ ਲਿੱਖ ਕਤਾਬਤ ਘੱਲ੍ਹੀ
ਬਾਪ ਮੇਰੇ ਪਰਵਾਨਾ ਘੱਲ੍ਹਇਆ ਦਰਦ ਵਛੋੜੇ ਵਾਲਾ
ਸੱਲ ਪੁਰਾਣੇ ਦੇ ਚਾ ਖ਼ੂਨੋਂ ਦਰਦ ਲਖਾਇਆ ਹਾਲਾ
ਜਾਨ ਫਰਾਕੀਂ ਘਾਇਲ ਹੋਈ ਯਾਦ ਖ਼ਤਾਂ ਵਿੱਚ ਪਾਈ
ਖੋਲ੍ਹ ਦਿਲਾ ਦੁੱਖ ਦੇਖ ਕਿਆਈ ਕਿਆ ਬਸ਼ਾਰਤ ਆਈ
ਬਾਪ ਮੇਰੇ ਨੇ ਕੀਹ ਕੁਝ ਲਿਖਇਆਂ ਦਰਦ ਮੇਰੇ ਦੀਆਂ ਆਹੀਂ
ਦਿਲ ਅਪਣੇ ਨੂੰ ਮੈਂ ਅਜ਼ਮਾਵਾਂ ਝਲ੍ਹਦਾ ਹੈ ਯਾ ਨਾਹੀਂ
ਯੂਸਫ ਖੋਲ੍ਹ ਪੜ੍ਹੇ ਖ਼ਤ਼ ਸਾਰਾ ਵਿਛੜਇਆਂ ਦਾ ਹਾਲਾ
ਹਰਫ ਪੜ੍ਹੇ ਦੋ ਘੜੀਆਂ ਸੋਚੇ ਰੋਵੇ ਕਰੇ ਕ਼ੁਸਾਲਾ

ਜਿੱਥੇ ਜਿੱਥੇ ਯੂਸਫ ਲਿਖਇਆ ਨਾਮੇ ਦੇ ਵਿਚਕਾਰੇ
ਕੜਰੇ ਖੂਨ ਦੋ ਚਸ਼ਮ ਪਿਦਰ ਦੇ ਪਏ ਡਿੱਠੇ ਇੱਥ ਸਾਰੇ
ਪਕੜ ਕ਼ਲਮ ਚਾ ਹੱਥੀਂ ਲਿਖਦਾ ਮੋੜ ਜਵਾਬ ਪਿਦਰ ਨੂੰ
ਨਾਮੇ ਝਾੜ ਨਮਕ ਤੜਫਾਇਆ ਜ਼ਖ਼ਮੀ ਪਏ ਜਿਗਰ ਨੂੰ
ਨੂਰ ਅੱਖੀਂ ਦਾ ਸਿਰ ਦੀ ਬਰਕਤ ਖ਼ਤ਼ ਨਬੀ ਦਾ ਆਇਆ
ਮੈਂ ਪੜਇਆ ਯਾ ਹਜ਼ਰਤ ਰੋ ਰੋ ਜੋ ਤੁਸਾਂ ਲਿੱਖ ਪੁਚਾਇਆ
ਅੱਖੀਂ ਥੀਂ ਤੂੰ ਦੂਰ ਨਬੀਆ ਦਿਲੋਂ ਵਿਸਾਰਾਂ ਨਾਹੀਂ
ਮੈਂ ਵਿੱਚ ਯਾਦ ਤੇਰੀ ਹਰ ਵੇਲੇ ਗ਼ਾਫਿਲ ਨਹੀਂ ਕਦਾਹੀਂ
ਨਾਮਾ ਖ਼ਤਮ ਖ਼ੁਦਾ ਦੇ ਮਾਨੋਂ ਤੇ ਪੁਰ ਜ਼ੌਕ ਸਲਾਮੋਂ
ਗੁਜ਼ਰ ਗਈ ਤੈਹਰੀਰ ਜਨਾਬੇ ਪੁਰ ਤਾਸੀਰ ਕਲਾਮੋਂ
ਨੇਕਾਂ ਅਜਰ ਇਲਾਹੋਂ ਮਿਲਦਾ ਜ਼ਾਇਆ ਮੂਲ ਨ ਜਾਵੇ
ਸਬਰ ਕਰੇ ਕੋ ਵਿੱਚ ਮੁਸੀਬਤ ਆਖਿਰ ਮਕਸਿਦ ਪਾਵੇ

## ਹਜ਼ਰਤ ਯਾਕੂਬ ਹੋਰਾਂ ਦਾ ਕਬੀਲੇ ਸਣੇ ਮਿਸਰ ਵੱਲ ਜਾਣਾ ਅਤੇ ਹਜ਼ਰਤ ਯੂਸਫ ਨਾਲ ਮੇਲ ਹੋਣਾ ਅਤੇ ਅਪਣੇ ਬਾਪ ਨੂੰ ਤਖ਼ਤ ਤੇ ਬਿਠਾਣਾ

ਨਾਕ਼ਾ ਸ਼ੋਖ਼ ਕਲਮ ਦੀ ਸ਼ੌਕੋਂ ਚਾੜ੍ਹ ਵਸਾਲ ਸਵਾਰੀ
ਚਲੋ ਗੁਲਾਮ ਰਸੂਲ ਮਿਸਰ ਨੂੰ ਬਹੈ ਵਿੱਚ ਇਸ਼ਕ ਅਮਾਰੀ
ਵਾਹ ਵਾਹ ਮਿਸਰ ਮਿਸਰ ਦੀਆਂ ਗਲੀਆਂ ਕਦਮ ਨਬੀਆਂ ਪਾਏ
ਵਿਛੜਇਆਂ ਦੇ ਮਿਸਰੇ ਅੰਦਰ ਤ਼ਾਲਿਅ ਵਸਲ ਕਰਾਏ
ਜਾਂ ਯਾਕੂਬ ਡਿੱਠਾ ਖ਼ਤ਼ ਸਾਰਾ ਸ਼ੌਕ ਲਗਾਮਾਂ ਚਾਈਆਂ
ਨਾਕਿਆਂ ਘਤ ਮੁਹਾਰਾਂ ਚੱਲੇ ਵਸਲ ਉਡੀਕਾਂ ਲਾਈਆਂ
ਪਾ ਵੈਰਾਨੀ ਵਿੱਚ ਕਨਆਨੇ ਤੁਰਇਆ ਨਬੀ ਖ਼ੁਦਾ ਦਾ
ਨਾਕਿਆਂ ਉਤੇ ਫਰਹਤ ਅੰਦਰ ਹਰ ਪੈਗ਼ਮਬਰ ਜ਼ਾਦਾ
ਪੈਗ਼ਮਬਰ ਦੇ ਦਿਲ ਵਿਚ ਖੁਸ਼ੀਆਂ ਜਿਗਰ ਛੁੱਟਾ ਅੱਜ ਕੈਦੋਂ
ਊਠਣੀਏ ਸਟ ਕਦਮ ਅਗਾੜੀ ਯੂਸਫ ਦੀ ਉਮੈਦੋਂ
ਸੁਣ ਹੋਈਆਂ ਦਿਲ ਖ਼ੂਸੀਆਂ ਤਾਜ਼ਾ ਯੂਸਫ ਸ਼ੁਕਰ ਗੁਜ਼ਾਰੇ
ਇਸਤਕਬਾਲ ਕਰੋ ਉਮਰਾਵਾਂ ਹੋ ਹੋ ਸ਼ਾਦ ਪੁਕਾਰੇ
ਆ ਤਆਜ਼ੀਮ ਕਰੇਂਦੇ ਸਜਦਾ ਪੈਗ਼ਮਬਰ ਦੇ ਤਾਈਂ
ਇਹ ਕਾਰਨ ਤਆਜ਼ੀਮੀ ਸਜਦਾ ਆਹਾ ਰਵਾ ਤਦਾਈਂ
ਪੈਗ਼ਮਬਰ ਨੇ ਜਾਂ ਯੂਸਫ ਦੀ ਖ਼ਬਰ ਸੁਣੀ ਇਕਵਾਰੀ
ਦਿਲ ਹੋ ਆਬ ਵਗੇਂਦਾ ਜਾਂਦਾ ਦੋ ਚਸ਼ਮਾਂ ਥੀਂ ਜਾਰੀ
ਆ ਮੈਹਬੂਬ ਮਿਲਾਂ ਗਲ ਰੋ ਰੋ ਜਾਵਣ ਜ਼ਖਮ ਪੁਰਾਣੇ
ਮੈਹਜੂਰਾਂ ਦੇ ਦਿਲ ਦੇ ਪੁਰਜ਼ੇ ਵੈਹ ਚਸ਼ਮਾਂ ਥੀਂ ਜਾਣੇ
ਦੂਰ ਰਿਹਾਂਦੇ ਸਬਰ ਦਿਲਾਂ ਨੂੰ ਕੱਟ ਨ ਸਕਦੇ ਵਾਟਾਂ
ਪਾਸ ਦਿਆਂ ਦੇ ਦਿਲ ਤੇ ਜਿਗਰੇ ਪਏ ਜਲਣ ਵਿੱਚ ਲਾਟਾਂ
ਦੂਰੋਂ ਸੇਕ ਲਗੇ ਪਰ ਥੋੜਾ ਫਰਕ਼ ਬੜਾ ਮੋਸੂਲੋਂ

ਪਾ ਬਾਹਾਂ ਵਿੱਚ ਗਲੇ ਮਿਲੇਂਦਿਆਂ ਜਲਦੇ ਰਖ਼ਤ ਸਮੂਲੋਂ
ਅੱਜ ਸ਼ੁਮਾਰ ਗਿਆ ਚੱਕ ਦਿਲ ਦਾ ਗਿਣਦਿਆਂ ਸਾਲ ਫਰਾਕੋਂ
ਕਰੇ ਸਬੂਰੀ ਪਵੇ ਨ ਪੂਰੀ ਪਾਸ ਢੁੱਕੇ ਮੁਸ਼ਤਾਕੋਂ
ਰੈਹਣ ਨ ਯਾਦ ਦੁੱਖਾਂ ਦੇ ਹਾਲੇ ਜਾਂ ਚਮਕੇ ਰੁਖ਼ ਨੂਰੀ
ਤੇ ਫਰਕਾਂ ਵਿੱਚ ਫਰਕ਼ ਪਵੀਂਦੇ ਦੂਰ ਚਲੀ ਹੋ ਦੂਰੀ
ਯੂਸਫ ਤੇ ਯਾਂਕੂਬ ਦੋਵੇਂ ਆਣ ਢੁੱਕੇ ਜਾਂ ਨੇੜੇ
ਗਿਰਦੇ ਖ਼ਲਕ਼ ਹਜੂਮ ਹਜ਼ਾਰਾਂ ਰਸਤੇ ਬੰਦ ਚੌਫੇਰੇ
ਯੂਸਫ ਕੈਹੰਦਾ ਖ਼ਲਕ਼ਾਂ ਤਾਈਂ ਕੌਣ ਤੁਸੀ ਹੋ ਲੋਕੋ
ਮਿਲਇਆ ਬਾਪ ਜ਼ਿਾਰਤ ਵੇਲਾ ਮੇਰਾ ਰਾਹ ਨ  ਰੋਕ
ਪਈ ਨਜ਼ਰ ਯਾਕੂਬ ਨਬੀ ਦੀ ਜਾਂ ਯੂਸਫ ਤੇ ਦੂਰੋਂ
ਅੱਖੀਂ ਦੇ ਵਿੱਚ ਸ਼ੁਅਲਾ ਰੌਸ਼ਨ ਝਲਕ ਪਿਆ ਆ ਨੂਰੋਂ
ਲੈਹ ਘੋੜੇ ਥੀਂ ਨੀਵੀਂ ਅੱਖੀਂ ਤ਼ਰਫ ਪਿਦਰ ਦੀ ਆਇਆ
ਦੂਹਾਂ ਦਿਲਾਂ ਥੀਂ ਪੈਦਲ ਹੋ ਕਿ ਫੌਜਾਂ ਦੀਦਣ ਪਾਇਆ
ਬਾਹਾਂ ਖੋਲ੍ਹ ਤੁਰੇ ਪੈਗ਼ੰਮਬਰ ਦੂਹਾਂ ਵਲਾਂ ਥੀਂ ਆਇ
ਚਾਰੇ ਚਸ਼ਮ ਦੂਹਾਂ ਪੁਰ ਅਸ਼ਕੋਂ ਵਿਛੜੇ ਰੱਬ ਮਿਲਾਇ
ਢੁੱਕ ਫ਼ਿਸ਼ਤੇ ਗਿਰਦੇ ਆਇ ਵਕ਼ਤ ਮਿਲਣ ਦੇ ਸਾਰੇ
ਬਾਪ ਪੁੱਤਰ ਦੇ ਖ਼ੁਸ਼ੀਆਂ ਅੰਦਰ ਖਾਵਣ ਜਿਗਰ ਹੁਲਾਰੇ
ਫ਼ੜ ਕਿ ਸੀਸ ਕਿਨਾਰੇ ਯੂਸਫ ਰੋਇਆ ਜ਼ਾਰੋ ਜ਼ਾਰੀ
ਅੱਧੀ ਰਾਤ ਨਬੀ ਦੇ ਤਾਈਂ ਹੋਸ਼ ਪਈ ਇਕਵਾਰੀ
ਖੋਲ੍ਹ ਨਜ਼ਰ ਪੈਗ਼ੰਮਬਰ ਡਿੱਠਾ ਯੂਸਫ ਨਜ਼ਰੀਂ ਆਇਆ
ਨੀਰ ਵਗਣ ਦੋ ਚਸ਼ਮਾਂ ਜਾਰੀ ਦੇਖ ਪਿਦਰ ਫਰਮਾਇਆ
ਐ ਫਰਜ਼ਮਦ ਸਲਾਮ ਤਿਰੇ ਪਰ ਮੇਥੀਂ ਲੱਖ ਲੱਖ ਵਾਰੀ
ਨ ਰੋ ਯੂਸਫ ਰੱਬ ਮਿਲਾਇਉਂ ਗੁਜ਼ਰ ਗਈ ਦਸ਼ਵਾਰੀ
ਗੁਜ਼ਰ ਗਈ ਜੋ ਗੁਜ਼ਰੀ ਸਿਰ ਤੇ ਹੋਇ ਦੂਰ ਕ਼ੁਸਾਲੇ
ਸਾਰੇ ਦਰਦ ਗਵਾਇ ਅੱਲਾ ਸੁੱਖ ਦਿਖਾਇ ਹਾਲੇ
ਮੇਰਾ ਰੱਬ ਕਰੇ ਜੋ ਚਾਹੇ ਤਦਬੀਰਾਂ ਦਾ ਵਾਲੀ
ਦੁੱਖ ਸੁੱਖ ਹਾਲ ਦਿਲਾਂਦਾ ਜਾਣੇ ਉਸਦੀ ਹਿਕਮਤ ਆਲੀ

## ਹਜ਼ਰਤ ਯਾਕੂਬ ਦੀ ਵਫਾਤ ਦਾ ਜ਼ਿਕਰ

ਮੁੜ ਨਾਕ਼ਾ ਧਰ ਕਦਮ ਪਛਾੜੀ ਚਲ ਵੱਲ ਦੇਸ ਪੁਰਾਣੇ
ਸਫਰੀ ਮੁੜੇ ਵਤ਼ਨ ਵੱਲ ਜਾਂਦੇ ਜਿੱਥ ਹਮੇਸ਼ ਟਿਕਾਣੇ
ਚਲ ਕੋਇਲ ਦਿਣ ਚਾਰੇ ਵਾਸਾ ਪਰਦੇਸਾਂ ਵਿੱਚ ਤਿਰਾ
ਵੈਰ ਸਹੇੜ ਨ ਦੇਸ ਪਰਾਇ ਇੱਥ ਨ ਨਿੱਤ ਵਸੇਰਾ
ਝਾਟਲਇਆਂ ਵਿੱਚ ਰੁੱਖਾਂ ਦੋ ਦਿਣ ਮਾਣ ਲਈਆਂ ਤੁਧ ਛਾਂਵਾਂ
ਖੋਲ੍ਹ ਅੱਖੀਂ ਮੁੜ ਦੇਖ ਚੌਫੇਰੇ ਵਸਦਾ ਜਗਤ ਨਥਾਵਾਂ
ਨਹੀਂ ਵਫਾ ਵਿੱਚ ਬਾਦ ਬਹਾਰੀ ਪਈਆਂ ਜਗਤ ਪੁਕਾਰਾਂ
ਸਦਾ ਨ ਬਾਗੀਂ ਬੁਲਬੁਲ ਬੋਲੇ ਸਦਾ ਨ ਬਾਗ਼ ਬਹਾਰਾਂ

ਤੁੰਦ ਨਦੀ ਪੁਰਠਾਠ ਗ਼ਮਾਂ ਥੀਂ ਵੈਹੰਦੀ ਨਜ਼ਰ ਨ ਆਵੇ
ਮਤ ਘਤ ਪੈਰ ਵਿੱਚੇ ਮਨਤਾਰੂ ਤੈਂ ਮਤ ਰੋਹੜ ਲੈ ਜਾਵੇ
ਇਹ ਦੁਣੀਆ ਦਿਣ ਕਾਈ ਵਾਸਾ ਇਹ ਖ਼ੁਸ਼ੀਆਂ ਗ਼ਮ ਸਾਰੇ
ਇਹ ਗ਼ਫਲਤ ਦੇ ਹਾਲ ਮਲਾਲੇ ਗੁਜ਼ਰ ਚਲਣ ਦਮ ਚਾਰੇ
ਭੁਲ੍ਹ ਗਿਉਂ ਇੱਥ ਜਾਣਾ ਅੱਗੇ ਕਿਸ ਥੀਂ ਹੈ ਵਰਤਾਰਾ
ਹੁਣ ਤੂੰ ਨਾਲ ਕਿਹਦੇ ਬੈਹ ਰੁਝੋਂ ਵਕਤ ਗਿਆ ਈ ਸਾਰਾ
ਜਿਸਦੇ ਨਾਲ ਕਦੀਮੀ ਵਾਸਾ ਉਸਦੇ ਜੇਡ ਨ ਕਾਈ
ਦੋ ਦਮ ਗ਼ਫਲਤ ਵਾਲੇ ਤਿਰੇ ਪਾਵਣ ਜੁਗ ਜੁਦਾਈ
ਪਛਤਾਵਾ ਮੁੜ ਕਮ ਨ ਆਵੇ ਛੋੜ ਗਿਉਂ ਜਾਂ ਵਾਸੋਂ
ਕੌਣ ਕੋਈ ਤੂੰ ਕੇਡ ਦਲਾਵਰ ਭੁੱਲ੍ਹ ਗਿਉਂ ਕਿਤ ਆਸੋਂ
ਨਾ ਮਰ ਗਿਉਂ ਗੁਲਾਮ ਰਸੂਲਾ ਘੁਲ੍ਹ ਹੋ ਆਬ ਹਯਾਇ
ੜਅਨੇ ਝਿੜਕਾਂ ਤੈਂ ਸਿਰ ਭਾਰੇ ਸੰਗ ਹੋਵੇ ਢਲ੍ਹ ਜਾਇ
ਤਿਰਾ ਕਾਰ ਗੁਜ਼ਾਰੀਆਂ ਵੇਲਾ ਮਾਲਿਕ ਦੇ ਦਰਬਾਰੇ
ਦੇਖ ਸਈਆਂ ਮਨ ਭਾਣੀਆਂ ਸ਼ੈਹ ਦੇ ਜਿਹਨਾਂ ਕਾਰ ਗੁਜ਼ਾਰੇ
ਹਾਰ ਨ ਹੋਸ਼ ਦੋਵੇਂ ਇਥ ਫਰਕੇ ਇਕ ਜਿੱਤੇ ਇਕ ਹਾਰੇ
ਸਭ ਦੁਨੀਆ ਦੇ ਵਿੱਚ ਬਾਜ਼ਾਰੇ ਅਮਲਾਂ ਦੇ ਵਣਜਾਰੇ
ਤੇ ਦੁਣੀਆਂ ਵਿੱਚ ਰੈਹਣ ਹਮੇਸ਼ਾ ਕਿਸੇ ਨ ਮੱਲਇਆ ਮੂਲੇ
ਵਲੀਆਂ ਸ਼ੈਖ਼ ਨਬੀਆਂ ਹੁਕਮੋਂ ਕਬਰੀਂ ਫਰਸ਼ ਕਬੂਲੇ
ਉਹ ਇਕ ਹਰਫ ਮੁਹਬੱਤ ਵਾਲਾ ਰਕ਼ਮ ਦਿਲੇ ਜੇ ਜਾਵੇ
ਅਣ ਮੰਗਇਆ ਸੋ ਮਕਸਿਦ ਪਾਵੇ ਅਜੇ ਬੁਲੰਦ ਦਸਾਵੇ
©
ਹੁਕਮ ਹੋਇਆ ਜਾ ਜਬਰਾਈਲਾ ਪਾਸ ਨਬੀ ਕਨਆਨੀ
ਦੇਹ ਖ਼ਬਰਾਂ ਦਿਣ ਨੇੜੇ ਆਇ ਛੋੜ ਵਸੇਵਾਂ ਫਾਨੀ
ਜਬਰਾਈਲ ਪੈਗ਼ਾਮ ਲਿਆਇਆ ਆਨ ਸਲਾਮ ਸੁਨਾਇਆ
ਜੋ ਜੋ ਹੁਕਮ ਜਨਾਬੋਂ ਆਇਆ ਕਰ ਜ਼ਾਹਿਰ ਫਰਮਾਇਆ
ਚੱਲ ਪੈਗ਼ਾਮ ਜਨਾਬੋਂ ਆਇਆ ਦੁਣੀਆ ਛੋੜ ਨਕਾਰੀ
ਚੱਲ ਵੱਲ ਵਸਲ ਮਲੇਂਦੀਆਂ ਆਸਾਂ ਹੁਕਮ ਹੋਇਆ ਗ਼ੱਫਾਰੀ
ਸੁਣ ਯਾਕੂਬ ਤਿਆਰੀ ਕੀਤੀ ਦਿਲ ਦੇ ਕਸਦ ਉਠਾਏ
ਵਾਟ ਲੱਮੀਂ ਦਿਲ ਤਾਂਘਾਂ ਲਾਈਆਂ ਸ਼ੌਕ ਵਸਲ ਸਿਰ ਚਾਇ
ਬਸ ਗਈ ਹੋ ਰੋਜ਼ੀ ਮੇਰੀ ਦੁਣੀਆ ਦੇ ਦਰਬਾਰੋਂ
ਕਦਮੋਂ ਦਮੋਂ ਨਖੁੱਟੇ ਜਾਂਦੇ ਨਕਸ਼ ਅਨਾਸਰ ਚਾਰੋਂ
ਹੁਣ ਫਰਜ਼ੰਦਾ ਤੇਰੇ ਕੋਲੋਂ ਮੈਂ ਰੁਖ਼ਸਤ ਹੋ ਚੱਲਇਆ
ਕਾਰ ਗੁਜ਼ਾਰ ਕਜ਼ਾ ਕਦਰ ਦੇ ਲਿਖ ਪਰਵਾਨਾ ਘੱਲਇਆ
ਤੂੰ ਫਰਜ਼ੰਦਾ ਦਾਇਮ ਵੱਸੇਂ ਜਨਤ ਦੇ ਗੁਲਜ਼ਾਰੀਂ
ਦਿਣ ਕਾਈ ਹੁਣ ਪਿਆ ਵਛੋੜਾ ਦਿਲ ਥੀਂ ਨਈਂ ਵਸਾਰੀਂ
ਸੁਣ ਵਿੱਚ ਸਾਂਗ ਕਲੈਜੇ ਵੱਜੀ ਯੂਸਫ ਨੂੰ ਯੱਕ ਬਾਰੀ
ਗ਼ਸ਼ ਖਾ ਪਿਆ ਤੜਾਕ ਜ਼ਮੀਂ ਤੇ ਹੋਸ਼ ਗਈ ਭੁੱਲ੍ਹ ਸਾਰੀ
ਸੁਰਤ ਪਈ ਜਾਂ ਸਾਇਤ ਪਿੱਛੇ ਚਸ਼ਮ ਰਹੇ ਦੋ ਜਾਰੀ

ਤੇਰੇ ਬਾਝੋਂ ਹਾਲ ਅਸਾਂ ਤੇ ਕੌਣ ਕਰੇ ਗ਼ਮਖ਼ਾਰੀ
ਕਹੇ ਨਬੀ ਤੂੰ ਨ ਰੋ ਯੂਸਫ ਜਾਂਦੀ ਦੁਣੀ ਵਿਹਾਂਦੀ
ਜੋ ਆਇਆ ਦਮ ਕਾਈ ਵੱਸਿਆ ਉਮਰ ਹਮੇਸ਼ ਨ ਆਂਦੀ
ਯੂਸਫ ਅਰਜ਼ ਕਰੇ ਮੈਂ ਤੈਨੂੰ ਮਿਲਾਂ ਅੱਗੇ ਯਾ ਨਾਹੀਂ
ਨਬੀ ਕਹੇ ਹਰ ਮੋਮਿਣ ਤਾਈਂ ਮੋਮਿਨ ਮਿਲੇ ਅਗਆਹੀਂ
ਹੁਕਮ ਖ਼ੁਦਾ ਦਾ ਸਿਰ ਤੇ ਮੱਨੀਂ ਉਸਨੂੰ ਨਈਂ ਭੁਲਾਵੀਂ
ਹਾਜਤ ਤ਼ਲਬ ਸਵਾਲ ਜੁਦਾਈਂ ਉਸਨੂੰ ਅਰਜ਼ ਸੁਨਾਵੀਂ
ਇਹ ਗੱਲ ਕੈਹ ਮੰਗਵਾਈ ਨਾਕ਼ਾ ਕੀਤੀ ਤੁਰਤ ਤਿਆਰੀ
ਲੈ ਚੱਲ ਮੈਨੂੰ ਵਿੱਚ ਕਨਯਾਨੇ ਹੁਕਮ ਗਿਆ ਹੋ ਜਾਰੀ
ਇਸ ਦੁਣੀਆਂ ਵਿੱਚ ਆਵਣ ਜਾਵਣ ਰਿਹਆ ਤ਼ਰੀਕਾ ਜਾਰੀ
ਆਖ਼ਿਰ ਹਸਰਤ ਤੇ ਪਛਤਾਵਾ ਇਸ ਬਿਜ਼ਾਇਤ ਸਾਰੀ

## ਹਜ਼ਰਤ ਯੂਸਫ ਹੋਰਾਂ ਦੇ ਸੁਵਰਗਬਾਸ਼ ਹੋਣ ਦਾ ਜ਼ਿਕਰ

ਮੁਦੱਤ ਕੁਝ ਪਿਦਰ ਦੇ ਪਿੱਛੇ ਯੂਸਫ ਹੁਕਮ ਚਲਾਇਆ
ਸ਼ੌਕ ਲਕ਼ਾ ਦਿਲੇ ਵਿੱਚ ਆਇਆ ਉਠ ਕਰਾਰ ਸਧਾਇਆ
ਧਰਤ ਅਕਾਸ਼ ਬਨਾਵਣ ਵਾਲੇ ਐ ਸ਼ਾਹਾਂ ਦੇ ਸ਼ਾਹਾ
ਵਾਲੀ ਮੇਰਾ ਅੱਵਲ ਆਖ਼ਰ ਤੂੰ ਹੈਂ ਪਾਕ ਇਲਾਹਾ
ਵਕ਼ਤ ਨਜ਼ਆ ਦਾ ਹਾਜ਼ਿਰ ਹੋਇਆ ਆਣ ਜ਼ੁਲੈਖ਼ਾ ਤਾਈਂ
ਬੌਹਤ ਖ਼ੁਸ਼ੀ ਗ਼ਮ ਥੋੜਾ ਦਿਲ ਤੇ ਮੱਥੇ ਨਕਸ਼ ਰਜ਼ਾਈਂ
ਯੂਸਫ ਦਾ ਇੱਕ ਦਰਦ ਵਛੋੜਾ ਦਾਗ਼ ਜਿਗਰ ਲੈ ਚੱਲੀ
ਐ ਮੈਹਬੂਬ ਤਿਰੀ ਮੈਂ ਬੰਦੀ ਤੇਥੀਂ ਰਹੀ ਅਕੱਲੀ
ਐ ਯੂਸਫ ਕਰੁਬਾਣ ਗਈ ਮੈਂ ਨੂਰ ਤਿਰੇ ਦੀਦਾਰੋਂ
ਸਿਦਕ ਨਿਭਾ ਚੱਲੀ ਮੈਂ ਪੂਰਾ ਤੇਰੇ ਇਸ਼ਕ ਪਿਆਰੋਂ
ਤ਼ਿਫਲੀ ਵਕਤ ਲਗਇਆਂ ਤੇਥੀਂ ਦਮ ਆਖ਼ਿਰ ਅੱਜ ਮੇਰਾ
ਇਸ਼ਕ ਤਿਰੇ ਦਾ ਵਿੱਚ ਜਿਗਰ ਦੇ ਗ਼ਾਲਿਬ ਘੁਮਣ ਘੇਰਾ
ਜਿਤ ਵੱਲ ਤੂੰ ਉਤੇ ਵੱਲ ਮੇਰਾ ਦਿਲ ਨੂੰ ਤ਼ਲਬ ਵਸੇਰਾ
ਇਧਰ ਉਧਰ ਦੂਹੀਂ ਜਹਾਨੀਂ ਮੈਂ ਤੇਰੀ ਤੂੰ ਮੇਰਾ
ਝਬਦੇ ਮਿਲੀਂ ਵਸਾਰੀਂ ਨਾਹੀਂ ਆਵੀਂ ਮੰਗ ਦੁਆਈਂ
ਤੇ ਮੈਹਬੂਬ ਕ਼ਦਮ ਦਾ ਦਿਲ ਵਿੱਚ ਗ਼ਾਲਿਬ ਸ਼ੌਕ ਅਸਾਂਈਂ
ਦੇਖ ਬੰਦੀ ਰੋ ਅਰਜ਼ਾਂ ਕਰਦੀ ਬਰਦੀ ਤਿਰੇ ਘਰ ਦੀ
ਮੱਨ ਸਲਾਮ ਵਿਦਆ ਦਾ ਮੇਰਾ ਤੂੰ ਹੈਂ ਮੇਰਾ ਦਰਦੀ
ਕੈਹ ਕਲਮਾ ਜਾ ਵੜੀ ਬਹਿਸ਼ਤੇ ਰੋ ਯੂਸਫ ਦਫਨਾਈ
ਯੂਸਫ ਦੇ ਦਿਲ ਬਾਝ ਜ਼ੁਲੈਖ਼ਾ ਰਹਿਆ ਕਰਾਰ ਨ ਕਾਈ
ਚਾਲ੍ਹੀ ਰੋਜ਼ ਰਿਆ ਵਿੱਚ ਗ਼ਮ ਦੇ ਹਾਲ ਫਿਰਾਕ ਅਵਿਹਾ
ਜਬਰਾਈ ਸਲਾਮ ਲਿਆਇਆ ਆਂਦਸ ਮਰਗ ਸੁਨਿਹਾ
ਇਫਰਾਹੀਮ ਸਦਾਇਆ ਯੂਸਫ ਗਲ ਵਿੱਚ ਲੈ ਫਰਮਾਇਆ
ਐ ਫਰਜ਼ੰਦਾ ਮਰਨੇ ਵੇਲਾ ਅੱਜ ਮੇਰੇ  ਪਰ ਆਇਆ

ਦੁਣੀਆ ਵਿੱਚੋਂ ਦਾਣਾ ਪਾਣੀ ਚੁੱਕ ਗਿਆ ਅੱਜ ਮੇਰਾ
ਰਹੋ ਤੁਸੀ ਵਿੱਚ ਹੁਕਮ ਇਲਾਹੀ ਪਾਸੋ ਫਜ਼ਲ ਬਥੇਰਾ
ਤਨ ਭਰੇ ਦਾਹ ਇਹ ਗੱਲ ਕੈਹ ਕਿ ਬਦਨ ਗਿਆ ਰੈਹ ਖ਼ਾਲੀ
ਨਿੱਕਲ ਰੂਹ ਗਈ ਵਿੱਚ ਜਨਤ ਹੁਕਮ ਖ਼ੁਦਾ ਦਾ ਆਲੀ
ਚਾਲ੍ਹੀ ਰੋਜ਼ ਰਹੇ ਸਭ ਰੋਂਦੇ ਮੁਸਲਿਮ ਵਿੱਚ ਵਛੋੜੇ
ਯੂਸਫ ਵੱਲੋਂ ਜ਼ਰਬ ਹਿਜਰ ਦੇ ਜ਼ਖ਼ਮ ਨ ਹੋਵਣ ਥੋੜੇ
ਆਖ਼ਿਰ ਸਬਰ ਦਿਲਾਂ ਨੂੰ ਆਇ ਦੂਣੀਆ ਹੈ ਦਿਣ ਕਾਈ
ਵਾਰੋ ਵਾਰ ਸੱਭਾਂ ਦੇ ਸਿਰ ਤੇ ਹਾਲਿਤ ਇਹ ਵਿਹਾਈ
ਰੈਹੰਦਿਆਂ ਸਿਰੀਂ ਵਿਹਾਂਦੀ ਜਾਂਦੀ ਆਵੰਦਇਆਂ ਤੇ ਝੁਲ੍ਹਸੀ
ਖੋਟਾ ਖਰਾ ਤੇ ਜੱਯੀਦ ਰੱਦੀ ਇਸ ਤਰਾਜੂ ਤੁੱਲ੍ਹਸੀ
ਦੁਣੀਆਂ ਦੋ ਦਮ ਖ਼ਾਬ ਖਿਆਲੋਂ ਦਾਮਣ ਭਰੇ ਵਬਾਲੋਂ
ਤੁੰਦ ਸ਼ਰਾਬ ਅਜ਼ਲ ਦੀ ਤਲਖ਼ੀ ਰਲੇ ਹਰਾਮ ਹਲਾਲੋਂ
ਇੱਕ ਆਵੇ ਆ ਹੁਕਮ ਜਗਾਵੇ ਛੋੜ ਅਮੀਦਾਂ ਜਾਵੇ
ਇਅਦੂੰ ਜ਼ਾਲਿਮ ਝਾਕਾਂ ਲਾਵੇ ਪਾਵੇ ਛੋੜ ਸਧਾਵੇ
ਦੋ ਦਰਵਾਜ਼ੇ ਜਾਰੀ ਇਸਦੇ ਰੈਹਣ ਹਮੇਸ਼ਾ ਖੁੱਲ੍ਹੇ
ਆਇ ਬੌਹਤ ਗਏ ਛੱਡ ਉੜਕ ਦੂਹੰਾਂ ਦਮਾਂ ਵਿੱਚ ਭੁਲ੍ਹੇ
ਇਹ ਦੁਣੀਆਂ ਹੈ ਜਾਦੂ ਖ਼ਾਨਾ ਵਲ ਛਲ ਨਾਲ ਭੁਲਾਵੇ
ਦਿਲ ਲਾਵੇ ਵਿੱਚ ਇਸਦੇ ਗ਼ਾਫਿਲ ਜਾਵਣ ਯਾਦ ਨ ਆਵੇ
ਯੂਸਫ ਜਈਆਂ ਸ਼ਕਲਾਂ ਆਇਆਂ ਇਹ ਘਰ ਛੋੜ ਸਧਾਈਆਂ
ਸੁਲਤ਼ਾਨਾਂ ਦੀਆਂ ਤੇਗ਼ਾਂ ਖ਼ੂਨੀ ਗਈਆਂ ਖ਼ੂਨ ਡੁਬਾਈਆਂ
ਅਫਸਰ ਤਖ਼ਤ ਮੁਅੱਲਾ ਵਾਲੇ ਸ਼ਾਹ ਸੁਲੇਮਾਂ ਜਿਣਹੇ
ਛੋੜ ਹਕੂਮਤ ਤਖ਼ਤ ਸਧਾਇ ਘੱਲ੍ਹੇ ਮਰਗ ਸੁਨੇਹੇ
ਲਾਖ ਕਰੋੜੀਂ ਆਸਾਂ ਧਰਦੇ ਤੋੜ ਗਏ ਸਭ ਤਾਣੇ
ਵੱਡੇ ਨੱਕ ਰੱਖੇਂਦੇ ਜਿਹੜੇ ਪੌਹਤੇ ਆਣ ਟਿਕਾਣੇ
ਨੀਵੀਂ ਊਚੀ ਗਰਦਣ ਵਾਲੇ ਕ਼ਬਰੀਂ ਗਰਦ ਕਰਾਇ
ਜ਼ੋਰਵਰਾਂ ਦੇ ਖ਼ੂਨੀ ਬਾਜ਼ੂ ਊਡਣ ਗ਼ੁਬਾਰ ਹਵਾਇ
ਕੰਡੇ ਤੇ ਗੁਲਜ਼ਾਰਾਂ ਹਰੀਆਂ ਹੋ ਹੋ ਖ਼ਾਕ ਸਮਾਈਆਂ
ਉਹ ਭੀ ਗਇ ਜਿਹਨਾਂ ਨੂੰ ਕੈਹੰਦੇ ਮਰਦ ਜਣੇ ਧੱਨ ਮਾਈਆਂ
ਮਾਈਆਂ ਜਾਇ ਇਥੇ ਆਇ ਛੋੜ ਗ਼ਰੂਰ ਸਧਾਇ
ਵਾਂਗ ਗੁਲਾ ਰੁਖ਼ ਨਾਜਿਕ ਜਿਹੇ ਝੜ ਵਿੱਚ ਖ਼ਾਕ ਸਮਾਇ
ਚਿੱਟੇ ਦੰਦ ਚੰਬੇ ਦੀਆਂ ਕਲੀਆਂ ਇੱਕ ਇੱਕ ਝੜੇ ਦਹਾਣੋਂ
ਕ਼ਾਤਿਲ ਚਸ਼ਮ ਕ੍ਰਿਸ਼ਮਇਆਂ ਵਾਲੀ ਰਹਈ ਨ ਨਾਮ ਨਸ਼ਾਨੋਂ
ਵਿੰਗੇ ਅਬਰੂ ਨਾਜ਼ ਕਮਾਨਾਂ ਰੰਗ ਝੜੇ ਬੰਦ ਟੁੱਟੇ
ਲਆਲ ਦਮਕਦੇ ਰੋਸ਼ਨ ਚੈਹਰੇ ਮਰਗ ਪਈ ਸੱਭ ਲੁੱਟੇ
ਨਾਜ਼ੁਕ ਬਦਨ ਗੁਲਾ ਦੇ ਦਸਤੇ ਖ਼ਾਕੋਂ ਬਾਹਿਰ ਆਇ
ਨਿੱਕੇ ਨਿੱਕੇ ਕਰ ਫ਼ੇਰ ਖ਼ਜ਼ਾਂ ਨੇ ਤੋੜ ਜ਼ਮੀਣ ਰਲਾਇ
ਸ਼ੈ ਮਜ਼ਕੂਰ ਨਹੀਂ ਸੀ ਕਾਈ ਪਿਛਲੇ ਵਿੱਚ ਜ਼ਮਾਨੇ
ਆਖ਼ਿਰ ਖ਼ਆਬ ਖ਼ਿਆਲ ਛੁੜੇਸੀ ਵੜਸੀ ਜਦਾਂ ਮਕਾਨੇ

ਦੋ ਤ਼ਰਫਾਂ ਵਿੱਚ ਇਹ ਕੁਝ ਹਾਲਾ ਵਿੱਚ ਕਜ਼ੀਯੇ ਸੱਭੇ
ਇਹ ਗ਼ਾਫਿਲ ਦਿਲ ਸੁਫਣੇ ਅੰਦਰ ਦੌੜ ਮੁਰਾਦਾਂ ਲੱਭੇ
ਹੋ ਬੇਦਾਰ ਰਹੀਂ ਪਛਤਾਇਆ ਫੇਰ ਨ ਆਵਗ ਵਾਰੀ
ਪਾ ਵੇਲਾ ਮਤ ਔਗਤ ਜਾਵੇਂ ਕੱਮ ਕੱਢੇ ਹੋਸ਼ਇਆਰੀ
ਜੀਉਂ ਸੁਫਣੇ ਕਿਸੇ ਸ਼ਾਹੀ ਪਾਈ ਚਸ਼ਮ ਖੁਲ੍ਹੀ ਹੱਥ ਖ਼ਾਲੀ
ਐਵੇਂ ਨਾਲ ਤਿਰੇ ਤੱਕ ਐ ਦਿਲ ਨਿਸਬਤ ਦੁਣੀਆਂ ਵਾਲੀ
ਐ ਬੁਜ਼ਦਿਲ ਤੂੰ ਕਿਸ ਦੁੱਖ ਕਾਰਨ ਰੋਵੇਂ ਕਰ ਕਰ ਆਹੀਂ
ਸੁਫਣੈ ਦਾ ਬਘਇਆੜ ਨ ਛੋੜੇ ਜਾਂ ਲੱਗ ਜਾਗੇਂ ਨਾਹੀਂ
ਨੀਂਦੋਂ ਜਾਗ ਤਿਰੇ ਦੁੱਖ ਜਾਵਣ ਸੁਤਇਆ ਦੁੱਖੀਂ ਲੁੱਟਆਿ
ਤੂੰ ਵਿੱਚ ਖ਼ਆਬ ਅਣਵੱਗੀਆਂ ਤੇਗ਼ਾਂ ਕਿਉਂ ਗਾਇਲ ਕਰ ਸੁੱਟਆਿ
ਛੋੜ ਦਿਲਾ ਦਿਲ ਜਿਤਵੱਲ ਮਾਇਲ ਹਰ ਹਰ ਤ਼ਲਬ ਉਹਾਈ
ਗ਼ਾਫਿਲ ਪਾਸ ਪੜਹੇਂ ਸੌ ਦਫਤਰ ਨਫਆ ਨਈਉਂ ਕਾਈ
ਆਲਮਪੂਰੀ ਗ਼ੁਲਾਮ ਰਸੂਲਾ ਤੇਰੀਆਂ ਅਰਜ਼ ਦੁਆਈਂ
ਜੇ ਵੱਲ ਫਜ਼ਲ ਵਗਣ ਦਿਣ ਰਾਤੀਂ ਸੌ ਖ਼ੁਸ਼ੀਆਂ ਤੁਧੁ ਤਾਈਂ
ਕਰਾਂ ਨਿਗਾਹ ਢਲੇ ਦਿਲ ਦਰਦੀਂ ਪੱਲੇ ਅਮਲ ਨ ਕਾਈ
ਬਾਝੋਂ ਫਜ਼ਲ ਟਿਕਾਣਾ ਨਾਹੀਂ ਮੈਂ ਦਿਲ ਤ਼ਲਬ ਇਹਾਈ
ਮੁਹਰ ਅਜ਼ਲ ਜੈਂ ਦਿਲੀਂ ਗ਼ਜ਼ਬ ਦੀ ਉਹਨਾਂ ਅਸਰ ਨ ਕਾਈ
ਹਾਦੀ ਆਪ ਦਿਲਾਂਦਾ ਅੱਲਾ ਖ਼ਬਰ ਕਦੀਮੋਂ ਆਈ
ਬਿਸਮ ਅੱਲਾ ਥੀਂ ਸ਼ੂਰੂਅ ਹੋਇਆ ਈ ਖ਼ਤਮ ਖ਼ੁਦਾ ਦੇ ਨਾਮੋਂ
ਨਾਲ ਤੁਫੈਲ ਨਬੀ ਦੇ ਯਾ ਰੱਬ ਨੂਰ ਮਿਲੇ ਇਸਲਾਮੋਂ

***

# ਚਿੱਠੀਆਂ

----(1)----

ਨਦੀਉਂ ਪਾਰ ਵੱਗ ਚਿੱਠੀਏ ਲਈਂ ਖਲਬਰਾਂ ਕਿਹੇ ਪਇ ਮੁਆਮਲੇ ਦਰਦ ਵਾਲੇ
ਸਾਡੇ ਨੈਣ ਵੁੱਛਨੜੇ ਰੱਤ ਭਿੰਨੇ ਲੈਹਰਾਂ ਮਾਰ ਵਗਾਵੰਦੇ ਨਦੀ ਨਾਲੇ
ਨਦੀਉਂ ਪਾਰ ਵਸੇਂਦਿਆ ਸਜਣਾ ਓ ਤੇਰੀਆਂ ਉਲਫਤਾਂ ਦੇ ਡਿੱਠੇ ਅਜਬ ਚਾਲੇ
ਤੇਰੇ ਦਰਦ ਫਰਾਕ ਦੀਆਂ ਸ਼ੋਰਸ਼ਾਂ ਨੇਂ ਤਰਸੇਂਦੜੇ ਨੈਣ ਵਿੱਚ ਨੀਰ ਗਾਲੇ
ਅੱਖੀਂ ਤੱਕਦਿਆਂ ਤੱਕਦਿਆਂ ਪੱਕ ਰਹੀਆਂ ਵਗਦੀ ਪੋਟਲੀ ਦਾਰੂਉਂ ਰੰਗ ਢਾਲੇ
ਨੈਣਾਂ ਮੇਰੇਇਆਂ ਵਆਦੇ ਪਰੀਤ ਵਾਲੇ ਚੰਗੀਆਂ ਘੂੜੀਆਂ ਲਾਲੀਆਂ ਨਾਲ ਪਾਲੇ
ਤੇਰਾ ਖ਼ਤ ਆਇਆ ਲਾਟਾਂ ਮਾਰਦਾ ਉ ਸਾਡੇ ਜਿਗਰ ਅੰਦਰ ਪਾਂਦਾ ਗਿਆ ਛਾਲੇ
ਵਾਹ ਵਾਹ ਝੂਠਿਆਂ ਵਆਦਿਆਂ ਤੇਰਿਆਂ ਨੇਂ ਲਾਂਬੂ ਵਿੱਚ ਕਲੈਜੜੇ ਖੂਬ ਬਾਲੇ
ਸਾਨੂੰ ਰਈ ਉਡੀਕ ਨਿੱਤ ਆਵਣੇ ਦੀ ਅਣਤ ਆਸ ਟੁੱਟੀ ਗਿਆ ਚਆ ਨਾਲੇ
ਰੁੱਤਾਂ ਬਦਲੀਆਂ ਤੇ ਮੋਸਮ ਹੋਰ ਆਇ ਧੁੱਪਾਂ ਗੁਜ਼ਰੀਆਂ ਤੇ ਲੱਗੇ ਪੌਣ ਪਾਲੇ
ਅਸੀ ਸਰਦੀਆਂ ਗਰਮੀਆਂ ਚੱਖ ਗੁਜ਼ਰੇ ਦੁੱਖ ਸੁੱਖ ਵਾਲੇ ਰੋ ਰੋ ਵਕਤ ਜਾਲੇ
ਅਸਾਂ ਖੋਲ੍ਹ ਸੁਹਾਗ ਦੀਆਂ ਪੱਟੀਆਂ ਨੂੰ ਜਟਾਂ ਧਾਰੀਆਂ ਵਾਂਗ ਗਲ ਵਾਲ ਡਾਲੇ
ਵਾਹ ਵਾਹ ਰੰਗ ਸੁਹਾਗ ਪਰੀਤ ਦੇ ਦਾ ਕੁਝ ਪੈਰ ਨੀਲੇ ਕੁਝ ਹੱਥ ਕਾਲੇ
ਸੋਹਣ ਯਾਰੀਆਂ ਨਾਲ ਖ਼ਵਾਰੀਆਂ ਦੇ ਵੱਗਇਆ ਤੀਰ ਤਕਦੀਰ ਦਾ ਕੌਣ ਟਾਲੇ

----(2)----

ਰੋ ਰੋ ਲਿੱਖੀਏ ਚਿੱਠੀਏ ਦਰਦ ਭਰੀਏ ਪਤਾ ਲਈਂ ਪਰਦੇਸ ਦੇ ਵਾਸੀਆਂ ਦਾ
ਫ਼ੇਰਾ ਘੱਤ ਪੁਰਾਨਿਆਂ ਸਜਣਾ ਤੇ ਚੱਲ ਪੁਛ ਲੇ ਹਾਲ ਉਦਾਸੀਆਂ ਦਾ
ਇੱਕ ਹਾਲ ਪਇ ਸੜਦੇ ਕਾਲਜੇ ਨੇਂ ਸੜਣਾ ਰੋਟੀਆਂ ਜਿਵੇਂ ਇਕਵਾਸੀਆਂ ਦਾ
ਲੈ ਜਾ ਸੁੱਖ ਸਨੇਹੋੜਾ ਦੁੱਖ ਵਾਲਾ ਅੱਖੀਂ ਰੋਂਦੀਆਂ ਦੀਦ ਪਿਆਸੀਆਂ ਦਾ
ਝੂਠੇ ਐਹਿਦ ਪਿਮਾਨ ਲਖੇਂਦਿਆਂ ਨੂੰ ਕਹੀਂ ਸਾਮਣੇ ਹਾਲ ਨਿਰਾਸੀਆਂ ਦਾ
ਪੈਂਡੇ ਮੁੱਕ ਦੇ ਨਈਂ ਫਰਾਕ਼ ਵਾਲੇ ਦਿਲ ਹੋ ਗਿਆ ਬੈਲ ਖ਼ਰਾਸੀਆਂ ਦਾ
ਛੁੱਟਾ ਬੇਟ ਤੈਂ ਥੀਂ ਧਰਇਆ ਪੇਟ ਅੱਗੇ ਲੱਭਾ ਮਾਲਵਾ ਬਿੱਲ ਸਨਯਾਸੀਆਂ ਦਾ
ਤੈਂ ਥੀਂ ਵਿਛੜੇ ਅਸੀਂ ਤੂੰ ਗਿਆ ਸਾਥੋਂ ਘਾਟਾ ਦੂਹਾਂ ਨੂੰ ਪਿਆ ਛਿਆਸੀਆਂ ਦਾ
ਬੈਠੋਂ ਤੋੜ ਪਰੀਤ ਦਿਆਂ ਰਿਸ਼ਤਿਆਂ ਨੂੰ ਗਿਆ ਅਸਰ ਪੁਰਾਨਿਆਂ ਘਾਸੀਆਂ ਦਾ
ਸਾਡੀ ਜ਼ਲਜ਼ਲਾ ਨਾਕ ਫਰਯਾਦ ਦਿਲ ਦੀ ਜਾਤਾ ਤੁਸਾਂ ਕਿਲਯਾਣ ਮਰਾਸੀਆਂ ਦਾ
ਬੇ ਦਰਦ ਕੀਹ ਦਰਦ ਦੀ ਸਾਰ ਜਾਨਣ ਮਾਵਾਂ ਮਾਰਿਆਂ ਫਿਕਰ ਕੀਹ ਮਾਸੀਆਂ ਦਾ
ਜਿਹਨਾਂ ਦਰਦ ਦੀਆਂ ਲੱਜ਼ਤਾਂ ਚੱਖੀਆਂ ਨੇਂ ਨਹੀਂ ਉਹਨਾਂ ਨੂੰ ਚਾਉ ਖਲਾਸੀਆਂ ਦਾ

----(3)----

ਸਾਨੂੰ ਰਹੀ ਉਡੀਕ ਤੂੰ ਨ ਆਇਆ ਅਸਾਂ ਬੌਹਤ ਮੁਸੀਬਤਾਂ ਝੱਲ੍ਹੀਆਂ ਓ

ਆਹੀਂ ਦਰਦ ਭਰੀਆਂ ਸਾਡੇ ਕਾਲਜੇ ਥੀਂ ਤਿਰੇ ਮਾਲਵੇ ਤੇ ਚੜ੍ਹ ਚੱਲੀਆਂ ਓ
ਬੇਵੱਸ ਦਿਲ ਦਰਦ ਲੁਟਾਰੀਆਂ ਦਾ ਆਹੀਂ ਜਾਂਦੀਆਂ ਨਹੀਂ ਹੁਣ ਠੱਲੀਆਂ ਓ
ਇਨਤਜ਼ਾਰ ਦੇ ਦਰਦ ਦੀਆਂ ਤੇਜ਼ ਨੋਕਾਂ ਸਾਡੇ ਨੈਣਾਂ ਦੀਆਂ ਧੀਰੀਆਂ ਸੱਲੀਆਂ ਓ
ਅਸੀਂ ਵਾਂਗ ਪਰਦੇਸੀਆਂ ਦੇਸ ਅੰਦਰ ਕਿਹੜੇ ਦੇਸ ਤੁਸਾਂ ਕੋਟਾਂ ਮੱਲੀਆਂ ਓ
ਮੁੜ ਬੌਹੜ ਪਰਦੇਸੀਆ ਮਿਰੇਆ ਓ ਤੇਰੇ ਬਾਝ ਨ ਅਸਾਂ ਤੱਸਲੀਆਂ ਓ
ਬਾਹਾਂ ਮੇਲ ਮਿਲ ਜਾ ਦੁੱਖ ਜਾਣ ਮੇਰੇ ਅਜੇ ਜ਼ਖ਼ਮ ਦੀਆਂ ਸ਼ੋਰਸ਼ਾਂ ਅੱਲੀਆਂ ਓ
ਅੱਖੀਂ ਰੋਂਦੀਆਂ ਮੇਰੀਆਂ ਦੀਦਣਾ ਨੂੰ ਨਦੀਉਂ ਲੈਹਰ ਦੇ ਖ਼ੂਨ ਉਛੱਲੀਆਂ ਓ
ਜੇ ਤੂੰ ਆਵਣਾ ਨਈਂ ਸੀ ਦਗ਼ੇ ਬਾਜ਼ਾ ਕਾਹਨੂੰ ਝੂਠੀਆਂ ਚਿੱਠੀਆਂ ਘੱਲੀਆਂ ਓ
ਸਾਡੇ ਦਿਲ ਦੀਆਂ ਜ਼ਾਰੀਆਂ ਮਾਤ ਪਈਆਂ ਛੇੜ ਛਾੜ ਥੀਂ ਫੇਰ ਉਛੱਲੀਆਂ ਓ
ਅੱਖੀਂ ਦੀਦ ਵਛੁੰਨੀਆਂ ਜੁਗ ਵੀਤੇ ਰੈਹ ਸੱਕਦੀਆਂ ਨਹੀਂ ਅਕੱਲੀਆਂ ਓ
ਭਾਂਵੇਂ ਕੀਤੀਆਂ ਤੁਸਾਂ ਕਵੱਲੀਆਂ ਓ ਅਸਾਂ ਜਾਤੀਆਂ ਸਭ ਸਵੱਲੀਆਂ ਓ

----(4)----

ਵੇ ਤੂੰ ਨਿੱਜ ਵਿਆਹਿਆ ਜਾਵੰਦੋਂ ਵੇ ਲੈਂਦੋਂ ਨਿੱਜ ਮਹੂਰਤਾਂ ਨਾਲ ਫ਼ੇਰੇ
ਮਿਲਆ ਨਵੇਂ ਸੁਹਾਗ ਦਾ ਧਰਮ ਧੱਕਾ ਨਦੀਉਂ ਪਾਰ ਹੋ ਗਇ ਮੈਬੂਬ ਮੇਰੇ
ਚੜ੍ਹੀ ਜੰਜ ਫਰਾਕ ਦਿਆਂ ਜਾਂਜੀਆਂ ਦੀ ਛੁੱਟਾ ਦੇਸ ਪਰਦੇਸ ਵਿੱਚ ਪਇ ਡੇਰੇ
ਮੇਰੇ ਯਾਰ ਰੰਗ ਰਤੜੇ ਲਾਡਲੇ ਨੂੰ ਪਏ ਪਰੇਮ ਸੁਹਾਗ ਦੇ ਕਿਹੇ ਘੇਰੇ
ਜ਼ੰਜੀਰ ਤਕਦੀਰ ਦੇ ਪਏ ਭਾਰੇ ਨ ਕੁਝ ਵੱਸ ਮੇਰੇ ਨ ਕੁਝ ਵੱਸ ਤੇਰੇ
ਮੈਨੂੰ ਚਾਹ ਦੀਦਾਰ ਦੀ ਇੱਕ ਵਾਰੀ ਮੈਂ ਵੱਲ ਮੋੜ ਵਾਗਾਂ ਜ਼ਰਾ ਢੁੱਕ ਨੇੜੇ
ਸਾਨੂੰ ਹਿਜਰ ਮੁਆਮਲੇ ਪਏ ਜਿਹੜੇ ਸਾਡੇ ਕਰਮ ਕੱਵਲੜੇ ਆਪ ਭੇੜੇ
ਤੇਰੀਆਂ ਸ਼ੌਕ ਮੁਹਬਤਾਂ ਲੱਗੀਆਂ ਨੇਂ ਸਾਨੂੰ ਚਾਹਿੜਇਆ ਚਾ ਫਰਾਕ ਬੇੜੇ
ਸਾਨੂੰ ਪਾਰ ਉਰਾਰ ਇਕਸਾਰ ਬਣਿਆ ਵੇ ਮੈਂ ਕਾਸਨੂੰ ਪ੍ਰੀਤ ਦੇ ਪੀਚ ਛੇੜੇ
ਜਾਂ ਇਹ ਪੀਚ ਛੇੜੇ ਢਿੱਠਾ ਢੁੱਕ ਨੇੜੇ ਦੁੱਖ ਦਰਦ ਦੇ ਲੰਬੜੇ ਪਏ ਝੇੜੇ
ਜਿਹਨਾਂ ਦੀਦ ਪਰੀਤ ਦੇ ਖੇਤ ਬੀਜੇ ਅਣਤ ਤਿਨਹਾਂ ਦੋ ਨੈਣ ਦੇ ਹਲਟ ਘੇੜੇ
ਜਿਹਨਾਂ ਇਸ਼ਕ ਦੀਆਂ ਠੋਕਰਾਂ ਵੱਜੀਆਂ ਨੇਂ ਥਾਉਂ ਉਖੜੇ ਫੇਰ ਨ ਵੱਸੇ ਖੇੜੇ

----(5)----

ਰਵਾਦਾਰ ਹੈਂ ਜੇ ਲਾਈਆਂ ਯਾਰੀਆਂ ਦਾ ਮੁੜ ਕਸਦ ਕਰ ਮੁੱਖ ਵਿਖਾਵਣੇ ਨੂੰ
ਆਪੈ ਜੋੜ ਦਾ ਹੈਂ ਜੋੜ ਤੋੜਦਾ ਹੈਂ ਓਏ ਰੋਂਦਿਆ ਯਾਰੀਆਂ ਲਾਵਣੇ ਨੂੰ
ਘਰ ਦੇ ਪਏ ਧੰਦੇ ਤੈਨੂੰ ਕਹੇ ਮੰਦੇ ਦਿਲੋਂ ਯਾਰੀਆਂ ਭੁੱਲ੍ਹ ਭੁਲਾਵਣੇ ਨੂੰ
ਸਾਥੋ ਓਹ ਚੰਗੀ ਜਿਹਦੇ ਨਾਲ ਰੁੱਝੋਂ ਸਾਨੂੰ ਖ਼ਤ ਲਿੱਖੇਂ ਪਤਯਾਵਣੇ ਨੂੰ
ਸਾਨੂੰ ਢੋਰ ਜਾਤਾ ਆਪ ਚਤਰ ਬਣਿਆ ਗੱਲਾਂ ਲਿਖੀਆਂ ਬਾਲ ਪਾਚਾਵਣੇ ਨੂੰ
ਤਿਰੇ ਵੱਲ ਧਿਆਨ ਤੂੰ ਬੌਹੜ ਝਬਦੇ ਸਾਡੀ ਦੁੱਖ ਥੀਂ ਜਾਨ ਛੜਾਵਣੇ ਨੂੰ
ਜੇ ਤੂੰ ਆਵਣਾ ਨਈਂ ਤੇ ਲਿਖ ਸਾਨੂੰ ਅਸੀਂ ਆਪ ਆਈਏ ਦਰਸ਼ਣ ਪਾਵਣੇ ਨੂੰ
ਇਹ ਭੀ ਨਈਂ ਮਨਜ਼ੂਰ ਤੇ ਨਸ਼ਰ ਹੋਕਿ ਅਸੀਂ ਫ਼ਿਰਾਂ ਗੇ ਹਾਲ ਸੁਨਾਵਣੇ ਨੂੰ
ਹੋਵਾਂ ਖ਼ੂਨ ਬੈਹ ਨੀਣ ਥੀਂ ਵਗਾਂ ਸਾਰਾ ਰੁੱਖ ਮੈਹੰਦੀ ਦੇ ਜੜ੍ਹੀਂ ਸਮਾਵਣੇ ਨੂੰ

ਰਚੇ ਰੰਗ ਹੋ ਬਰਗ ਤੇ ਯਾਰ ਸ਼ਾਇਦ ਮਨਜ਼ੂਰ ਕਰੇ ਪੈਰੀਂ ਲਾਵਣੇ ਨੂੰ
ਪੈਰੀਂ ਲੱਗਿਆਂ ਦੀ ਅਣਤ ਲਾਜ ਪਾਲੇ ਕਰੇ ਮੈਹਿਵ ਵਿੱਚ ਵਸਲ ਨਿਹਲਾਵਣੇ ਨੂੰ
ਇਹ ਕੁਝ ਦੂਰ ਨਈਂ ਰੈਹਿਮ ਯਾਰ ਦੇ ਥੀਂ ਔਗਣਹਾਰ ਤੇ ਕਰਮ ਕਮਾਵਣੇ ਨੂੰ
ਅਸਾਂ ਇਸ਼ਕ ਜ਼ੰਜੀਰੀਆਂ ਘੱਤ ਪੈਰੀਂ ਲਿੱਖੀਆਂ ਚਿੱਠੀਆਂ ਦਰਦ ਸੁਨਾਵਣੇ ਨੂੰ
ਥਈਯਾ ਥਈ ਨਚਾਇਆ ਏ ਸੋਜ਼ ਤਿਰੇ ਧਮਕ ਪਈ ਜਨੂਨ ਬੁਲਾਵਣੇ ਨੂੰ
ਇਹਧਰ ਚੜ੍ਹੀ ਬਹਾਰ ਜਨੂਨੀਆਂ ਤੇ ਬੈਠਾ ਯਾਰ ਖ਼ੁਦ ਤ਼ਬਲ ਵਜਾਵਣੇ ਨੂੰ
ਵਾਜਾ ਵੱਜਿਆ ਤੇ ਤਾਰਾਂ ਹੱਲੀਆਂ ਨੇਂ ਇਸ਼ਕ ਗੱਜਿਆ ਰਮਜ਼ ਸਮਝਾਵਣੇ ਨੂੰ
ਭਰਿਆ ਦੌਰ ਸ਼ਰਾਬ ਦਾ ਕੁੱਲ ਆਲਿਮ ਸਾਕੀ ਉਠਿਆ ਜਾਮ ਪਿਲਾਵਣੇ ਨੂੰ
ਰੁਖ਼ ਸਾਕ਼ੀ ਦੇ ਝਲਕ ਵਿੱਚ ਜਾਮ ਦਿੱਤਾ ਪੀਵਣਹਾਰ ਦੇ ਰੋਹੜ ਵਗਾਵਣੇ ਨੂੰ
ਇਸ਼ਕ ਰੋਰੜਦਾ ਤੇ ਰੋਹੜ ਸਾੜਦਾ ਏ ਨਦੀਆਂ ਵੈਹੰਦੀਆਂ ਥੀਂ ਲਾਟਾਂ ਚਾਵਣੇ ਨੂੰ
ਅਸੀਂ ਭੇਤ ਕਹੀਏ ਵਿੱਚ ਖੇਤ ਰਹੀਏ ਲਗੋਂ ਕਾਸਨੂੰ ਅੱਗ ਸੁਲਗਾਵਣੇ ਨੂੰ
ਇਹ ਇਸ਼ਕ ਹੈ ਬੈਹਰ ਅਮੀਕ ਭਾਰਾਂ ਕਾਹਨੂੰ ਪਿਆਂ ਹੈਂ ਭੇਤ ਫ਼ੋਲਾਵਣੇ ਨੂੰ
ਸਾਡਾ ਪੀਵਣਾ ਖਾਵਣਾ ਜ਼ੈਹਿਰ ਬਨਇਆ ਦਮ ਦਮ ਖੜੇ ਹਾਂ ਦੁੱਖ ਉਠਾਵਣੇ ਨੂੰ
ਤੇਰਾ ਆਵਣਾ ਹੋਵੇ ਜੇ ਬੌਹਤ ਮੁਸ਼ਕਿਲ ਮੈਂ ਵੱਲ ਘਲ੍ਹਦੇ ਖ਼ਤ ਬੁਲਾਵਣੇ ਨੂੰ
ਪੌਹੰਚੇ ਅਸਾਂ ਵੱਲ ਖ਼ਤ ਬੁਲਾਵਣੇ ਨੂੰ ਤਾਂ ਤਿਆਰ ਹੋ ਬਹਾਂ ਗੇ ਆਵਣੇ ਨੂੰ
ਲਿੱਖੀਂ ਸੱਚ ਨ ਕਰੀਂ ਕੁਝ ਕੱਚ ਮੀਆਂ ਲਿੱਖੀਂ ਖਤ ਨਾਹੀਂ ਅਜ਼ਮਾਵਣੇ ਨੂੰ
ਇਨਕਾਰ ਜੇ ਕਰੇਂ ਤੂੰ ਆਵਣੇ ਥੀਂ ਅਸੀਂ ਆਵਣਾ ਤੇਰੇ ਲਿਆਵਣੇ ਨੂੰ

----(6)----

ਜੇ ਹੈਂ ਯਾਰ ਮੇਰਾ ਮੈਂ ਵੱਲ ਕਰੀਂ ਫੇਰਾ ਇਸ ਜਿੰਦ ਦਾ ਕੁਝ ਇਤਬਾਰ ਨਾਹੀਂ
ਖ਼ਾਕੀ ਪੁਤਲਾ ਕਲਾ ਦਾ ਪਿੰਜਰਾ ਏ ਉਡਿਆ ਭੌਰ ਤੇ ਫੇਰ ਦਰਕਾਰ ਨਾਹੀਂ
ਇਹ ਕਲਾ ਦੀ ਤਾਰ ਤੇ ਵਜਦਾ ਏ ਟੁੱਟੀ ਫਿਰ ਮੁੜ ਵਜਣੀ ਤਾਰ ਨਾਹੀਂ
ਜਦੋਂ ਫਿਰ ਮੁੜ ਵਜਣੀ ਤਾਰ ਨਾਹੀਂ ਵੇਲਾ ਹੁਣੇ ਹੈ ਘੜੀ ਉਧਾਰ ਨਾਹੀਂ
ਇਸ ਖੜਕਦੇ ਸਾਜ਼ ਦੀ ਤੰਦ ਵਿਗੜੀ ਮੁੱਲ ਪਾਵੰਦੀ ਕਿਸੇ ਬਾਜ਼ਾਰ ਨਾਹੀਂ
ਦੂਣੀਆ ਕੂਚ ਮਕਾਮ ਹੈ ਰਾਹੀਆਂ ਦਾ ਏਥੇ ਲਮਬੜੇ ਪੈਰ ਪਸਾਰ ਨਾਹੀਂ
ਚਲਾ ਚੱਲ ਦੀ ਟੱਲ ਪਈ ਖੜਕਦੀ ਏ ਐਵੇਂ ਕੂੜ ਦੇ ਕੋਟ ਅਸਾਰ ਨਾਹੀਂ
ਮੈਂ ਤੈਂ ਵਾਂਗ ਅਸਾਰਦੇ ਕਈ ਗੁਜ਼ਰੇ ਲਿਆ ਕਿਸੇ ਨੇ ਕੱਢ੍ਹ ਬਖ਼ਾਰ ਨਾਹੀਂ
ਸਾਨੂੰ ਜ਼ਖ਼ਮ ਵਛੋੜਿਆਂ ਤੈਰੇਆਂ ਦੇ ਦੇਂਦੀ ਘੜੀ ਆਰਾਮ ਕਰਾਰ ਨਾਹੀਂ
ਤੇਜ਼ ਜ਼ਖ਼ਮ ਫਰਾਕ ਦੇ ਬੇਲੀਆ ਓਏ ਐਸੀ ਤੇਜ਼ ਤਲਵਾਰ ਦੀ ਧਾਰ ਨਾਹੀਂ
ਨ ਤੂੰ ਲਾਈਆਂ ਲਾ ਨ ਜਾਤੀਆਂ ਓ ਸਾਨੂੰ ਲੱਗੀਆਂ ਨੇਂ ਤੈਨੂੰ ਸਾਰ ਨਾਹੀਂ
ਤੇਰਾ ਸਚਦਾ ਕ਼ੌਲ ਕਿਰਾਰ ਨਾਹੀਂ ਯਾਰੀ ਲਾਵਣੀ ਕਾਣ ਸ਼ਕਾਰ ਨਾਹੀਂ
ਜਿਹੜਾ ਯਾਰ ਦਾ ਯਾਰ ਗ਼ਮਖ਼ਾਰ ਨਾਹੀਂ ਜੱਗ ਪੁੱਛ ਦੇਖੋ ਇਹ ਕੋਈ ਯਾਰ ਨਾਹੀਂ
ਸਾਨੂੰ ਵਿੱਚ ਫਰਾਕ਼ ਦੇ ਮਾਰ ਨਾਹੀਂ ਕੀਤੇ ਕੌਲ ਇਕਰਾਰ ਥੀਂ ਹਾਰ ਨਾਹੀਂ
ਜੇ ਤੂੰ ਸੱਚ ਪੁਛੇਂ ਕਲਮ ਹੱਥ ਸਾਡੇ ਕਲਮ ਜਿਹਈ ਵੀ ਹੋਰ ਤਲਵਾਰ ਨਾਹੀਂ
ਘਾਇਲ ਕਰਾਂ ਗੇ ਕਲਮ ਦਿਆਂ ਨਾਲ ਜ਼ਖ਼ਮਾਂ ਖ਼ਾਲੀ ਜਾਵੰਦਾ ਕਲਮ ਦਾ ਵਾਰ ਨਾਹੀਂ
ਵੱਗੀ ਕਲਮ ਦੇ ਜ਼ਖ਼ਮ ਨ ਕਦੀ ਮਿਟਦੇ ਬੜਾ ਕਲਮ ਥੀਂ ਹੋਰ ਹਿਥੇਆਰ ਨਾਹੀਂ
ਕਲਮ ਦਿਲਾਂ ਨੂੰ ਕਲਮ ਕਰ ਸੁਟਦੀ ਏ ਕਲਮ ਜੇਡ ਕੋਈ ਬੜੀ ਪਿਕਾਰ ਨਾਹੀਂ

ਦਫਤਰ ਰਾਜ਼ ਜਹਾਨ ਦੇ ਕਲਮ ਲਿਖਦੀ ਕਿਜੜਾਂ ਸ਼ਾਹ ਇਸਦਾ ਖ਼ਿਮਤਗਾਰ ਨਾਹੀਂ
ਵਿੱਚ ਮੁਲਕ ਹਕੂਮਤਾਂ ਕਲਮ ਕਰਦੀ ਖਾਂਦੀ ਵਿੱਚ ਜੰਗਾਂ ਦੇ ਹਾਰ ਨਾਹੀਂ
ਖ਼ੂਸ਼ੀ ਐਸ਼ ਦਾ ਗਰਮ ਬਾਜ਼ਾਰ ਨਾਹੀਂ ਜਿਸ ਬਜ਼ਮ ਦੀ ਕਲਮ ਸਰਦਾਰ ਨਾਹੀਂ
ਜੋਸ਼ ਦਿਲਾਂਦੇ ਕਲਮ ਉਘਾੜ ਦੀ ਏ ਵੱਧ ਕਲਮ ਥੀਂ ਹੋਰ ਸੱਚਇਆਰ ਨਾਹੀਂ
ਨਖ਼ਰੇ ਬਾਜ਼ ਲਙੁੱਕੜੀ ਨਾਜ਼ ਭਿੰਨੀ ਕਲਮ ਜਿਹੀ ਮੈਹਬੂਬ ਮੁਟਿਆਰ ਨਾਹੀਂ
ਵਿੱਚ ਕਾਰਖ਼ਾਨੇ ਦੁਨੀਆ ਦੀਨ ਵਾਲੇ ਬਾਝੋਂ ਕਲਮ ਸਾਹਿਬ ਇਫਤਖ਼ਾਰ ਨਾਹੀਂ
ਮੈਦਾਨ ਬਿਆਨ ਦਾ ਉਲਟ ਵੱਗਿਆ ਅਜੇ ਚਸ਼ਮ ਸਾਡੀ ਬੇਦਾਰ ਨਾਹੀਂ
ਗ਼ਾਫਿਲ ਯਾਰ ਥੀਂ ਪਲਕ ਹੋਸ਼ਿਆਰ ਨਾਹੀਂ ਢੋਈ ਉਸਨੂੰ ਵਿੱਚ ਬਾਜ਼ਾਰ ਨਾਹੀਂ
ਸਾਡੀਆਂ ਗ਼ਫਲਤਾਂ ਬੇੜੀਆਂ ਰੋੜ੍ਹੀਆਂ ਨੇਂ ਫਜ਼ਲੋਂ ਰੱਖ ਲੈ ਡੋਬ ਵੱਚਕਾਰ ਨਾਹੀਂ
ਮੇਰੀਆਂ ਕੀਤੀਆਂ ਵੱਲ ਨ ਜਾ ਸਾਈਆਂ ਮੇਰੇ ਵਾਂਗ ਕੋਈ ਗੁਨਾਹਗਾਰ ਨਾਹੀਂ
ਕਰ ਫਜ਼ਲ ਤੂੰ ਫਜ਼ਲ ਹੈ ਕਾਰ ਤੇਰਾ ਤੇਰੇ ਫਜ਼ਲ ਬਾਝੋਂ ਬੇੜਾ ਪਾਰ ਨਾਹੀਂ
ਤੇਰਾ ਨਾਮ ਗ਼ਫੂਰ ਰਹੀਮ ਸਾਈਆਂ ਤੇਰੇ ਫਜ਼ਲ ਦੇ ਬਾਝ ਛੁਟਕਾਰ ਨਾਹੀਂ
ਤੇਰੀ ਹੋ ਮੁੜ ਗ਼ੈਰ ਦੇ ਵੱਲ ਤੱਕੇ ਉਸ ਥੀਂ ਹੋਰ ਫਿਰ ਵੱਧ ਖ਼ਵਾਰ ਨਾਹੀਂ
ਸੱਚੇ ਯਾਰ ਦਾ ਯਾਰ ਅਗ਼ਯਾਰ ਨਾਹੀਂ ਜਿਵੇਂ ਐਨ ਦਾ ਗ਼ੈਣ ਉਤਾਰ ਨਾਹੀਂ
ਸੱਚੀ ਪ੍ਰੀਤ ਦਾ ਪਾਲਣਾ ਬੌਹਤ ਮੁਸ਼ਕਿਲ ਮੁਸਤਹਿੱਕ ਇਸ ਦਾ ਮੱਕਾਰ ਨਾਹੀਂ
ਦੀਦ ਬਾਜ਼ ਚਾਹੇ ਜਾਨ ਬਾਜ਼ ਹੋਵੇ ਕੱਚੇ ਯਾਰ ਜਿਹਾ ਖੋਟਾ ਯਾਰ ਨਾਹੀਂ
ਕੱਚੇ ਯਾਰ ਨੂੰ ਯਾਰ ਨ ਜਾਨਣੇ ਹਾਂ ਸਰ ਉਸਦੇ ਸਿਦਕ ਦਸਤਾਰ ਨਾਹੀਂ
ਕੱਚੇ ਯਾਰ ਦੀ ਘ਼ੈਰ ਵੱਲ ਨਜ਼ਰ ਜਾਂਦੀ ਘਰ ਯਾਰ ਦੇ ਕਦੀ ਅਗ਼ਯਾਰ ਨਾਹੀਂ
ਦੇਖੋ ਕੱਚ ਨੂੰ ਰੰਗਤਾਂ ਚੜ੍ਹਦੀਆਂ ਨੇਂ ਕਦੀ ਸੱਚ ਨੂੰ ਰੰਗ ਦੀ ਖਾਰ ਨਾਹੀਂ
ਸਾਡੇ ਜੈਹਲ ਨੇ ਸਭ ਵਗਾੜ ਪਾਏ ਕਦੀ ਛੱਡਿਆ ਕੁਝ ਸਵਾਰ ਨਾਹੀਂ
ਜਾਹਿਲ ਆਪ ਨੂੰ ਸੱਟ ਜੋ ਮਾਰਦਾ ਏ ਕਦੀ ਕੋਈ ਦੁਸ਼ਮਣ ਸਕਦਾ ਮਾਰ ਨਾਹੀਂ
ਵੇ ਤੂੰ ਆਵੰਦਾ ਕਿਉਂ ਨਈਂ ਮਿਲਣ ਸਾਨੂੰ ਪਈਆਂ ਉਲਫਤਾਂ ਮਨੋਂ ਵਸਾਰ ਨਾਹੀਂ
ਵਫਾਦਾਰ ਵਸਾਰਦੇ ਯਾਰ ਨਾਹੀਂ ਵਫਾਦਾਰ ਹੋ ਬਨੇਂ ਗ਼ੱਦਾਰ ਨਾਹੀਂ
ਸ਼ਾਇਦ ਖ਼ਸਲਤਾਂ ਹੋਰ ਦੀਆਂ ਹੋਰ ਹੋਇਆਂ ਤੇਰਾ ਅਸਾਂ ਵੱਲ ਰਿਹਾ ਪਿਆਰ ਨਾਹੀਂ
ਯਾ ਤੇ ਘਰੋਂ ਤੈਨੂੰ ਇਜ਼ਨ ਨਈਂ ਮਿਲਦਾ ਦੇਂਦੀ ਛੁੱਟੀਆਂ ਅਜੇ ਸਰਕਾਰ ਨਾਹੀਂ
ਤਿਰਾ ਸਫਰ ਦਾ ਸਾਜ਼ ਤਿਆਰ ਨਾਹੀਂ ਸਾਡੇ ਦਰਦ ਦਾ ਅਣਤ ਸ਼ੁਮਾਰ ਨਾਹੀਂ
ਜੇ ਤੈਂ ਦਰਦ ਦੇ ਅਸਰ ਦੀ ਖਾਰ ਨਾਹੀਂ ਖ਼ਤ ਲਿਖਦਿਆਂ ਵੀ ਸਾਨੂੰ ਭਾਰ ਨਾਹੀਂ
ਅਸਾਂ ਆਪ ਲਿਖਣਾ ਸਾਨੂੰ ਭਾਰ ਕਿਹਾ ਹੋਣਾ ਮੁਣਸ਼ੀਆਂ ਦਾ ਇਨੱਤਜ਼ਾਰ ਨਾਹੀਂ
ਅਸੀਂ ਲਿਖਾਂ ਗੇ ਜਦੋਂ ਤੱਕ ਨ ਆਵੇਂ ਘਾਟਾ ਕਾਗ਼ਜ਼ਾਂ ਵਿੱਚ ਬਾਜ਼ਾਰ ਨਾਹੀਂ
ਸਾਡੇ ਦੇਸ ਵਿੱਚ ਕਮੀ ਨ ਕਾਨਿਆਂ ਦੀ ਕ਼ਲਮਾਂ ਘੜਣ ਥੀਂ ਹੱਥ ਬਿਜ਼ਾਰ ਨਾਹੀਂ
ਰੰਗਾ ਰੰਗ ਦਵਾਤਾਂ ਦੇ ਰੰਗ ਸਾਡੇ ਕਿਹੜਾ ਸਾਜ਼ ਜੋ ਅੱਜ ਤਿਆਰ ਨਾਹੀਂ
ਹਰ ਰੰਗ ਵਿੱਚ ਰੰਗਤਾਂ ਰੰਗਦੇ ਹਾਂ ਸਾਡੇ ਰੰਗ ਤੋਂ ਕਦੀ ਜ਼ੰਗਾਰ ਨਾਹੀ
ਨੋਕ ਕਲਮ ਦੀ ਛਾਣ ਦੀ ਮੋਤੀਆਂ ਨੂੰ ਇਸਾ ਅਬਰ ਨੀਸਾਂ ਗੌਹਰ ਬਾਰ ਨਾਹੀਂ
ਨਕਦ ਦਮਾਂ ਦੇ ਵਨਜ ਦਾ ਅੱਜ ਵੇਲਾ ਫੇਰ ਲਭਣੇ ਦਿਰਹਮ ਦੀਨਾਰ ਨਾਹੀਂ
ਮੁੜ ਚਿੱਠੀਆਂ ਲਿਖਣੀਆਂ ਫੇਰ ਕਿਸਨੇ ਗੌਹਰ ਹੋਵਣੇ ਨਿਤ ਨਸਾਰ ਨਾਹੀਂ
ਝੁਲੇ ਖ਼ਿਜ਼ਾਂ ਦੇ ਝੁੱਲਣੇ ਅਣਤ ਇਕ ਦਿਣ ਮੁੜ ਖੁੱਲ੍ਹਣੀ ਇਹ ਗੁਲਜ਼ਾਰ ਨਾਹੀਂ
ਏਥੇ ਫੇਰ ਕਦ ਆਵਣਾ ਸਜਣਾ ਓਇ ਲੱਦ ਗਇ ਮੁੜ ਮਿਲਣ ਵੰਜਾਰ ਨਾਹੀਂ
ਰੀਸ ਅੰਬ ਦੀ ਕਰੇ ਤਰਬੂਜ਼ ਕਿਉਂਕਰ ਕਾਇਮ ਰਹੇ ਗਾ ਇਹ ਅਚਾਰ ਨਾਹੀਂ

ਬੇ ਦਰਦ ਨੂੰ ਦਰਦ ਸੁਨਾਵਣੇ ਕੀਹ ਘਟਣੇ ਅਸਾਂਦੇ ਦਰਦ ਅੰਬਾਰ ਨਾਹੀਂ
ਯਾਰ ਸੁਣੇ ਨ ਸੁਣੇ ਸੁਨਾਵਣੇ ਹਾਂ ਹਟਣੀ ਹਿਜਰ ਦੀ ਰਿਹ ਬੇਗਾਰ ਨਾਹੀਂ
ਊਮਰਾਂ ਬੀਤੀਆਂ ਜਾਂਦੀਆਂ ਵਿੱਚ ਦਰਦਾਂ ਦਿਲਦਾਰ ਸਾਡਾ ਮਿਲਣਸਾਰ ਨਾਹੀਂ
ਸਾਡੇ ਦਰਦ ਦੀ ਆਹ ਥੀਂ ਜਿਗਰ ਕਿਹੜਾ ਜਿਹੜਾ ਹੋਵੰਦਾ ਅੱਜ ਫਗਾਰ ਨਾਹੀਂ
ਕਿਆ ਵੱਸ ਸਾਡੇ ਸਾਡੇ ਲੇਖ ਐਵੇਂ ਸਾਨੂੰ ਫ਼ਬਦੇ ਹਾਰ ਸੰਗਾਰ ਨਾਹੀਂ
ਸੁੰਜੇ ਹਾਰ ਸੰਗਾਰ ਨੂੰ ਅੱਗ ਲੱਗੇ ਅਸਾਂ ਜੋਗਣਾਂ ਦਾ ਘਰ ਬਾਰ ਨਾਹੀਂ
ਵੇ ਮੈਂ ਨੀਂਦ ਵਗੁੱਤੀਆਂ ਬਾਝ ਤੇਰੇ ਗਲੇ ਲੱਗ ਅਕੱਲੜੀ ਠਾਰ ਨਾਹੀਂ
ਕਿਹੜਾ ਹਿਜਰ ਦੇ ਦਰਦ ਦਾ ਦਵੇ ਦਾਰੂ ਸਾਡੇ ਪਿੰਡ ਵਿੱਚ ਕੋਈ ਅੱ਼ਤਾਰ ਨਾਹੀਂ
ਅੱਜ ਅਜਲ ਦੇ ਹੱਥ ਮੁਹਾਰ ਸਾਡੀ ਜੇ ਤੂੰ ਮੋੜਣੀ ਅਜੇ ਮੁਹਾਰ ਨਾਹੀਂ
ਦੁੱਖ ਦਰਦ ਸਾਡੇ ਗੁਜ਼ਰ ਗਏ ਹੱਦੋਂ ਦੋ ਚਾਰ ਸੌ ਲੱਖ ਹਜ਼ਾਰ ਨਾਹੀਂ
ਉਹਦੇ ਦਰਦ ਦਾ ਅਣਤ ਸੁਮਾਰ ਕਿਹਾ ਜਿਹਦੇ ਹੱਥ ਵਿੱਚ ਯਾਰ ਗ਼ਮਖ਼ਾਰ ਨਾਹੀਂ
ਸਾਨੂੰ ਆਸਰਾ ਨਈਂ ਮੈਹਬੂਬ ਬਾਝੋਂ ਸਾਡਾ ਹੋਰ ਥੀਂ ਕੁਝ ਸਰੋਕਾਰ ਨਾਹੀਂ
ਬੇ ਮਜ਼ਾ ਕਲਾਮ ਬੇ ਦਰਦ ਦਾ ਏ ਇਹਦੀ ਦਾਲ ਵਿੱਚ ਮਰਚ ਵਸਾਰ ਨਾਹੀਂ
ਬੇ ਤਰਸ ਦਿਲ ਉਹਨਾਂ ਸੁੱਖ ਵੱਸਦਿਆਂ ਦਾ ਦੁੱਖ ਜਿਹਨਾਂ ਨੂੰ ਪਿਆ ਦਮ ਚਾਰ ਨਾਹੀਂ
ਦੁੱਖ ਜਿਹਨਾਂ ਨੂੰ ਪਿਆ ਦਮ ਚਾਰ ਨਾਹੀਂ ਸਾਡੀ ਸਮਝਦੇ ਉਹ ਗਫਤਾਰ ਨਾਹੀਂ
ਆਹੀਂ ਦਰਦ ਫਰਾਕ ਦੀਆਂ ਦੇਖ ਯਾਰਾ ਕਦੋਂ ਵਗਦੀਆਂ ਬੱਨ੍ਹ ਕੜਾਰ ਨਾਹੀਂ
ਵੇ ਮੈਂ ਕਿਵੇਂ ਜਰਾਂ ਲਾਟਾਂ ਵਿੱਚ ਸੀਨੇ ਇਸ ਥੀਂ ਵੱਧ੍ਹ ਹੁਣ ਸੱਚ ਨਤਾਰ ਨਾਹੀਂ
ਯਾਰ ਪੜ੍ਹੇ ਨ ਪੜ੍ਹੇ ਖ਼ਤ਼ ਨਾਲ ਦਰਦਾਂ ਮੇਰੇ ਕ਼ਲਮ ਨੂੰ ਅੱਜ ਖੱਲਯਿਾਰ ਨਾਹੀਂ

----(7)----

ਕਰ ਯਾਦ ਤੂੰ ਖ਼ਤਾਂ ਵਿੱਚ ਜਿਵੇਂ ਲਿਖੇਆ ਗੂੜ੍ਹੇ ਚਾ ਨੇ ਸ਼ੋਰਸ਼ਾਂ ਚਾਈਆ ਨੇਂ
ਤੇਰੀਆਂ ਲਾਈਆਂ ਅਸਾਂ ਵੱਲ ਆਇਆਂ ਨੇਂ ਸਾਨੂੰ ਦਿੱਤੀਆਂ ਹਿਜਰ ਈਜ਼ਾਈਆਂ ਨੇਂ
ਨਦੀਆਂ ਨੈਣਾਂ ਦੀਆਂ ਅੱਜ ਉਛੱਲ ਆਈਆਂ ਅਸੀਂ ਸਫਰ ਤਿਾਰੀਆਂ ਲਾਈਆਂ ਨੇਂ
ਤੇਰੇ ਖ਼ਤਾਂ ਨੂੰ ਸੱਚ ਕਰ ਜਾਣਿਆ ਸੀ ਚਿੱਠੀਆਂ ਮੋੜ ਜਵਾਬ ਦੀਆਂ ਪਾਈਆਂ ਨੇਂ
ਜੇ ਤੂੰ ਅਸਾਂ ਦੇ ਮਿਲਣ ਨੂੰ ਝੂਰਦਾ ਏਂ ਇਹਧਰ ਬਲਦੀਆਂ ਦੂਣ ਸਵਾਈਆਂ ਨੇਂ
ਤੂੰ ਨ ਰੋ ਮੈਂ ਵਾਰੀ ਆਂ ਜੁਗ ਜੀਵੇਂ ਲਈਆਂ ਤੇਰੀਆਂ ਅਸੀ ਬਲਾਈਆਂ ਨੇਂ
ਸਾਨੂ ਆ ਮਿਲ ਮਿਲਣ ਦੇ ਸ਼ੌਕੀਆ ਓਏ ਤੈਂ ਥੀਂ ਵਧ੍ਹ ਸਾਨੂੰ ਅਚਵਾਈਆਂ ਨੇਂ
ਤੈਨੂੰ ਚਆ ਸਾਡਾ ਸਾਨੂੰ ਚਆ ਤੇਰਾ ਦੂਆਂ ਦਿਲਾਂ ਨੂੰ ਸੋਜ਼ ਜੁਦਾਈਆਂ ਨੇਂ
ਮੁਨਤਜ਼ਰਾਂ ਦੇ ਦੇਸ ਤੇ ਘੱਤ ਫੇਰਾ ਅਸੀਂ ਗਰਦਣਾਂ ਆਪ ਨਿਵਾਈਆਂ ਨੇਂ
ਅਸੀ ਖੜੇ ਉਡੀਕਦੇ ਰਾਹ ਤੇਰਾ ਸਾਡੇ ਦੇਵੰਦੇ ਨੈਣ ਦੁਹਾਈਆਂ ਨੇਂ
ਹਾਲ ਹਾਲ ਓ ਸਜਣਾ ਹਾਲ ਦੇਖੀਂ ਹਾਲ ਅਸਾਂ ਦੇ ਮਿਸਲ ਸੌਦਾਈਆਂ ਨੇਂ
ਅਸੀ ਅੱਖੀਂ ਦੀਆਂ ਧੀਰੀਆਂ ਘੋਲੀਆਂ ਨੇਂ ਘੋਲ ਵਿੱਚ ਦਵਾਤ ਉਲਟਾਈਆਂ ਨੇਂ
ਅਸਾਂ ਚਿੱਠੀਆਂ ਲਿਖੀਆਂ ਵਾਚਣੇ ਨੂੰ ਤੂੰ ਤਾਂ ਵਾਚ ਕਿ ਪਾੜ ਗਵਾਈਆਂ ਨੇਂ
ਯਾਰਾ ਤੇਰੀਆਂ ਬੇ ਪਰਵਾਹੀਆਂ ਨੇਂ ਸਾਡੀਆਂ ਰੜਕਦੀਆਂ ਹੋਰ ਰੜਕਾਈਆਂ ਨੇਂ
ਜੇ ਮੈਂ ਹੱਥ ਤੇਰੇ ਤੂੰ ਕਦ ਦੂਰ ਮੈਥੀਂ ਮੈਂ ਕੈਹੰਦਿਆਂ ਭੀ ਪਛਤਾਈਆਂ ਨੇਂ
ਆਪੇ ਆਪ ਤੈਂ ਯਾਰੀਆਂ ਲਾਈਆਂ ਨੇਂ ਆਪੇ ਦੇਖੀਆਂ ਆਪ ਦਖਾਈਆਂ ਨੇਂ
----(8)----

ਬਅਦ ਹਮਦ ਸਲਾਤ ਸਲਾਮ ਮੇਰਾ ਰੁੱਸ ਬੈਠੇਆਂ ਸਜਣਾਂ ਪਿਆਰੇਆਂ ਨੂੰ
ਯਾਰਾਂ ਕਿਬਰ ਹਨਕਾਰ ਦੇ ਮਾਰਿਆਂ ਨੂੰ ਰੰਗ ਰੱਤੜੀ ਲੈਹਰ ਦੇ ਤਾਰੇਆਂ ਨੂੰ
ਲੇਖਾਂ ਮਾਰਿਆਂ ਮਿਰੇਆ ਹੀਰਿਆ ਓ ਹੁਣ ਚੀਰਿਆ ਦਫਤਰਾਂ ਸਾਰਿਆਂ ਨੂੰ
ਜਾਤਾ ਐਹਦ ਪੀਮਾਨ ਮੈਂ ਦੋਸਤੀ ਦਾ ਤੇਰੇ ਫਨ ਫਰੇਬ ਦਿਆ ਲਾਰਿਆਂ ਨੂੰ
ਤੇਰਾ ਕਦੋਂ ਕੁਝ ਅਸੀਂ ਗੁਨਾਹ ਕੀਤਾ ਕਿਉਂ ਤੂੰ ਤੋੜ ਗਿਉਂ ਔਗਣਹਾਰਿਆਂ ਨੂੰ
ਕਿਧਰ ਗਇ ਓਹ ਵੇਲੜੇ ਬੇਲੀਆ ਓ ਜਦੋਂ ਨਈਂ ਸੀ ਸਬਰ ਘਲਹਾਰਿਆਂ ਨੂੰ
ਬਿਜਲੀ ਚਮਕਦੀ ਤੇ ਰਾਤਾਂ ਕਾਲੀਆਂ ਨੂੰ ਨਦੀਆਂ ਚੀਰ ਮਿਲਦੋਂ ਮਿਲਣ ਹਾਰਿਆਂ ਨੂੰ
ਰਾਤਾਂ ਕਾਲੀਆਂ ਕੱਟੀਆਂ ਨਾਲ ਸਾਡੇ ਛੋੜ ਨੀਂਦ ਦੇ ਝੋਕ ਹੁਲਾਰਿਆਂ ਨੂੰ
ਜੇ ਮੈਂ ਸੱਚ ਦੱਸਾਂ ਬੁੱਲੇ ਅੱਗ ਝੱਲੈਂ ਕੌਣ ਮੱਨ ਦਾ ਸੱਚ ਨਤਾਰਿਆਂ ਨੂੰ
ਜੇ ਤੂੰ ਅਸਾਂ ਥੀਂ ਠੀਕ ਮੂਹੰ ਮੋੜ ਬੈਠਾ ਥਾਓਂ ਦੱਸ ਖਾਂ ਅਸਾਂ ਬੇਚਾਰਿਆਂ ਨੂੰ
ਮੋਸਮ ਗਿਆ ਬਹਾਰ ਦਾ ਖ਼ਿਜ਼ਾਂ ਆਈ ਗਈ ਗੁਲਾ ਦੇ ਤੋੜ ਨਜ਼ਾਰਿਆਂ ਨੂੰ
ਮਿਲੇਆ ਦੇਸ ਨਿਕਾਲੜਾ ਬੁਲਬੁਲਾਂ ਨੂੰ ਭੌਰਾਂ ਆਸ਼ਿਕਾਂ ਇਸ਼ਕ ਦਿਆਂ ਮਾਰਿਆਂ ਨੂੰ
ਸੰਭਲ ਵਕਤ ਵਿਹਾਂਦੜੇ ਜਾਂਦੜੇ ਨੂੰ ਰੈਹਣਾ ਮਿਲੇ ਨ ਪੈਰ ਪਸਾਰਿਆਂ ਨੂੰ
ਮਿੱਠੀ ਪਰੀਤ ਦੇ ਐਹਦ ਦੀ ਵਫਾਦਾਰੀ ਸ਼ੀਰੀਂ ਕਰੇ ਸੁਮੰਦਰਾਂ ਖਾਰਿਆਂ ਨੂੰ
ਕੁਰਬਾਨ ਮੈਹਬੂਬ ਥੀਂ ਜਾਨ ਸਾਡੀ ਮਨਜੂਰ ਜੇ ਕਰੇ ਸਿਰ ਵਾਰਿਆਂ ਨੂੰ
ਛਡ ਬੇਪਰਵਾਹੀਆਂ ਸਜਣਾ ਓ ਆ ਪੁੱਛ ਲੈ ਹਾਲ ਬਲਹਾਰਿਆਂ ਨੂੰ
ਅਸੀਂ ਲਾਵਣੇ ਵਕਤ ਨਾ ਜਾਣਿਆ ਸੀ ਤੇਰੀ ਰਮਜ਼ ਦਿਆਂ ਨਾਜ਼ ਇਸ਼ਾਰਿਆਂ ਨੂੰ
ਤੇਰੇ ਨੂਰ ਜ਼ਹੂਰ ਦੀਆਂ ਮਸਤੀਆਂ ਨੇ ਕੀਤਾ ਅਕਲ ਦੇ ਮਾਤ ਚਮਕਾਰਿਆਂ ਨੂੰ
ਤੇਰੀ ਖ਼ਾਸ ਹਜੂਰ ਦੀ ਹਾਜ਼ਰੀ ਨੇ ਅਰਸ਼ ਚਾੜ੍ਹਿਆ ਧਰਤ ਉਤਾਰਿਆਂ ਨੂੰ
ਵਫਾਦਾਰ ਹੈਂ ਤੂੰ ਦੇਖ ਵਫਾਦਾਰੀ ਖ਼ੂਨੀ ਨੈਣਾਂ ਦੇ ਦੇਖ ਫਵਾਰਿਆਂ ਨੂੰ
ਸਾਡੇ ਤਾਣ ਤਵਾਣ ਮਗ਼ਲੂਬ ਕੀਤੇ ਸ਼ੇਰਾਂ ਘੇਰਿਆਂ ਜਿਵੇਂ ਚਕਾਰਿਆਂ ਨੂੰ
ਜੇ ਤੂੰ ਨਈਂ ਵਿਹਾਜਣੀ ਵਫਾਦਾਰੀ ਕਿੱਥੇ ਖ਼ਰਚਣਾ ਦਮਾਂ ਹਧਾਰਿਆਂ ਨੂੰ
ਵੇਲਾ ਯਾਦ ਕਰ ਅਣਤ ਛੱਡ ਜਾਵਣਾ ਏਂ ਐਥੇ ਸਭ ਪਸਾਰ ਪਸਾਰਿਆਂ ਨੂੰ
ਪਾਪੀ ਰੁੜਣ ਤੂੰ ਆ ਮਿਲ ਸਜਣਾ ਓ ਦਾਗ਼ ਪਵੇ ਕਦ ਮੈਲ ਨਖਾਰਿਆਂ ਨੂੰ
ਦੁੱਧ੍ਹ ਅੱਕ ਦੇ ਨਾਲ ਜੱਗ ਪੁੱਛ ਵੇਖੋ ਨਈਂ ਨਿਸਬਤਾਂ ਸ਼ੈਹਦ ਛਵਾਹਰਿਆਂ ਨੀਂ
ਅੱਖੀਂ ਬਾਝ ਕੀਹ ਵਾਚਣਾ ਅੱਨਿਆਂ ਨੇਂ ਕੱਨਾਂ ਬਾਝ ਕੀਹ ਸੁਨਣ ਪੁਕਾਰਿਆਂ ਨੂੰ
ਦੁਣੀਆ ਵੇਖ ਨ ਭੁੱਲ੍ਹ ਸਦ ਰੰਗ ਵਸਦੀ ਮੁੜ ਮੁੜ ਝੱਲ੍ਹ ਦੀ ਪੈਰ ਪਸਾਰਿਆਂ ਨੂੰ
ਗ਼ਾਫਿਲ ਹਾਲ ਇਨਸਾਨ ਬੇ ਖ਼ਬਰ ਫ਼ਿਰਦਾ ਢੋਈ ਨਈਂ ਹਜੂਰ ਸੰਗਾਰਿਆਂ ਨੂੰ
ਮੈਨੂੰ ਸਦ ਮੰਗਆ ਦਰਬਾਰ ਸ਼ਾਹਾ ਮੇਂ ਵੱਲ ਫਜ਼ਲ ਦੇ ਘੱਲ ਹਰਕਾਰਿਆਂ ਨੂੰ
ਸ਼ੀਰੀਂ ਬੱਦਲੋਂ ਭਰਪੂਰ ਕਰ ਸ਼ਾਖ਼ ਦਿਲ ਦੀ ਸਰਸਬਜ਼ ਕਰ ਇਹਨਾਂ ਕੰਡਰਿਆਰਿਆਂ ਨੂੰ
ਸਾਂਭ ਰੱਖ ਨਿਗਾਹ ਵਿੱਚ ਛੋੜ ਨਾਹੀਂ ਸੱਚੇ ਦਰਦ ਦੇ ਲਾਸ ਉਭਾਰਿਆਂ ਨੂੰ
ਵਕਤ ਗਿਆ ਤੁ ਫੇਰ ਪਛਤਾਵਣਾ ਏਂ ਅਤੇ ਲਭਣਾ ਦਰਦ ਦੇ ਚਾਰਿਆਂ ਨੂੰ
ਚਾਰਾ ਦਰਦ ਦਾ ਫੇਰ ਕਦ ਹੱਥ ਆਵੇ ਸੀਨੇ ਝੱਲ੍ਹਣਾ ਪਵੇ ਸ਼ਰਾਰਿਆਂ ਨੂੰ
ਮੇਰੇ ਹੀਰਯਾ ਸਮਝ ਅਸ਼ਾਰਿਆ ਨੂੰ ਅਜੇ ਸਮਝ ਕੇ ਵਰਤ ਵਰਤਾਰਿਆਂ ਨੂੰ

----(9)----

ਐਹਲ ਦਿਲਾਂ ਦੇ ਦਿਲਾਂ ਨੂੰ ਜਾਣ ਮੀਆਂ ਅਰਸ਼ ਪਾਕ ਕਰੀਮ ਰੈਹਮਾਨ ਦਾ ਏ

ਬੇ ਦਰਦ ਦਿਲ ਦੂਰ ਇਸ ਮਰਤਬੇ ਤੋਂ ਜਿਵੇਂ ਫਰਕ਼ ਜ਼ਮੀਨ ਅਸਮਾਨ ਦਾ ਏ
ਜਾਮਿਅ ਅਰਸ਼ ਤੇ ਫਰਸ਼ ਹਰ ਰੰਗ ਉਸਦਾ ਇਹ ਮਰਤਬਾ ਖ਼ਾਸ ਇਨਸਾਨ ਦਾ ਏ
ਜੇ ਤੇ ਅਰਸ਼ ਨਾਹੀਂ ਦਿਲ ਆਸ਼ਿਕਾਂ ਦਾ ਫੇਰ ਹੌਸਲਾ ਹੋਰ ਕਿਸ ਸ਼ਾਨ ਦਾ ਏ
ਸੀਨੇ ਤਿਨਹਾਂ ਦੇ ਆਬ ਹਯਾਤ ਰਸਦਾ ਦਿਲ ਜਿਹਨਾਂ ਦਾ ਨੂਰ ਅਰਫਾਨ ਦਾ ਏ
ਤਰਦੀ ਠਾਠ ਜਮਾਲ ਜਲਾਲ ਦੀ ਤੇ ਹਰ ਆਨ ਮੁਸ਼ਾਹਦਾ ਫਾਨ ਦ ਾਏ
ਰਵਾਂ ਇੱਕ ਨਿਸ਼ਾਨ ਦੀ ਬਾਂਦੜੀ ਏ ਇਹ ਵੈਹਮ ਗੁਮਾਨ ਨਾਦਾਨ ਦਾ ਰੇ
ਕੁੱਲੋ ਸ਼ੈ ਅੱਨ ਹਾਲਿਕ ਬਾਕੀ ਇੱਕ ਮਾਲਿਕ ਨਿਗਹਿਬਾਨ ਤਮਾਮ ਜਹਾਨ ਦਾ ਏ
ਜੇ ਵਨਜ ਤੇਰਾ ਵਿੱਚ ਦੋਸਤੀ ਦੇ ਇਹ ਹੈ ਨਫਆ ਨ ਕੱਮ ਜ਼ਿਆਨ ਦਾ ਏ
ਦਿਲਾਂ ਦਰਦ ਭਰਿਆਂ ਇਸ਼ਕ ਵਾਲਿਆਂ ਨੂੰ ਰੱਦ ਸੁੱਟਣਾ ਕਮ ਜ਼ਿਆਨ ਦਾ ਏ
ਬੈਠੀਂ ਬੱਨ੍ਹ ਦਅਵਾ ਜੇ ਤੈਂ ਬੈਠ ਰੈਹਣਾ ਅਤੇ ਹੌਸਲਾ ਨੈਣ ਪਰਾਣ ਦਾ ਏ

----(10)----

ਹੁਸਣ ਯਾਰ ਮਫਤੂਨ ਬੇ ਹਾਲ ਆਸ਼ਿਕ ਮਨਸਬਦਾਰ ਤੈਹਮੀਦ ਜੱਬਾਰ ਦਾ ਏ
ਬੈਹਰ ਕੋਨ ਨਕਾਨ ਦੇ ਸਿਲਸਲੇ ਦਾ ਇਸ ਤੇ ਹਮਦ ਦੀ ਲੈਹਰ ਲਸ਼ਕਾਰ ਦਾ ਏ
ਐਹਮਦ ਮੁਸਤ਼ਫਾ ਸਈਯਦ-ਓਲ-ਮੁਰਸਲੀਨ ਹੈ ਮਤਲਾ ਫੈਜ਼ ਦੇ ਕੁੱਲ ਅਨਵਾਰ ਦਾ ਏ
ਸਰ ਕੱਟ ਧਰ ਤਕੀ ਚੱਲ ਇਸ਼ਕ ਗਲੀ ਮਨ ਚਾ ਜੇ ਦਿਲਾ ਦੀਦਾਰ ਦਾ ਏ
ਪਿੱਟ ਸੌਕਣਾਂ ਨੂੰ ਰੋ ਸਜਣਾਂ ਨੂੰ ਵੈਣ ਹੋਰ ਦੇ ਤੇ ਦੁੱਖ ਯਾਰ ਦਾ ਏ
ਮੇਰੇ ਦੁੱਖ ਸੁਖ ਗਏ਼ੈ ਕੁਰਬਾਨ ਦੋਵੇਂ ਜਾਂ ਤੇ ਵਜਿਆ ਜ਼ਖ਼ਮ ਤਲਵਾਰ ਦਾ ਏ
ਇੱਕ ਨਸ਼ੇ ਦੀ ਝੋਕ ਸਨਤੋਖ ਦਿਲ ਨੂੰ ਦੁੱਖ ਸੁੱਖ ਸਭ ਮੁੱਖ ਦਿਲਦਾਰ ਦਾ ਏ
ਨ ਤੂੰ ਖ਼ਬਰ ਘੱਲੀ ਨ ਤੂੰ ਆਪ ਆਇਆ ਦਰਦ ਅੱਖੀਆਂ ਨੂੰ ਇਨਤਜ਼ਾਰ ਦਾ ਏ
ਆ ਜੀਵੰਦੇ ਜੀ ਮਿਲ ਸਬਰ ਆਵੇ ਤਰਸੇਂਦੜਾ ਜੀ ਦੁੱਖ ਯਾਰ ਦਾ ਏ
ਸ਼ਾਇਦ ਦੇਖ ਮੁਸੀਬਤਾਂ ਕੰਬ ਗਿਉਂ ਇਹ ਕੱਮ ਕਦੋਂ ਵਫਾਦਾਰ ਦਾ ਏ
ਵਫਾਦਾਰ ਹੈਂ ਤੇ ਝੱਲ੍ਹ ਭਾਰ ਸਿਰ ਤੇ ਵਫਾਦਾਰੀਆਂ ਝਲ੍ਹਣਾ ਭਾਰ ਦਾ ਏ
ਵਾਈਂ ਠੰਡੀਆਂ ਤਾਜ਼ੀਆਂ ਝੁਲ੍ਹ ਰਹੀਆਂ ਇਹ ਫਾਇਦਾ ਬੇਟ ਦਿਆਰ ਦਾ ਏ
ਪੱਤ ਪਿੱਪਲਾਂ ਦੇ ਵਜਣ ਤਾਰ ਉਤੇ ਕੂਕਣ ਕੋਇਲਾਂ ਵਕਤ ਬਹਾਰ ਦਾ ਏ
ਡੂੰਘੇ ਵਿੱਚ ਵੈਹਣਾਂ ਤਰਦੀ ਮੱਛੀਆਂ ਨੂੰ ਅਤੇ ਪਤਾ ਨ ਬੈਹਰ ਜ਼ੱਖ਼ਾਰ ਦਾ ਏ
ਆ ਦੇਖ ਖੁਸ਼ ਰੰਗੀਆਂ ਰੰਗ ਬਾਜ਼ਾ ਮਲਕ ਅਲ ਮੌਤ ਭੀ ਖੜਾ ਲਲਕਾਰ ਦਾ ਏ
ਛੱਡ ਮੌਤ ਦਾ ਖ਼ੌਫ ਮਰ ਜਾਣਿਆ ਓ ਮਰ ਗੁਜ਼ਰਣਾ ਮੌਤ ਨੂੰ ਮਾਰ ਦਾ ਏ
ਮਰੇ ਮੌਤ ਤੇ ਜ਼ਿੰਦਗੀ ਰਹੇ ਜ਼ਿੰਦਾ ਹੁਕਮ ਇਸ਼ਕ ਦੀ ਖ਼ਾਸ ਸਰਕਾਰ ਦਾ ਏ
ਅਜੇ ਮੌਤ ਮਗਰੇ ਮੌਤੋਂ ਡਰਦਿਆ ਓਏ ਕੱਦ ਨਸਣਾ ਮੌਤ ਘਲਿਆਰ ਦਾ ਏ
ਜੇ ਤੂੰ ਮੌਤ ਘਲਿਆਰਣੀ ਚਾਹੌਣਾ ਏਂ ਵੜਣਾ ਇਸ਼ਕ ਘਰ ਕਾਰ ਸਵਾਰ ਦਾ ਏ
ਇਹ ਫੱਨ ਫਰੇਬ ਨ ਪੈਸ਼ ਜਾਂਦੇ ਰਾਜ਼ ਦਾਨ ਖ਼ੁਦ ਰਾਜ਼ ਨਤਾਰ ਦਾ ਏ
ਮੁੜ ਘੱਤ ਫ਼ਰੇਆ ਦੇਖ ਦੁੱਖ ਮੇਰਾ ਤੈਂ ਬਿਨ ਨਾਮ ਨ ਸਬਰ ਕਰਾਰ ਦਾ ਏ
ਖ਼ੂਨੀ ਨੈਣ ਤਪੇਂਦੜੇ ਦੇਖ ਮੇਰੇ ਕੁੱਰਾ ਆਤਸ਼ੀਂ ਜਿਵੇਂ ਲੁਹਾਰ ਦਾ ਏ
ਅਫਸੋਸ ਤੂੰ ਅਜੇ ਵੀ ਦੂਰ ਵੱਸੇਂ ਖ਼ਾਸਾ ਯਾਰ ਦਾ ਇਹ ਇਸਰਾਰ ਦਾ ਏ
ਮੁਸ਼ਤਾਕ ਤੇਰਾ ਭਾਂਵੇਂ ਜਾਨ ਵਾਰੇ ਇਹ ਵਾਰਨਾ ਕਿਸ ਮਿਕਦਾਰ ਦਾ ਏ
ਤੂੰ ਮੱਨ ਨ ਮੱਨ ਮੈਂ ਤੇਰੀਆਂ ਓਏ ਮੈਨੂੰ ਦਰਦ ਦੇ ਸੌਕ ਇਜ਼ਹਾਰ ਦਾ ਏ

ਭਾਂਵੇਂ ਅਰਜ਼ ਮਾਰੂਜ਼ ਦੀ ਨਈਂ ਹਾਜਤ ਦਿਲੋਂ ਕੱਢਣਾ ਦਰਦ ਅੰਜਾਰ ਦਾ ਏ
ਤੇਰੇ ਸ਼ੌਕ ਦੀ ਕਾਰ ਗੁਜ਼ਾਰੀਆਂ ਤੇ ਨਈਂ ਟੁੱਟਣਾ ਜੋਸ਼ ਖ਼ੁਮਾਰ ਦਾ ਏ
ਨਾਹੀਂ ਸਮਝ ਗਫਤਾਰ ਦੀ ਆਜਿਜ਼ਾਂ ਨੂੰ ਮੈਣਨੀ ਬਾਝ ਅਲਫਾਜ਼ ਵਚਾਰ ਦਾ ਏ
ਹੋਗ ਉਟ ਅੱਮਾਲ ਦੀ ਹੋਰਨਾਂ ਨੂੰ ਸਾਨੂੰ ਅਸਰਾ ਰੱਬ ਗ਼ੱਫਾਰ ਦਾ ਏ
ਲਈਂ ਵਾਚ ਪਿਆਰੇਆ ਮੇਰੇਆ ਓ ਇਹ ਖ਼ਤ ਕਿਸੇ ਗੁਨਾਹਗਾਰ ਦਾ ਏ
ਗੁਨਾਹਗਾਰ ਦਾ ਏ ਤੇਰੇ ਯਾਰ ਦਾ ਏ ਨਾਦਾਰ ਦਾ ਏ ਗੁਨਾਹਗਾਰ ਦਾ ਏ
ਖ਼ੁਸ਼ ਹਾਲ ਪੁਰ ਦਰਦ ਬੇਮਾਰ ਦਾ ਏ ਗੂਹੜੀ ਨੀਂਦ ਵਿੱਚ ਪਏ ਬੇਦਾਰ ਦਾ ਏ

*****

# ਔਖੇ ਸ਼ਬਦਾਂ ਦੇ ਅਰਥ

ੳ
ਉਹਾ: ਉਹ ਕੁਝ,ਉਹੀ,ਉਸ ਨੂੰ,ਉਸੇ ਨੂੰ
ਉੱਮਤ ਖ਼ੈਰ ਉਮਮ:ਚੰਗੀ ਉਮਤ,ਮੁਸਮਾਨਾ ਨੂੰ ਰੱਬ ਨੇ ਚੰਗੀ ਉਮਤ ਆਖਿਆ ਏ
ਉਮੱਤ ਮਜ਼ਨਬ: ਪਾਪੀ ਕੌਮ,ਗੁਨਾਹਗਾਰ ਕੌਮ
ਉਸ਼ਾਕੋਂ: ਆਸ਼ਿਕਾਂ ਦਾ
ਉਛੱਲੀਆਂ: ਉਛਲ ਗਈਆਂ,ਅੁਤਾਂਹ ਉਠਦੀਆਂ
ਉਟ ਅੱਮਾਲ: ਕਰਤਾਂ ਦੀ ਆਸ,ਅਪਣੇ ਅਮਲਾਂ ਦੀ ਆਸ
ਅ
ਆਬ ਹਵਾਈਂ: ਪਾਣੀ ਅਤੇ ਹਵਾ ਨਾਲ
ਆਬ ਤ਼ਹੂਰ ਤ਼ਲਬ ਦਾ: ਮੰਗਿਆ ਹੋਇਆ ਪਵਿੱਤਰ ਜੱਲ
ਅਜ਼ਲ ਅਜ਼ਾਲੀ: ਦੁਣੀਆ ਬਨਣ ਦੇ ਦਿਣ ਤੋਂ
ਅਬਦ: ਅਖ਼ੀਰਲਾ ਦਿਣ,ਆਂਖ਼ਰੀ ਦਿਣ
ਅੰਜਾਰ: ਮੂਹੱਬਤ ਕਰਨ ਵਾਲਿਆਂ
ਐਹਦੋਂ: ਐਹਦ ਤੋਂ,ਕੀਤੇ ਵਆਦੇ ਤੋ, ਕੀਤੀ ਗੱਲ ਤੋਂ
ਆਫਾਕ਼ ਤੇ ਅਨਫਸ:ਕੁੱਲ ਆਲਮੀ ਸੋਹਣਾ ਰੰਗ
ਐਹਦ ਪੀਮਾਨ: ਪੱਕਾ ਵਆਦਾ,ਕੌਲ ਕਰਾਰ
ਐਹਮਦ ਮੁਸਤ਼ਫਾ ਸਈਯਦ-ਓਲ-ਮੁਰਸਲੀਨ:ਐਹਮਦ ਮੁਸਤਫਾਂ ਸਾਰੇ ਨਬੀਆਂ ਦੇ ਸਰਦਾਰ ਬਨਾ ਕਿ ਘੱਲ੍ਹੇ ਗਏ
ਅਸਰ ਹਲੂਲ ਇਤਹਾਦ:ਦਾਕ਼ਲ ਹੋਨ ਦਾ ਅਸਰ,ਰੱਬੀ ਰਚਨਾ ਤਾਈਂ ਪੁਜਨ ਦਾ ਅਸਰ
ਅਨਵਰ ਗੌਹਰ ਆਲੀ: ਸਭ ਤੋਂ ਵਧੀਆ ਚਮਕਦਾ ਹੋਇਆ ਮੋਤੀ,ਉਚੇ ਮੁੱਲ ਦਾ ਕਮਕਦਾਰ ਮੋਤੀ
ਅਫਸਾ:ਚੋਖੇ ਇਲਮ ਵਾਲੀ ਹਸਤੀ,ਚੋਖੇ ਇਲਮ ਵਾਲੇ
ਅਜ਼ਮਤ:ਉਚਿਆਈ,ਉੱਚਾ ਰੁਤਬਾ
ਅਨਵਰ ਗੌਹਰ ਖ਼ਾਕੀ: ਚਮਦਾ ਹੋਇਆ ਮਿੱਟੀ ਦਾ ਮੋਤੀ
ਅਹਿਬਾਬਾਂ: ਜਮਆ ਅਹਿਬਾਬ ਦੀ,ਯਾਰ ਸੰਗੀ,ਨੇੜੇ ਵਾਲੇ,ਦੋਸਤ ਯਾਰ
ਅਫ਼ੂ ਕਰਮ: ਮੈਹਰਬਾਨੀ ਪਾਰੋਂ ਮੁਆਫ ਕਰ ਦੇਣਾ
ਅਲਮ:ਦੁੱਖ,ਤਕਲੀਫ
ਅਣਤੋਂ ਤੇ ਅੰਜਾਮੋਂ:ਕੱਲ ਨੂੰ ਕੀਹ ਹੋਣਾ,ਅਖੀਰ ਤੋਂ
ਅੱਨਡਿਠੇਆਂ: ਜਿਹਨਾਂ ਨੂੰ ਡਿੱਠਾ ਨ ਹੋਵੇ,ਜਿਹਨਾਂ ਨੂੰ ਵੇਖਿਆ ਨ ਹੋਵੇ
ਅੱਨ ਮੁੱਲਿਆਂ: ਜਿਹਨਾਂ ਦਾ ਮੁੱਲ ਕੋਈ ਨ ਹੋਵੇ,ਜਿਹਨਾਂ ਦਾ ਮੁੱਲ ਨ ਤਾਰਿਆ ਜਾ ਸੱਕੇ
ਅੱਲੀਆਂ: ਅਨ ਪੱਕੀਆਂ,ਕਚੀਆਂ,ਨਰੋਈਆਂ
ਅੰਦਾਜ:ਤਰੀਕਾ,ਡੰਗ
ਅਨਵਾਰ: ਜਮਆ ਨੂਰ ਦੀ,ਰੱਬੀ ਰੋਸ਼ਨੀ
ਅਰਨੀ ਅਨਜ਼ੁਰ:ਸਾਮਨੇ ਆ ਕਿ ਦਰਸ਼ਨ ਕਰਾ,ਦੀਦਣਾ ਕਰਾ
ਅਬਰੂ ਤਾਕ਼:ਬਾਲਕੂਨੀ ਵਰਗੇ ਬਰਵੱਟੇ
ਅਦਮ: ਜਿਹਦਾ ਅਪਣਾ ਵਜੂਦ ਕੋਈ ਨ ਹੋਵੇ

ਅਯਾਨ: ਜੋ ਅੱਖਾਂ ਸਾਮਨੇ ਦਿਸਦਾ ਹੋਵੇ,ਜ਼ਾਹਿਰ
ਅਰਜ਼ ਮਾਰੂਜ਼ਮਿਨਤ ਸਮਾਜਤ,ਤਰਲਾ ਮਿਨਤ
ਅਰਣੀ ਤੂਰ ਨਈਂ ਸੱਟ ਜਰਣੀ:ਹਜ਼ਰਤ ਮੂਸਾਂ ਹੋਰਾਂ ਬਰੇ ਦੱਸਿਆ ਗਆ ਏ ਪਈ ਉਹਨਾਂ ਰਬ ਨੂੰ ਆਂਖਿਆ ਪਈ ਅਪਣਾ ਆਪ ਵਖਾ ਦੇ ਪਰ ਇਸ ਕਮ ਨੂੰ ਤੂਰ ਪਹਾੜ ਕੋਲੋਂ ਜਰ ਨਈਂ ਹੋਣਾ
ਅਜ਼ਮੂਦਾ ਕਾਰ:ਅਜ਼ਮਾਨ ਵਾਲੀ,ਤਜਰਬਾ ਜਰਨ ਵਾਲੀ
ਐਹਲ ਦਿਲਾਂ ਦੇ: ਦਿਲਾਂ ਵਾਲੇ
ਐਡਕ ਜਲਵੇ: ਐਡੇ ਨਜ਼ਾਰੇ,ਐਡਾ ਰੰਗ ਰੂਪ
ਅੱਤਾਰ: ਇਤਰ ਵੇਚਣ ਵਾਲਾ
ਅਚਵਾਈਆਂ ਨੇਂ: ਕਾਹਲੀਆਂ ਨੇਂ
ਅਸਤਗ਼ਫਾਰ: ਤੌਬਾ,ਮੁਆਫੀ ਮੰਗਣ,ਖੀਮਾ ਮੰਗਣ
ਐਹਿਦ ਪਿਮਾਨ: ਵਆਦੇ ਮਵਾਦੇ,ਕੀਤੇ ਕਾਰੇ
ਆਬ ਹਯਾਤ: ਹਯਾਤੀ ਦਾ ਪਾਣੀ,ਸਦਾ ਦਾ ਜੀਵਣ ਦੇਣ ਵਾਲਾ ਜੱਲ
ੲ
ਇਖ਼ਲਾਸ: ਖਲੂਸ,ਚੰਗੀ ਨੀਤੀ
ਇਰਾਦਤ ਅਜ਼ਲੀ: ਪੈਹਲੇ ਦਿਣ ਦਾ ਇਰਾਦਾ
ਇਜਜ: ਆਜਜ਼ੀ,ਮਸਕੀਨੀ,ਨਿਮਰਤਾ
ਇਮਕਾਨ: ਹੋ ਸਕਨ ਦੀ ਆਸ ਤੋਂ
ਇਨਸ: ਅਨਸਾਨ,ਬੰਦਾ
ਇਕਰਾਰੀ: ਇਕਰਾਰ ਕਰਨ ਵਾਲਾ,ਪੱਕਾ ਵਆਦਾ ਕਰਨ ਵਾਲਾ,ਲਾ ਕਿ ਨਿਬਾਣ ਵਾਲਾ
ਇਕਵਾਸੀਆਂ: ਡਿੰਗੀਆਂ,ਜੋ ਸਿੱਧੀਆਂ ਨ ਲੱਗੀਆਂ ਹੋਣ
ਇਸ਼ਰਤ ਦੀਦ:ਖ਼ੁਸ਼ੀ ਵਿੱਚ ਵੇਖਣ,ਪੂਰੀ ਮੁਹਬਤ ਨਾਲ ਨ ਵੇਖਣ,ਅਮੀਰਤ ਵਿੱਚ ਉਹਨੂੰ ਵੇਖਣ
ਇਜਜ:ਆਜਜ਼ੀ,ਮਸਕੀਨੀ
ਇਜ਼ਾਈਆਂ: ਸਜ਼ਾਵਾਂ,ਤਕਲੀਫਾਂ
ਇਹਾਈ: ਇਹ ਵੇ,ਇੰਜ ਦੀ ਏ
ਇਰਹਮ ਅਰਹਮ: ਰੈਹਮ ਕਰਨ ਵਾਲੇ ਮਾਲਿਕਾ ਰੈਹਮ ਕਰ
ਇਸ਼ਕ ਸਿਤਮ ਗਰ ਤੇਗ਼ ਫੌਲਾਦੀ: ਜ਼ਾਲਿਮ ਇਸ਼ਕ ਸਪਾਤ ਦੀ ਤਲਵਾਰ ਵਰਗਾ ਹੁੰਦਾ ਏ
ਇਬਨ ਇਸਹਾਕੋਂ:ਇਸਹਾਕ ਦੀ ਜੱਦ ਵਿੱਚੋਂ,ਹਜ਼ਰਤ ਯਾਕੂਬ ਅਲੈਹਹਿ ਸਲਾਮ ਹਜ਼ਰਤ ਇਸਹਾਕ ਅਲੈਹਿ ਸਲਾਮ ਹੋਰਾਂ ਦੀ ਜਦ ਵਿੱਚੋਂ ਸਣ।
ਇਸ਼ਕ ਅਮਾਰੀ: ਇਸ਼ਕ ਦੇ ਹੌਦੇ ਵਿੱਚ,
ਇਸਤਕਬਾਲ ਕਰੋ ਉਮਰਾਵਾਂ: ਅਮੀਰਾਂ ਦਾ ਸਵਾਗਤ ਕਰੋ
ਇਜ਼ਨ: ਇਜਾਜ਼ਤ,ਆਗਿਆ ਦਾਨ
ਸ
ਸਿਦਕ ਸਫਾ:ਪੱਕੇ ਯਕਨਿ,ਦਿੜਤਾ
ਸਹੀਫੇਉਂ:ਸਹੀਫੇ ਤੋਂ,ਅੱਲਾ ਸੋਹਣੇ ਵੱਲੋ ਟੋਰੇ ਗਏ ਪੈਗ਼ਾਮ ਵੱਲੋਂ,ਕੁਝ ਨਬੀਆਂ ਉਤੇ ਰੱਬ ਵੱਲੂੰ ਸਹੀਫੇ ਘੱਲੇ ਗਏ
ਸਫਰਾਈਆਂ: ਸਫਰਾਈ ਦੀ ਜਮਆ,ਖ਼ਾਲੀ ਭਾਂਡੇ,ਅੰਦਰੋਂ ਖ਼ਾਲੀ,ਇਲਮੁੰ ਕੋਰੇ,ਅਗਇਅਨੀ
ਸਾਇਤ: ਘੜੀ,ਵੇਲੇ ਦਾ ਕੁਝ ਹਿੱਸਾ,ਥ਼ੋੜਾ ਵੇਲਾ
ਸਰਗਰਦਾਨੀ: ਆਵਰਗੀ,ਬਗ਼ਾਵਤ,ਦੂਰੀ
ਸੱਤਾਰ ਗ਼ੱਫਾਰਾ: ਪਰਦੇ ਪਾਨ ਵਾਲਿਆ,ਸ਼ਰਮ ਰੱਖਣ ਵਾਲਿਆ,ਪਰਦੇ ਪਾਨ ਅਤੇ ਮੁਆਫ ਕਰਨ ਵਾਲਿਆ

ਸਈਯਦ ਸਕਲੈਨ:ਦੂਹੰ ਜਹਾਨਾਂ ਦਾ ਸਰਦਾਰ,ਇਸ ਅਤੇ ਉਸ ਦੁਣੀਆ ਦਾ ਵਾਲੀ
ਸਲਾਤ ਸਲਾਮ: ਸਿਫਤ ਤੇ ਵੱਡਿਆਈ,ਤਾਰੀਫ
ਸਿਫਾਤੀਂ:ਸਿਫਤਾਂ ਨਾਲ,ਸਿਫਤਾਂ ਪਾਰੋਂ
ਸਾਕਿਬ ਨਜੱਮ:ਚਜਦਾਰ ਤਾਰ,ਰੋਸ਼ਨ ਸਿਤਾਰਾ
ਸੰਗਰੇਜ਼ਾ: ਪੱਥਰ ਦਾ ਟੋਟਾ
ਸਾਨਿਹ: ਵਜੂਦ ਬਨਾਣ ਵਾਲਾ,ਘਾੜੂ
ਸੇਲ ਫਨਾਹ: ਮੌਤ ਦਾ ਹੜ, ਮੌਤ ਦਾ ਰੋਹੜ
ਸਲਾਤੀਂ: ਸਲਾਤਾਂ ਵਿੱਚ,ਨਿਮਾਜ਼ਾਂ ਵਿੱਚ
ਸਬਾਹੋਂ ਸਾਦਿਕ: ਸਵੇਰ ਵੇਲੇ ਨਾਲੋਂ ਬੌਹਤਾ ਸੱਚਾ
ਸੌਗੰਦ ਅਸਾਂਹਾਂ: ਸਾਨੂੰ ਕਸਮ ਏ,ਅਸੀ ਸੌਂਹੰ ਚੁਕਣੇ ਆਂ
ਸਫਰਾਂ ਜਾਲੀ: ਪੈਂਡੇ ਭੋਗੇ,ਵਾਟਾਂ ਵਾਹੀਆਂ
ਸਰਸ਼ਕ:ਹੰਜੁ,ਅੱਥਰੂ,ਅੱਥਰ,ਹੰਜ
ਸੇਕਲ ਗਰ: ਕਿਸੇ ਸ਼ੈ ਉਤੇ ਕਲਈ ਚਾੜ੍ਹਨ ਵਾਲਾ
ਸਾਇਤ: ਘੜੀ ਪਲ ਦਾ ਵੇਲਾ
ਸਮਣ ਦੀ ਡਾਲੀ: ਫੁਲ੍ਹ ਦੀ ਟਾਹਣੀ
ਸਯਾਦ: ਸ਼ਕਾਰੀ,ਫੰਦ ਲਾ ਕਿ ਕਾਬੂ ਕਰਨ ਵਾਲਾ
ਸਰਾਫ:ਸਨਇਆਰਾ,ਸੋਨੇ ਦਾ ਕੱਮ ਕਰਨ ਵਾਲਾ
ਸੰਗ ਕਰੇ ਦੋ ਪਾਰਾ: ਪੱਥਰ ਦੇ ਵੀ ਦੋ ਟੋਟੇ ਕਰ ਦੇਵੇ
ਸਾਡੇ ਤਾਣ ਤਵਾਣ ਮਗ਼ਲੂਬ ਕੀਤੇ: ਸਾਡੇ ਲਿੰਗ ਪੈਰ ਅਪਣੇ ਵੱਸ ਕਰ ਲਏ,ਟੁਰਨ ਫ਼ਿਰਨ ਜੋਗਾ ਨ ਛੱਡਇਆ

ਸ਼

ਸ਼ਹੂਦੀ:ਸ਼ਹਾਦਤ ਦੇਣ ਵਾਲਾ,ਗਵਾਹੀ ਦੇਣ ਵਾਲਾ
ਸ਼ਬ ਮਹਜੂਰਾਂ: ਵਖਰੇਆਂ ਕਰ ਦੇਨ ਵਾਲੀ ਰਾਤ
ਸ਼ੂਕਰ ਗੁਜ਼ਾਰੀ:ਸ਼ੁਕਰ ਕਰਨਾ,ਮੈਹਰਬਾਨੀ ਆਖਣਾ,ਸ਼ੁਕਰੀਆ
ਸ਼ਗ਼ਾਲ: ਗਿਦੜ,ਜੰਗਲ ਦਾ ਇਕ ਜਾਨਵਰ
ਸ਼ਰੀਨੀ ਕੰਦੋਂ:ਖੰਡ ਦੀ ਮਠੇਆਈ,ਖੰਡ ਦੀ ਸੋਗਾਤ
ਸ਼ਮਾਰੋਂ: ਗਿਨਤੀ ਚੋ, ਗਿਨਣ ਤੋਂ
ਸ਼ਾਹ ਸਵਾਰ ਬੁਰਾਕੀ:ਅੱਲਾ ਵੱਲੋਂ ਮਇਰਾਜ ਸੰਰੀਫ ਤੇ ਲੈ ਜਾਨ ਲਈ ਬਰਾਕ ਦੀ ਸਵਾਰੀ ਦੇ ਵਾਰਸ
ਸ਼ਮਸੋਂ: ਸ਼ਮਸ ਤੋਂ,ਸੂਰਜ ਤੋਂ
ਸ਼ੌਕ ਤ਼ਲਬ: ਮੰਗਣ ਦਾ ਸ਼ੌਕ,ਕੋਈ ਸ਼ੈ ਮੈਨ ਦੀ ਮੰਗ ਦਾ ਆਹਰ
ਸ਼ਕਾਇਕ:ਚੋਖੀ ਖ਼ੂਬਸੂਰਤ,ਹੁਸਨ ਦੀ ਵਾਰਸ
ਸ਼ਫਕ;ਅਸਮਾਨ ਦੀ ਲਾਲਗੀ
ਸ਼ਮਆ ਰੁਖ਼ੋਂ: ਦੀਵੇ ਵਰਗੇ ਮੁਖੜੇ ਤੁੰ
ਸ਼ਾਦ: ਰਾਜ਼ੀ,ਖ਼ੁਸ਼,ਚਾ ਵਿੱਚ
ਸ਼ੋਰਸ਼ਾਂ: ਜਮਆ ਸ਼ੋਰਸ਼ ਦੀ,ਰੌਲੇ ਰੱਪੇ
ਸ਼ੀਰੀਂ ਬੱਦਲੋਂ ਭਰਪੂਰ: ਮਿੱਠੇ ਬੱਦਲ ਤੋਂ ਭਰ ਕਿ
ਸ਼ਰਾਰਿਆਂ: ਚੰਗਇਆੜਇਆਂ ਨੂੰ

ਹ

ਹਮਦੋਂ: ਹਮਦ ਤੋਂ, ਰਬ ਸੋਹਣੇ ਦੀ ਸਿਫਤ ਤੋਂ

ਹੋਣ ਖ਼ਲਾਸ ਨ ਬੰਦੋਂ:ਕਿੱਲਇਆਂ ਤੋਂ ਜਾਨ ਨਈਂ ਛਡਾਂਦੇ,ਮਾਨਤਾ ਦਾ ਰੱਸਾ ਨਈਂ ਤੋੜਦੇ,ਅੰਦਰੋਂ ਪੁਰਾਣੀ ਅਕੀਦਤ ਨਈਂ ਭੁਲ੍ਹਦੇ
ਹੋ ਖ਼ਾਲੀ ਸਦਵਾਵੇ ਆਲੀ:ਹਰ ਪਾਸੇਉਂ ਸਾਂਝ ਤੋੜ ਕਿ ਇੱਕ ਨਾਲ ਲੋ ਨਾਣ ਅਤੇ ਯਾਰੀ ਗੰਢਨ ਵਾਲਾ ਉਚ ਰੁਤਬੇ ਨੂੰ ਪੁੱਜ ਸਕਦਾ ਏ
ਹਸਰਤ: ਪਛਤਾਵਾ,ਹੱਥ ਮਲਦਿਆਂ ਜਾਣਾ
ਹਸਨਾਤ ਉਲ ਅਬਰਾਰੇ:ਮਨ ਮੋਹਣਾ ਪਰਹੇਜ਼ਗਾਰ
ਹਜਾਬੇ: ਹਜਾਬ ਵਿੱਚ,ਪਰਦੇ ਵਿੱਚ,ਉਲ੍ਹੇ ਵਿੱਚ
ਹੁਕਮ ਰਵਾਈ: ਹੁਕਮ ਚਲਣਾ,ਗੱਲ ਚਲਣੀ
ਹਲਟ: ਖੂਹ
ਹਿਜਰ ਈਜ਼ਾਈਆਂ: ਜੁਦਾਈ ਪਾਰੂੰ ਮਿਲਣ ਵਾਲੀਆਂ ਸਜ਼ਾਵਾਂ
ਹਮਦ ਸਲਾਤ: ਰਬ ਸੋਹਣੇ ਦੀ ਵੱਡਯਾਈ
ਕ
ਕਸੂਰਾਂ: ਕਸੂਰ ਦੀ ਗਜਆ,ਗ਼ਲਤੀ
ਕਿੱਥ: ਕਿੱਥੋਂ,ਕਿਹੜੇ ਥਾਉਂ
ਕਦਾਈਂ: ਕਦੇ,ਕਿਹੜੇ ਵੇਲੇ,ਕਿਸੇ ਵੇਲੇ
ਕਿਤ ਵੱਲ: ਕਿਹੜੇ ਪਾਸੇ,ਕਿਧਰ
ਕਾਤਿਬ:ਕਤਾਬਤ ਕਰਨ ਵਾਲਾ,ਖਰੜਾ ਲਿਖਣ ਣਾਲਾ
ਕੈਫ ਬਿਆਨੋਂ: ਬਿਆਨ ਦੀ ਮਸਤੀ,ਗੱਲ ਬਾਤ ਦੀ ਮਸਤੀ,
ਕ਼ੌਲ:ਕੀਤੀ ਗੱਲ,ਵਆਦਾ,ਇਕਰਾਰ
ਕ਼ਾਲੀ ਦਾ ਹੱਥ ਖ਼ਾਲੀ: ਨਿਰਾ ਰੌਲਾ ਪਾ ਕਿ ਯਾਦ ਕੀਤਿਆਂ ਉਹ ਨਈਂ ਲਭਦਾ,ਅੰਦਰ ਵਸਾਣ ਤੋਂ ਬਿਨਾ ਯਾਦ ਕੋਈ ਲਾਭ ਨਈਂ ਦੇਂਦੀ।
ਕੌਸਰ ਦਾ ਸਾਕੀ:ਜਨਤ ਦੇ ਸੋਮੇ ਤੋਂ ਲੋਕਾਂ ਨੂੰ ਸਦਾ ਹਯਾਤੀ ਦੇਣ ਵਾਲਾ ਮਾਲਿਕ
ਕਮਰ: ਪੈਹਲੀ ਰਾਤ ਦਾ ਚੱਨ
ਕਾਮਤ ਸਾਇਉਂ ਖ਼ਾਲੀ:ਜਿਸਮ ਦੇ ਕਦ ਕਾਠ ਦਾ ਸਾਇਆ ਕੋਈ ਨਈਂ ਸੀ,ਨਬੀ ਪਾਕ ਹੋਰਾਂ ਦੀ ਵੱਡਿਆਈ
ਕੱਬਾਰ: ਖ਼ਾਸ,ਨੇੜੇ ਵਾਲੇ,ਨਜ਼ਦੀਕੀ
ਕੁੱਲੋ ਸ਼ੈ ਅੱਨ ਹਾਲਿਕ: ਹਰ ਸ਼ੈ ਮਰ ਮੁੱਕ ਜਾਣਾ ਏਂ
ਕ਼ਲਬ:ਦਿਲ,ਹਿਰਦਾ
ਕਵੀਹਈਆਂ: ਔਖੀਆਂ ਵਾਟਾਂ,ਮੁਸਿ:ਕਲਕਿਲ ਪੈਂਡੇ
ਕ਼ਲਬ ਕਲੀਮ: ਬੋਲਣ ਵਾਲੇ ਦਿਲ,ਕਲਾਮ ਕਰਨ ਵਾਲੇ ਦਿਲ
ਕਾਇਨ:ਮੌਜੁਦ,ਵਜੂਦ ਵਿੱਚ
ਕੁਵਆ ਬਦਨ ਦੇ: ਸਰੀਰ ਦੇ ਬਖ਼ਰੇ,ਜਿਸਮ ਦੇ ਹਿੱਸੇ
ਕੋਹਾਂ ਹਜ਼ਾਰਾਂ: ਹਜਾਰਾਂ ਕੋਹ ਦੀ ਵਾਟ,ਇਕ ਕੋਹ ਡੇਢ ਮੀਲ ਦਾ ਹੁੰਦਾ ਸੀ
ਕਦ ਮਿਲਸੇਂ: ਕਦੋਂ ਮਿਲੇਂ ਗਾ,ਕਦੋਂ ਮੇਲ ਹੋਵੇ ਗਾ
ਕੁੱਰਾ ਆਤਸ਼ੀਂ: ਅੱਗ ਦਾ ਗੋਲਾ
ਕਜ਼ੀਆ: ਝਗੜਾ,ਝੇੜਾ,ਪਵਾੜਾ
ਕੁਮਰੀ: ਬਾਗ਼ ਦਾ ਇੱਕ ਸੋਹਣਾ ਪੱਖੂ
ਕਾਲ ਕਲੀਨੋਂ: ਕਾਲ ਤੋਂ,ਕੈਹਤ ਤੋਂ
ਕਸਰਤ ਛੋੜ ਕਦਮ ਧਰ ਵਾਹਦਤ:ਹਰ ਹਰ ਵਿੱਚ ਉਸਨੂੰ ਵੇਖਣ ਦੀ ਥਾਂ ਉਹਨੂੰ ਕੱਲੇ ਨੂੰ ਵੇਖਣ
ਕਵੱਲੀ: ਪੁੱਠੇ ਪਾਸੇ ਜਾਨ ਵਾਲੀ,ਹੂੜ ਮੱਤ ਵਾਲੀ
ਕੂਅਤ: ਤ਼ਾਕਤ,ਜੁਮਣ,ਜ਼ੋਰ,ਸੱਤਇਆ
ਕਲੈਜੜ: ਕਲੈਜੇ

ਕਲਾ ਦਾ ਪਿੰਜਰਾ:ਫਸਾਦ ਦਾ ਪਿੰਜਰਾ,ਫਸਾਦ ਦੀ ਜੜ
ਕੂਚ ਮਕਾਮ: ਟਰੁ ਜਾਣ ਵਾਲੀ ਥਾਂ
ਕਿਬਰ ਹਨਕਾਰ: ਆਕੜ,ਖ਼ੁਦੀ,ਗ਼ਰੂਰ
ਖ
ਖ਼ਾਮ: ਕੱਚਾ,ਅਨ ਪੱਕਇਆ
ਖ਼ੁਮਰੀ: ਨਸ਼ੇ ਵਲੀ ਮਸਤੀ ਭਰੀ ਰੁਤ
ਖ਼
ਖ਼ੁਸ਼ਨੂਦੀ:ਚਾ,ਖ਼ੁਸ਼ੀ
ਖ਼ੁਮਰ ਤ਼ਹੂਰੋਂ:ਪਾਕ ਸ਼ਰਾਬ ਜੋ ਮੁਸਲਮਾਨਾਂ ਦੇ ਅਕੀਦੇ ਮੂਜਬ ਜਨਤ ਵਿੱਚ ਲੱਭੇ ਗੀ
ਖ਼ਲਕ ਅਮਰ: ਪੈਦਾ ਕਰਨ ਦਾ ਹੁਕਮ,ਪੈਦਾਇਸ਼ ਦਾ ਹੁਕਮ
ਖ਼ਾਲਿਕ ਮਾਲਿਕ: ਪੈਦਾ ਕਰਨ ਵਾਲਾ ਮਾਲਕ
ਖ਼ਾਂਹਾਂ:ਚਾਹਣ ਵਾਲਾ,ਮੰਗ ਕਰਨ ਵਾਲਾ
ਖ਼ੁਦੀਉਂ ਜਾਵੇਂ ਨਾਹੀਂ: ਆਕੜ ਤੋਂ ਨਈਂ ਰੈਹੰਦਾ,ਮਾਨ ਕਰਨ ਤੋਂ ਨਈਂ ਮੁੜਦਾ,ਤਕੱਬਰ ਤੋਂ ਨਈਂ ਹਟਦਾ
ਖ਼ਤਾ ਨਜ਼ਰ ਵਿੱਚ ਦਿਸੇ: ਗ਼ਲਤ਼ੀ ਨਜ਼ਰ ਆਵੇਮਕੋਤਾਹੀ ਦਿਸੇ,ਭੁਲ਼ ਨਜ਼ਰ ਆਵੇ
ਖ਼ਾਸ ਸ਼ਫਾਇਤ ਕੁਬਰਆ: ਵੱਡੀ ਮੁਆਫੀ,ਮੁਆਫ ਕਰ ਦੇਣ ਦਾ ਖਿਤਿਆਰ
ਖ਼ਤਮ ਰੁਸਲ: ਆਖ਼ਰੀ ਨਬੀ ਜਿਹਨਾਂ ਤੋਂ ਮਗਰੋਂ ਕੋਈ ਨਬੀ ਨਈਂ ਆਵੇ ਗਾ
ਖ਼ੈਰ ਉਲਨਾਸ: ਕੋਲਾਂ ਵਿੱਚੋਂ ਸਭ ਤੋਂ ਚੰਗਾ,ਨਬੀ ਪਾਕ ਨੂੰ ਇਹ ਇਜ਼ਤ ਦਿੱਤੀ ਗਈ
ਖ਼ਫੀ: ਉਲ੍ਹੇ ਵਿੱਚ,ਲੁਕਿਆ ਹੋਇਆ
ਖ਼ਾਰਜ: ਬਾਹਰੋ ਬਾਹਰ,ਅੰਦਰੋਂ ਬਾਹਰ
ਖ਼ੂਨ ਆਲੂਦ: ਲਹੂ ਦੇ ਵਿੱਚ ਰੰਗਇਆ
ਖ਼ਤਮ-ਉਲ-ਰੁਸੱਲ ਨਬੀ: ਉਹ ਨਬੀ ਜਿਹਨਾਂ ਤੁੰ ਮਗਰੁੰ ਨਬੀ ਔਣੇ ਬੰਦ ਹੋ ਗਏ ਮਤ਼ਲਬ ਨਬੀ ਕਰੀਮ ਮੁਹਅੱਮਦ(ਸ।ਅ।ਵ)
ਖ਼ਤਮ ਬਿਨਾਮ ਇਲਾਹੀ ਨਾਮਾ: ਇਹ ਖ਼ਤ ਅੱਲਾ ਸੋਹਣੇ ਦੇ ਨਾਂ ਨਾਲ ਪੂਰਾ ਹੋਇਆ
ਖ਼ਿਜ਼ਾਂ:ਪੱਤਰ ਝੜਣ ਦੀ ਰੁਤ
ਗ
ਗਰਦ ਆਲੂਦਾ:ਮਿਟੀ ਵਿੱਚ ਰਲਿਆ ਹੋਇਆ,ਮਿੱਟੀ ਨਾਲ ਮਿੱਟੀ,ਮਿੱਟੀ ਨਾਲ ਲਬੇੜਣ
ਗਰਦਾਬ ਅੰਧੇਰ ਗ਼ਮਾਂ ਦਾ:ਗ਼ਮਾਂ ਦਾ ਅੱਨ੍ਹਾ ਘੁਮਣ ਘੇਰ,ਗ਼ਮਾਂ ਦਾ ਹਨੇਰਾ
ਗੁਰਗਾਂ: ਜਮਆ ਗੁਰਗ ਦੀ,ਬਘਿਆੜ
ਗ਼
ਗ਼ਨਾ: ਸਖਾਵਤ,ਦਾਨ ਕਰਨ
ਗ਼ੈਰ ਮੁਹੱਜਲ ਨੂਰੀ:ਚਮਕਦਰਾ ਨ ਹੋਨ ਮਗਰੋਂ ਵੀ ਚਮਕਦੀ ਹੋਈ ਹਸਤੀ
ਗੁਲਨਾਰੀ:ਫੁੱਲਾਂ ਵਰਗੇ ਰੰਗ ਵਿੱਚ ਰੱਤੇ
ਗ਼ਰੂਰਤ: ਗ਼ਰੂਰ,ਤੱਕਬਰ,
ਗ਼ਜ਼ਾਲ: ਹਰਨ
ਗੀਰਆ ਜ਼ਾਰੀ: ਦੁਖ ਦਸਣ,ਅਫਸੋਸ ਕਰਨ,ਹਿਰਖ ਵਖਾਣ
ਗ਼ਮਜ਼ਿਉਂ: ਅੱਖੀਆਂ ਤੋਂ,ਨਾਜ਼ਅਦਾਵਾਂ ਕਰਦਿਆਂ ਅੱਖੀਆਂ ਮਟਕਾਂਦਿਆਂ
ਗੌਹਿਰ ਦੀ ਆਬੋਂ: ਮੋਤੀ ਦੀ ਚਮਕ ਨਾਲੋਂ
ਗੌਹਰ ਹੋਵਣੇ ਨਿਤ ਨਸਾਰ ਨਾਹੀਂ: ਨਿਤ ਮੋਤੀ ਤੇਰੇ ਉਤੇ ਰਾਰੇ ਨਈਂ ਜਾਣੇ
ਗਰਦਾਬੇ ਘੱਤ ਕਸ਼ਤੀ: ਬੇੜੀ ਨੂੰ ਆਪੂੰ ਘੁਮਣ ਘੇਰ ਵਿੱਚ ਪਾਕਿ

ਗੁਲਸ਼ਨ ਜ਼ਾਦਾਂ: ਬਾਗ਼ ਵਿੱਚ ਜਮਣ ਵਾਲਿਆਂ
ਗੁਲ ਲਾਲੇ: ਲੇਲੇ ਦੇ ਫੁੱਲ੍ਹ
ਗੁੰਚਗਿਆਂ:ਫੁੱਲਾਂ ਦੇ ਘੁੱਛੇ,ਛੋਖੇ ਸਾਰੇ ਫੁੱਲ੍ਹ
ਗੁਲਜ਼ਾਰਾਂ: ਬਗਗ਼ਾਂ,ਫੁਲ੍ਹ ਬੂਟਿਆਂ
ਗੁਲਸਤਾਂ: ਬਾਗ਼,ਬਾਗ਼ੀਚਾ
ਗ਼ਫਲਤਾਂ: ਜਮਆ ਗ਼ਫਲਤ ਦੀ,ਬੇਪਰਵਾਹੀ,ਆਹਲਸੀ
ਗੁਲਜ਼ਾਰ: ਬਾਗ਼,ਬਾਗ਼ੀਚਾ
ਚ
ਚਰੇਂਦ: ਚੁਗ ਦੇ,ਚਰ ਦੇ
ਚਸ਼ਮ: ਅੱਖੀ,ਦੀਦਾ
ਚਸ਼ਮ ਕ੍ਰਿਸ਼ਮਿਆਂ ਵਾਲੀ:ਨਵੀਆਂ ਰਮਜ਼ਾਂ ਵਖਾਣ ਵਾਲੀ ਅੱਖ
ਚਸ਼ਮ ਨਵਾਈ: ਅੱਖ ਨੀਵੀਂ ਕੀਤੀ
ਚਾਹ ਦੀਦਾਰ ਦੀ: ਵੇਖਣ ਦੀ ਸਿੱਕ
ਛ
ਛਲ ਜਾਣਾ:ਮੁੱਕ ਜਾਣਾ,ਦੋਖਾ ਦੇ ਜਾਣਾ
ਛੋੜ ਕਨਾਰ ਜ਼ਮਾਨ ਮਕਾਨਾਂ:ਜ਼ਮਾਨੇ ਨਾਲ ਲਾਈਆਂ ਆਸਾਂ ਭੁਲ੍ਹ ਬੁਲਾ ਕਿ
ਜ
ਜੌਹਰ ਹੈਂ ਉਹ ਕਾਰੀ:ਕਮ ਕਰਨ ਵਾਲਾ ਸਤ,ਕੱਮ ਔਣ ਵਾਲਾ ਜ਼ੋਰ
ਜੈਂ ਕੁਝ ਨ ਸੂਰਤ ਨੁਕਸੋਂ ਨਾਮ ਨ ਐਬੋਂ:ਜਿਹਦੀ ਮੰਦ ਚੰਗ ਵੱਲੋ ਲੋਈ ਕੋਈ ਸੂਰਤ ਨਈਂ,ਜੋ ਬੇ ਸ਼ਕਲ ਏ,ਬੇ ਨੁਕਸ ਏ
ਜੌਹਰ ਅਰਜ਼ ਵਜੂਦ ਖ਼ਲਾਇਕ: ਜ਼ਮੀਨ ਵਿੱਚ ਪੂਰੀ ਪਿਦਾਇਸ਼ ਦਾ ਜੌਹਰ
ਜਮਆ ਕਿਲਮ: ਸਾਰੇ ਕਲਾਮ,ਸਾਰੀ ਗੱਲ ਬਾਤ
ਮਜਰੂਹਾਂ: ਫੱਟਰ ਲੋਕਾਂ,ਜ਼ਖ਼ਮੀਆਂ
ਜੰਗਾਹ ਬਿਰਹੋਂ ਦੇ: ਜੁਦਾਈ ਦੀਆਂ ਸੱਟਾਂ,ਵਛੋੜੇ ਦੇ ਦੁੱਖ
ਜਲਾਲ ਜਮਾਲੇ:ਸੋਹਣੱਪਣ ਦਾ ਨਾਜ਼ ਨਖਰਾ,ਸੋਹਣਿਆਂ ਹੋਣ ਦਾ ਨਖ਼ਰਾ
ਜੈਂ ਸਦਮਾਤ ਫਿਨਾਹ ਮੁਤਆਕਬ: ਜਿਹਦੇ ਦੁੱਖ ਫ਼ਨਾਹ ਹੋਨ ਦੀ ਭਾਲ ਵਿੱਚ ਨੇਂ
ਜਾਲਣ ਹਾਰੀ: ਭੋਗਨ ਵਾਲੀ,ਜਰਨ ਵਾਲੀ
ਜਾਮ ਵਿਸਾਲੋਂ ਬਖ਼ਸ਼: ਅਪਣੇ ਮੇਲ ਦਾ ਜਾਮ ਦੇ ਦੇ,ਮੁਲਾਕਾਤ ਕਰ ਲੈ
ਜਾਨ ਕੰਦਣ: ਮਰਨ ਦਾ ਵੇਲਾ,ਮੌਤ ਦਾ ਵਕਤ
ਜੁੰਬਸ਼ ਖਾਏ: ਹਿੱਲੇ,ਜਰਕੇ
ਜਬਰਾਈ: ਰੱਬ ਵਲੂੰ ਅਪਣੇ ਨਬੀਆਂ ਵੱਲ ਸੁਨਹਿਾ ਲੈ ਕਿ ਔਣ ਵਾਲਾ ਫ੍ਰਿਸ਼ਤਾ
ਜਟਾਂ ਧਾਰੀਆਂ: ਜਟਾਂ ਵਾਲੇ ਮਲੰਗਾਂ ਵਾਂਗਰ,ਜੁੜਇਆਂ ਵਾਲਾਂ ਵਾਲੇ ਮੰਲੰਗਾਂ ਵਾਂਗਰ
ਜਾਤੀਆਂ: ਸਮਝੀਆਂ
ਜੈਹਲ: ਜਹਾਲਤ,ਨਾਵਾਕਫੀ
ਜ਼
ਜ਼ੁਲੂਮ  ਜਹੂਲ: ਅਪਣੇ ਆਪ ਨਾਲ ਜ਼ੁਲਮ ਕਰਨ ਵਾਲਾ ਅਤੇ ਅਪਣੇ ਆਪ ਨਾਲ ਜਹਾਲਤ ਕਰਨ ਵਾਲਾ
ਜ਼ੁਅਫ ਤੇਰੀ ਬੀਨਾਈ: ਤੇਰੀ ਨਜ਼ਰ ਵਿੱਚ ਕਮਜ਼ੋਰੀ ਏ,ਤੈਨੂੰ ਪੂਰਾ ਨਈਂ ਦਿਸਦਾ
ਜ਼ਰਗ਼ਸ਼ੋਂ: ਦੋਖਾ ਦੇਣ ਤੋਂ,ਦਾ ਲਾਣ ਤੋਂ
ਜਦਾਂ ਮਹਿਕ ਅਜ਼ਮਾਵੇ: ਜਦੋਂ ਵੀ ਉਹਨਾਂ ਨੂੰ ਪਾਰਸ ਰੀਂ ਅਜ਼ਮਾਇਆ ਜਾਵੇ

ਜ਼ੰਗਲੀਓ:ਸਾਜ਼ ਦੀ ਘਨਟੀ
ਜ਼ੇਰਾਂ ਜ਼ਬਰਾਂ: ਲੱਗਾਂ ਮਾਤਰਾਂ
ਜ਼ਅਈਫੀ: ਬੁਡੇਪਾ,ਵਢੇਰੀ ਉਮਰ
ਜ਼ੱਨਾਂ: ਜਮਆ ਜ਼ੱਨ ਦੀ,ਜ਼ਨਾਨੀਆਂ,ਸਵਾਣੀਆਂ,ਔਰਤਾਂ
ਜ਼ੰਜੀਰ ਤਕਦੀਰ ਦੇ: ਲੇਖਾਂ ਦੇ ਸੰਗਲ
ਢ
ਢੂੰਡੇਂਦੇ: ਲਭਦੇ,ਖੋਜ ਕਰਦੇ,ਲਭਦੇ
ਢੋਰ: ਡੰਗਰ,ਪਸ਼ੂ
ਤ
ਤਬਆ ਰਜ਼ਾਲੀ:ਸਭ ਤੋਂ ਨੀਵਾਂ ਹੋ ਜਾਣ,ਸੱਭ ਤੋਂ ਭੈੜਾ  ਅਤੇ ਕਮੀਨਾ ਅਖਵਾ ਕਿ ਉਸਦੇ ਦਰ ਤੇ ਪਰਵਾਨ ਹੋ ਜਾਣਾ
ਤਕਸੀਰੋਂ ਮੈਂ ਪੁਰ ਦਾਮਨ: ਗ਼ਲਤੀਆਂ ਨਾਲ ਭਰਿਆ,ਵੱਡਾ ਪਾਪੀ,ਗੁਨਾਹਗਾਰ
ਤਲਬ ਰਜ਼ਾਈਂ: ਤੇਰੀ ਮੰਗ ਅਤੇ ਮਰਜ਼ੀ,ਚਾਹਨ
ਤੁਰਬਤ: ਕਬਰ,ਸਮਾਧ
ਤਆਲੇ ਮੰਦੇ:ਮੁਕੱਰ ਵਾਲਾ,ਖ਼ੁਸ਼ ਨਸੀਬ
ਤਨ ਜ਼ੱਰੀਂ:ਸੁਨੇ ਰੰਗਾ ਸਰੀਰ
ਤ਼ਾਲਿਬ: ਤਲਬ ਕਰਨ ਵਾਲਾ,ਮੰਗਣ ਹਾਰਾ,ਸਵਾਲੀ
ਤਰਾਜ਼ੋਂ: ਉਕਰਣ ਦਾ ਕੱਮ ਕਰਨ ਵਾਲਾ,ਲਕੜ ਜਾਂ ਸੋਨੇ ਚਾਂਦੀ ਉਤੇ ਫੁਲ ਬੂਟੇ ਪਾਨ ਵਾਲਾ
ਤਲਵੀਨ: ਰੰਗਤ ਚਾੜ ਦੇਣ ਵਾਲੀ,ਵੱਖਰਾ ਵਖਾ ਦੇਣ ਵਾਲੀ
ਤਿਸ਼ਨਾ ਦੂਰ ਆਰਾਮੋਂ:ਤਰਾਹਿ ਨੂੰ ਮਾਸਾ ਚੈਨ ਨਈਂ ਨਸੀਬ ਹੋਇਆ
ਤੌਰ ਅੱਜ਼ਾਮ ਸਦੂਰ:ਜਿਹਨਾਂ ਦੇ ਦਿਲ ਵੀ ਸੁਕ ਕਿ ਹੱਡੀਆਂ ਹੋ ਗਏ ਨੇਂ
ਤੇਗ਼ਾਂ ਵੱਗੀਆਂ: ਤਲਵਾਰਾਂ ਚੱਲੀਆਂ,ਤਲਵਾਰਾਂ ਨਾਲ ਭੇੜ ਹੋਇਆ
ਤ਼ਮਆ ਨਕਾਰੀ: ਬੇਕਾਰ ਲਾਲਚ,ਉਹ ਲੋਭ ਜੋ ਕੋਈ ਲਾਭ ਨ ਦੇਵੇ
ਤਅਜੱਬ: ਹੈਰਾਨੀ,ਅਜੀਬ ਲਗਣ
ਤਸੱਰਫ: ਖ਼ਰਚ,ਵਰਤੋਂ
ਤਨ ਘਾਇਲ: ਸਿਰੀਰ ਜ਼ਖ਼ਮੀ
ਤਾਜ਼ੀ ਵਾਗ ਉਲਾਰ ਪਿਆਰੇ: ਅਪਣੇ ਸ਼ੌਕ ਦੇ ਘੋੜੇ ਦੀ ਵਾਗ ਹੋਰ ਉਚੇਰੀ ਕਰ ਲੈ
ਤ਼ਆਣ: ਅ਼ਆਨਾ ਮਿਹਣਾ,ਇਲਜ਼ਾਮ
ਤ਼ਿਫਲੀ: ਬਾਲਾਂ ਵਰਗੀਆਂ ਹਰਕਤਾਂ ਕਰਨ ਵਾਲਾ
ਤਮੱਲੁਕ: ਕਬਜ਼ਾ ਛੱਡ ਕਿ,ਮੱਲ ਛੱਡ ਕਿ
ਤਆਜ਼ੀਮ ਕਰੇਂਦੇ: ਅਦਬ ਕਰਦੇ,ਆਦਰ ਕਰਦੇ
ਤਰਬੂਜ: ਹੱਦਵਾਣਾ
ਥ
ਥਏ: ਹੋਵੇ,ਥੀਣ ਮਸਦਰ,ਹੋਵਣ
ਦ
ਦਿਲਾਂ  ਤਾਰੀਕਾਂ: ਕਾਲੇ ਦਿਲਾਂ
ਦਲਾਵਰ ਜ਼ੈਗਮ: ਬਹਾਦਰ ਸ਼ੇਰ,ਤਗੜ ਸ਼ੇਰ
ਦਾਇਮ: ਸਦਾ ਰੈਹਣ ਵਾਲਾ,ਹਮੇਸ਼ਅ ਰੈਹਣ ਵਾਲਾ
ਦਿਲਰੇਸ਼ਾਂ:ਜ਼ਖ਼ਮੀ ਦਿਲ ਵਾਲਿਆਂ,ਫੱਟਰ ਦਿਲ ਵਾਲਿਆਂ

ਦੀਦਾਰੇ:ਵੇਖਣ ਦੀ ਸਿੱਕ ਵਿੱਚ,ਤਕਣ ਦੀ ਰੀਝ ਚਿੱਚ
ਦਾਰੁਲਜ਼ਰਬ: ਟਕਸਾਲ,ਜਿੱਥੇ ਸਿੱਕੇ ਢਾਲੇ ਜਾਂਦੇ ਨੇਂ
ਦੀਦਾਰ ਫਰੂਸ਼: ਅਪਣੀ ਤਕਣੀ ਵੇਚਣ ਵਾਲੇ
ਦਰਮਾਨ: ਇਲਾਜ,ਦਵਾ ਦਾਰੂ
ਦੋ ਪਾਰਾ: ਦੋ ਟੋਟੇ,ਦੋ ਟੁਕਰੇ,ਦੋ ਹਿੱਸੇ
ਦੁੱਖੀਂ ਰੋਵਣ ਹਾਰੀ: ਦੁੱਖਾਂ ਵਿੱਚ ਰੋਣ ਵਾਲੀ
ਦੌੜ ਕੁਦਾਈਆਂ: ਨੱਠ ਭੱਜ,ਕੋਸ਼ਿਸ਼
ਦਸ਼ਵਾਰੀ: ਔਖੜ,ਔਖਤ,ਮੁਸ਼ਿਕਲ
ਦਿਲ ਹੋ ਆਬ ਵਗੇਂਦਾ: ਦਿਲ ਪਾਣੀ ਹੋ ਕਿ ਵੱਗ ਜਾਂਦਾ
ਧ
ਧੀਰੀਆਂ ਸੱਲੀਆਂ: ਅੱਖਾਂ ਦੀਆਂ ਝਿਮਣੀਆਂ ਜ਼ਖ਼ਮੀ ਕਰ ਦਿੱਤੀਆਂ ਨੇਂ
ਨ
ਨਹਲਾਇਆ: ਨਵਾਇਆ,ਸਾਫ ਕੀਤਾ
ਨਤਾਣਾਂ: ਜਿਹਦੇ ਸਿਰ ਉਤੇ ਛੱਪਰ ਛਾਂ ਨ ਹੋਵੇ,ਮਾੜਾ,ਗ਼ਰੀਬ,ਲਿੱਸਾ
ਨੱਕ਼ਾਸ: ਨਕਸ਼ੇ ਬਨਾਨ ਵਾਲਾ,ਤਸਵੀਰਾਂ ਖਿਚਣ ਵਾਲਾ,ਸੂਰਤਾਂ ਬਨਾਣ ਵਾਲਾ,ਸੱਚ ਮਾਲਿਕ
ਨਕ਼ਸ਼ੋਂ: ਘੜਤ ਦਾ ਨਮੂਨਾ,ਬਣੀ ਹੋਈ ਤਸਵੀਰ,ਮੁਹਾਂਦਰਾ
ਨਥਾਵੇਆਂ: ਬੇ ਸਹਾਰਾ,ਜਹਿਦੀ ਥਾਂ ਕੋਈ ਨਈਂ,ਮਾੜਿਆਂ,ਗੁਬਿਆਂ
ਨਬੀ ਸਫੀ ਦਾ ਸੱਯੀਦ ਸਰਵਰ:ਸਾਰੀਆਂ ਸਿਫਤਾਂ ਦਾ ਵਾਰਸ ਨਬੀ,ਹਰ ਗੁਨਾਹੋਂ ਪਾਕ ਨਬੀ
ਨਾਕ਼ਾ: ਊਠਨੀ,ਡਾਚੀ
ਨੂਰ ਰੁਖ਼ੋਂ: ਨੂਰਾਨੀ ਮੁਖੜਿਉਂ,ਨੂਰ ਵਾਲੇ ਚਿਹਰੇ
ਨਿਹਾਲੀ: ਲੇਫ,ਰਜ਼ਾਈ,ਜੁੱਲਾ
ਨਾਜ਼ ਕ੍ਰਿਸ਼ਮਿਆਂ:ਨਖ਼ਰੇ ਪਾਰੋਂ ਅਨਹੋਣੇ ਕਮ ਕਰ ਕਿ ਵਖਾ ਦੇਣੇ
ਨਾਜ਼ ਨਹੌਰੇ: ਨਖ਼ਰੇ,ਅਦਾਵਾਂ,ਹੁਸਨ ਪਾਰੋਂ ਆਕੜ ਖ਼ਾਨੀ
ਨਾਜ਼ ਕਟਾਰੀ: ਨਖ਼ਰਿਆਂ ਦੀ ਤਲਵਾਰ
ਨੀਲ ਨਦੀ: ਮਿਸਰ ਵਿੱਚ ਵਗਣ ਵਾਲਾ ਨੀਲ ਦਰਯਾ
ਨਿੱਜ ਜਣੀਂਦੇ ਮਾਪੇ: ਸ਼ਾਲਾ ਮਾਪੇ ਨ ਈ ਜੀਂਦੇ
ਨੈਣ ਧਰੇ ਸਰ ਅਣੀਆਂ: ਅੱਖੀਆਂ ਨੂੰ ਨੇਜ਼ੇਆਂ ਦੀ ਨੋਕਾਂ ਅੱਗੇ ਧਰ ਦਿੱਤਾ
ਨੈਣ ਗੁਮਾਨੀ: ਨਾਜ਼ ਨਖਰਿਆਂ ਵਾਲੀਆਂ ਅੱਖੀਆਂ,ਆਕੜ ਕਰਨ ਵਾਲੀਆਂ ਅੱਖਾਂ
ਨੀਰ:ਹੰਜੂਆਂ ਦਾ ਪਾਣੀ,ਅੱਥਰੂ
ਨਿਕਹਤ: ਬਾਸ਼ਨਾ,ਖ਼ੂਸ਼ਬੂ
ਨਵਾਈ ਹਜਾਜ: ਮਦੀਨੇ ਵੱਲੋਂ ਔਣ ਵਾਲੀ ਵ਼ਾ
ਨਜ਼ਆ: ਮਰਨ ਦਾ ਵੇਲਾ,ਨੇੜੇ ਆਈ
ਨੂਰ ਪਜ਼ੀਰ: ਨੂਰ ਵੰਡਣ ਵਾਲਾ,ਚਾਨਣ ਵੰਅਣ ਵਾਲਾ
ਰਮਜ਼ਾਂ ਤਾਜ਼ੇ ਗ਼ਮਜ਼ੇ:ਇਸ਼ਾਰ ਅਤ ਨਵੀਆਂ ਸਮਝਾਔਣੀਆਂ
ਅਜਰ ਇਲਾਹੋਂ ਮਿਲਦਾ: ਨੇਕ ਲੋਕਾਂ ਨੂੰ ਰੱਬ ਵੱਲੂੰ ਈ ਉਹਦਾ ਸਵਾਬ ਮਿਲ ਜਾਂਦਾ ਏ
ਪ
ਪਰਵਾਜ਼: ਉਡਾਨ,ਅੁਡਾਰੀ,ਉਡਣ ਦਾ ਕੱਮ
ਪਾਕ ਲੁਆਬ ਜ਼ੁਲਾਲੀ:ਉਹਨਾਂ ਦਾ ਥੁੱਕ ਵੀ ਖ਼ਾਲਸ ਪਾਕ ਸੀ

ਪਰਾਂ ੜੀਊਰਾਂ: ਪ੍ਰਿੰਦਿਆਂ ਦੇ ਪਰ,ਅਢਾਰੂੰਆਂ ਦੇ ਪਰ
ਪਿਦਰ: ਬਾਪ,ਬਾਪੂ,ਪਿਉ
ਪੰਖੀਆਂ: ਪਏਖੂ,ਉਡਾਰੂ,ਜਨੌਰ
ਪਰਪਸ਼ਾ: ਜ਼ੱਰਾ, ਮਾਸਾ,ਕੁਝ ਵੀ
ਪੁਰ ਪੁਰ ਲਾਲੀ ਲਬੇ ਸਵਾਲੀ:ਸਵਾਲੀ ਹੋਠੀਂ ਉਤੇ ਲਪ ਲਪ ਲਾਲੀ ਚੜ੍ਹੀ ਹੋਈ
ਪਤਯਾਵਣੇ ਨੂੰ: ਝੂਠੀ ਤੱਸੱਲੀ ਦੇਣ ਨੂੰ
ਫ
ਫਲਕ: ਅਸਮਾਨ,ਅੰਬਰ
ਫ਼ਜ਼ੀਹਤ:ਬੇ ਇਜ਼ਤੀ, ਸਜ਼ਾ,ਤੋਹੀਨ
ਫਾਸਿਦ: ਫਸਦ ਕਰਨ ਵਾਲਾ,ਬੁਰਾ, ਭੈੜਾ
ਫਿਲ ਜ਼ਾਤ:ਅਪਣੀ ਜ਼ਾਤ ਵਿੱਚ,ਅਪਣੇ ਆਪ ਵਿੱਚ
ਫਲਕ: ਅਸਮਾਨ,ਅੰਬਰ
ਫਰਾਕਤ: ਜੁਦਾਈ,ਵਛੋੜਾ
ਫਰਜ਼ੰਦ ਸਈਦ: ਚੰਗਾ ਪੁੱਤਰ,ਸੁਪੱਤਰ
ਫਗਾਰ: ਕੁਬਾਨ,ਬਲੀਦਾਨੀ
ਫ਼
ਫਕਰ ਗ਼ਨਾ: ਫਕੀਰੀ ਅਤੇ ਸਖ਼ੀ ਹੋਨ ਦੀ ਖਸਲਤ
ਫ਼ੇਰਾ ਘੱਤ: ਫ਼ੇਰਾ ਮਾਰ,ਮਿਲਣ ਲਈ ਆ
ਬ
ਬਾਰ ਅਮਾਨਤ:ਅਮਾਨਤ ਦਾ ਭਾਰ,ਕੁਰਆਨ ਪਾਕ ਵਿੱਚ ਔਂਦਾ ਪਈ ਜਦੋਂ ਰੱਬ ਨੇ ਅਪਣੀ ਖ਼ਲਾਫਤ ਦਾ ਭਾਰ ਜ਼ਮੀਨ ਅਸਮਾਨ,ਪਹਾੜਾਂ ਨੂੰ ਆਖਿਆ ਤਾਂ ਸਾਰਿਆਂ ਨਾਹੰ ਕਰ ਦਿੱਤੀ ਪਰ ਬੰਦੇ ਨੇ ਉਹ ਭਾਰ ਚੁੱਕ ਲਿਆ। ਇਸ ਲਈ ਰੱਬ ਨੇ ਹਿਨੂੰ ਜ਼ਾਲਿਮ ਅਤੇ ਜਾਹਿਲ ਆਖਿਆ।
ਬਾਝੋਂ ਹਾਲ ਨਾ ਕ਼ਾਲ ਮੁਨਾਫਆ:ਬਿਨਾ ਸਮਝਿਆਂ ਰਬ ਨੂੰ ਯਾਦ ਕਰਨ ਦਾ ਕੋਈ ਲਾਭ ਨਈਂ।
ਬੇ ਪਰ ਤਾਇਰ: ਬਿਨਾਂ ਪਰਾਂ ਦੇ ਪਖੇਰੂ
ਬੇ ਕੈਫ: ਬਿਨ ਮਸਤੀ ਦੇ, ਬਿਨ ਨਸ਼ੇ ਤੋਂ
ਬੈਹਰ ਜ਼ੱਖ਼ਾਰ:ਉਛਲਦਾ ਹੋਇਆਂ ਸੁਮੰਦਰ
ਬੇਰ: ਟੋਟੇ,ਟੁਕੜੇ,ਹਿੱਸੇ
ਬਾਖ਼ਾ: ਕਛੋਪਰ,ਕੱਛੂਮੁੱਲਾ
ਬਜ਼ਮ ਵਿਸਾਲੇ: ਮੇਲ ਦੀ ਬੈਠਕ,ਰਲ ਬੈਠਨ ਦੀ ਥਾਂ
ਬੈਹਰ ਕੋਨ ਨਕਾਨ:ਪੈਦਾ ਕਰਨ ਦਾ ਸੁਮੰਦਰ
ਬੇਬੈਹਰਾ: ਬੁ ਪਰਵਾਹ,ਬਿਨਾ ਪਰਵਾਹੋਂ
ਬੇ ਖ਼ੋਦ ਹੋ ਰਹਾਂ ਦਮ ਕਾਈ: ਕਿਸੇ ਵੇਲੇ ਬੇਸੁਰਤ ਹੋ ਜਾਵਾਂ
ਬਾਤਨ: ਅੰਦਰਵਾਰ,ਪਰਦੇ ਵਿੱਚ
ਬੂੰਦ ਜਮਾਲੋਂ: ਖ਼ੁਬਸੂਰਤੀ ਦਾ ਕਤ਼ਰਾ
ਬਰਗ ਗੁਲਾ: ਪੱਤਿਆਂ ਅਤੇ ਫੁੱਲਾਂ
ਬਰਗ: ਪੱਤਾ,ਪੱਤਰ
ਬੇਗਾਰ: ਵਗਾਰ,ਮੁਫਤ ਵਿੱਚ ਕੱਮ ਲੈਣ
ਬਿੜਕਾਂ: ਕੈੜਾਂ,ਖ਼ਬਰਾਂ,ਸ਼ਕ
ਬਰਜ਼ਖ:ਦੋਜ਼ਖ਼,ਨਾਰ,ਬਦਅਮਲੀ ਪਾਰੋਂ ਮੀਲੀ ਹੋਈ ਅੱਗ

ਬਾਰਾਂ: ਮੀਹੰ,ਬਾਰਸ਼,ਵਰਖਾ
ਬਜ਼ਾਇਤ:ਦੌਲਤ,ਮਾਇਆ,ਪੂੰਜੀ,ਪੈਸਾ
ਬਹੈ ਗੋਸ਼ੇ: ਨੁੱਕਰੇ ਬੈਹ ਕਿ,ਇੱਕ ਪਾਸੇ ਬੈਹ ਕੇ
ਬਾਦ ਸਬਾ: ਸਵੇਰ ਵੇਲੇ ਚਲਣ ਵਾਲੀ ਹਵਾ
ਬੂਮ ਕਲੂਖ਼:ਕਮੀਨਾ ਉਲੂ
ਬਆਦ ਵਸਾਲ ਫਰਾਕ ਨ ਮਆਲਮ:ਮਿਲਣ ਦੀ ਚੱਸ ਬਾਝੁੰ ਜੁਦਾਈ ਦੀ ਕਦਰ ਵੀ ਨਈਂ ਹੁਮਦਿ
ਬੁਗ਼ਜ਼ ਲੜਾਈ: ਵੈਰ ਪਾਰੋਂ ਹੋਂ ਵਾਲੀ ਲੜਾਈ,ਕਿਸੇ ਨਾਲ ਰੱਬੋਂ ਵੈਰ ਪਾਰੋਂ ਹੋਣ ਵਾਲੀ ਲੜਾਈ
ਬੈਹਰ ਅਮੀਕ: ਡੂੰਗਾ ਸਾਗਰ,ਡੂੰਗਾ ਸੁਮੰਦਰ
ਬਜ਼ਮ: ਮੈਫਲ,ਸੱਥ
ਭ
ਭਿੱਨਾ: ਵਰਗਾ,ਜੈਸਾ,ਰੰਗ ਰੱਤਾ
ਭਰਗੋ ਬਰਗ:ਹਰ ਪੱਤਰ,ਹਰ ਪੱਤਾ
ਭੱਠ ਲੌਂਦ: ਭੱਠੀਆਂ ਰਾਗੀ ਅੱਗ ਬਲਦੀ,ਭੱਠੀਆਂ ਵਰਗਾ ਸੇਕਾ
ਭਾਹੀਂ: ਭਾਹ ਦੀ ਜਮਆ,ਅੱਗ ਵਿੱਚ,ਭਾਂਬੜ ਵਿੱਚ
ਭਰੇਰਾ:ਭਾਰਾ,ਅਪਣੀ ਹਿਮਤ ਤੋਂ ਵੱਧ
ਬੂਸਲੀਕ ਸਫਾਹਾਂ:ਇਰਾਕ ਵਾਸੀਆਂ ਦੇ ਦਾਨੇ ਦੀ ਸੁਰ
ਮ
ਮਾਜੂਰੋਂ:ਮਾਜੂਰ ਕੋਲੋਂ,ਹੀਣੇ ਤੋਂ
ਮੈਹਵੀਅਤ:ਗ਼ਰਕ ਹੋਨ,ਪੂਰਾ ਧਿਆਨ ਦੇਣ
ਮਸ਼ਇਲ: ਚਰਾਗ਼,ਦੀਵਾ,ਮਿਸਾਲ
ਮਜ਼ਕੂਰ: ਜਿਹਦਾ ਜ਼ਿਕਰ ਕੀਤਾ ਗਿਆ,ਜਿਹਦਾ ਭੋਗ ਪਾਇਆ ਗਿਆ
ਮਦਆ: ਸਿਫਤ ਸ਼ਨਾ,ਤਆਰੀਫ ਦਾ ਬਿਆਨ
ਮੁਜ਼ੱਮਤ: ਨਿੰਦਇਆ,ਨਿੰਦਣ,ਹਤੱਕ ਕਰਨ
ਮਤਲੂਬ ਜਗਤ ਦੀਆਂ: ਜੱਗ ਅੰਦਰ ਚਾਹੇ ਗਏ,ਜੱਗ ਅੰਦਰ ਢੂੰਡੇ ਗਏ
ਮਜ਼ਾਕ ਸਲਮਿ ਪਛਾਨਣ:ਸੁਥਰਾ ਮਖ਼ੌਲ,ਚੰਗਾ ਮਜ਼ਾਕ,ਗਲ ਦੀ ਚੰਗਆਈ
ਮਨਸੂਸ ਕੁਰਆਨੋਂ: ਜਿਵੇਂ ਕੁਰਆਨ ਤੋਂ ਪੱਕੀ ਗਵਾਹੀ ਮਿਲਦੀ ਏ,ਜਿਵੇਂ ਕੁਰਆਨ ਤੋਂ ਸਿੱਧ ਹੁੰਦਾ ਏ
ਮੁੱਨਕਸ:ਨਕਸ਼ ਕਰ ਦਿੱਤੀ ਗਈ,
ਮਜਲੀ ਰੈਹਮ ਗ਼ਫੂਰੀ:ਰੈਹਮ ਕਰਨ ਪਾਰੋਂ ਦੁੱਖ ਮੋਕਾ ਦੇਣ ਵਾਲੀ
ਮਰਹੂਮਾ ਉਮੱਤ: ਮਰ ਗਈ ਹੋਈ ਕੌਮ,ਰਾਹੁੰ ਖੁੰਝੀ ਕੌਮ
ਮੁੱਨਵਰ ਨਸ਼ਰਆ:ਸਾਰਿਆਂ ਉੱਤੇ ਜ਼ਾਹਿਰ ਖੁੱਲਾ ਡੁਲ੍ਹਾ ਰੋਸ਼ਨੀ ਦੇਣ ਵਾਲਾ
ਮਾਜ਼ਾਗੋਂ: ਨੀਲੀਆਂ ਅੱਖੀਆਂ ਤੋਂ
ਮਖ਼ਮੂਰਾਂ: ਮਸਤਾਂ,ਨਸ਼ੇ ਵਿੱਚ ਧੁੱਤ ਹੋਇਆਂ
ਮੁਸ਼ਤਾਕ: ਚਾਹਣ ਵਾਲਾ,ਪਿਆਰ ਕਰਨ ਵਾਲਾ
ਮਾਦਰ: ਮਾਂ,ਮਾਤਾ,ਵਾਲਦਾ
ਮਸਕੂਕ ਰਜ਼ਾ ਦਾ: ਮਨ ਜਾਨ ਦੀ ਮੁਹਰ,ਮਨ ਜਾਨ ਦੀ ਤਸਦੀਕ
ਮੁਸਤਸਕੀ: ਖੋਜ,ਤਲਾਸ਼,ਖਿੱਚ,ਤਰੇਹ
ਮਾਂਦਰੀਆਂ: ਜਮਆ ਮਾਂਦਰੀ ਦੀ,ਸੱਪ ਫੜਨ ਵਾਲੇ
ਮੁਸ਼ਾਤਾ: ਨੌਕਰਾਣੀ,ਵਾਲ ਗੁੰਧਣ ਵਾਲੀ,ਵਾਲ ਵਾਹਣ ਵਾਲੀ

ਮਨਸਬਦਾਰ ਤੈਹਮੀਦ ਜੱਬਾਰ:ਵੱਡੇ ਰੁਤਬੇ ਵਾਲੇ ਦੀ ਵੱਡਇਆਈ ਕਰਨ ਵਾਲਾ
ਮਕੂਨ:ਪਰਦੇ ਵਿੱਚ,ਉਲ੍ਹੇ ਅੰਦਰ
ਮਸ਼ਹੂਦ ਮਸ਼ਾਹਿਦ:ਮੌਜੂਦ ਗਵਾਹੀ ਦੇਨ ਵਾਲਾ,ਸ਼ਹਾਦਤੀ
ਮੁਕੱਯੀਦ ਹਾਂ ਇਤਬਾਰੀ: ਹਿਤਬਾਰ ਦਾ ਕੈਦੀ,ਵਸਾਹ ਦਾ ਬੰਦੀਵਾਨ
ਮਨਸਬ ਇਸ਼ਕ ਪਚੇ ਜੇ ਤੈਨੂੰ:ਇਸ਼ਕ ਦਾ ਰੈਂਕ ਜੇ ਤੈਨੂੰ ਹਜ਼ਮ ਹੋ ਜਾਵੇ
ਮਲਾਮਤ: ਮੰਦਾ ਬੋਲਨ,ਭੈੜਾ ਆਖਣ,ਬੁਰਾ ਆਖਣ
ਮਿਸਲ: ਮਿਸ਼ਾਲ,ਹਵਾਲਾ
ਮੁਜਦ: ਸ਼ਾਨ ਸ਼ੌਕਤ
ਮਦਾਮੀ: ਹਮੇਸ਼ਾਂ ਲਈ,ਸਦਾ ਲਈ,ਪੱਕਾ ਪੱਕਾ
ਮੈਹਿਵ:ਮਸਰੂਫ ,ਰੁੱਝ
ਮੁਸਤਹਿੱਕ ਇਸ ਦਾ ਮੱਕਾਰ ਨਾਹੀਂ: ਇਸ ਦਾ ਹੱਕਦਾਰ ਧੋਖੇ ਬਾਜ਼ ਅਤੇ ਖੂਠਾ ਨਈਂ ਹੋ ਸਕਦਾ
ਮੁਨਤਜ਼ਰਾਂ: ਉਡੀਕਣਹਾਰਾਂ,ਉਡੀਕ ਕਰਣ ਵਾਲਿਆਂ
ਮਫਤੂਨ:ਕੈਦੀ,ਬੰਦੀਵਾਨ
ਰ
ਰਾਜ਼ ਖੁੱਲ੍ਹੇ ਕੁਝ ਗ਼ੈਬੋਂ:ਅਨ ਡਿੱਠੇ ਵਿੱਚੋਂ ਕੁਝ ਭੇਤ ਖੁੱਲ੍ਹ ਜਾਵੇ, ਰਬੁੰ ਦੀ ਕੁਝ ਬੇਤ ਖੁੱਲ੍ਹ ਜਾਵੇ
ਰਜ਼ਾਲਤ:ਕਮੀਨੀ ਹਰਕਤ,ਭੈੜੀ ਆਦਤ,ਭੈੜੀ ਹਿਲਤਰ
ਗ਼ਾਲਿਬ ਫਜ਼ਲ ਰੁਬਾਨਾ:ਅੱਲਾ ਦੀ ਰੈਹਮਤ ਛੋਖੀ ਏ,ਰਬ ਦਾ ਫਜ਼ਲ ਤਗੜਾ ਏ
ਰਫ਼ਜ਼ ਖ਼ਵਾਰਜ:ਛੱਡ ਕਿ ਟੁਰ ਜਾਣ ਵਾਲੇ,ਵੱਖ ਹੋ ਜਾਣ ਵਾਲੇ
ਰਿਜ਼ਵਾਨ ਅੱਲਾ: ਅੱਲਾ ਦੀ ਮੱਨ ਕਿ ਟੁਰਨ ਵਾਲੇ,ਅੱਲਾ ਦੀ ਰਜ਼ਾ ਤੇ ਰਾਜ਼ੀ
ਰੋਗ ਜ਼ਹੀਰਾਂ: ਬਿਮਾਰਾਂ ਦੀਆਂ ਬੀਮਾਰੀਆਂ,ਪਰੇਸ਼ਾਨਾਂ ਦੀਅਂ ਮੁਸੀਬਤਾਂ
ਰੋਸਨ ਬੇ ਤਸਕੀਨੇ: ਬਿਨਾਂ ਤਸੱਲੀ ਰੋਣ ਗੇ, ਬਿਨਾ ਹੌਸਲੇ ਦੇ ਰੋਵਣ ਗੇ
ਰਆਨਾ:ਸੋਹਣੀ,ਨਾਜ਼ ਨਖ਼ਰੇ ਵਾਲੀ,ਦਿਲ ਪਸੰਦ
ਰੁਖ਼ਸਾਰੇ:ਗੱਲ੍ਹਾਂ
ਰੁਖ਼ ਨੂਰਾਨੀ: ਨੂਰ ਭਰਿਆ ਮੁਖੜਾ,ਨੂਰ ਭਰਿਆ ਮੂਹੰ
ਰਕੀਬਾਂ: ਦੁਸ਼ਮਨਾਂ,ਸਾਵੇ ਸੜਨ ਵਾਲਿਆਂ
ਰਖ਼ਤ: ਸਾਮਾਨ,ਭਾਜੜ
ਰਿਆਜ਼ਤ: ਇਬਾਦਤ,ਭਗਤੀ
ਰੁਖ਼ ਜ਼ਰਦੋਂ ਪਰੁ ਖੂਨ ਦੋ ਚਸ਼ਮਾਂ: ਮੁਖੜੇ ਦੇ ਪੀਲੇ ਰੰਗ ਪਾਰੁੰ ਦੋ ਅੱਖੀਆਂ ਲੌਹੂ ਦੀਆਂ ਭਰੀਆਂ
ਰਖ਼ਤ ਸਮੂਲੋਂ: ਪਾਟੇ ਪੁਰਾਣੇ ਕਪੜਿਆਂ ਤੁੰ
ਰਵਾਦਾਰ: ਮਨਣ ਵਾਲਾ,ਪਰਵਾਹ ਕਰਨ ਵਾਲਾ
ਲ
ਲਾਜ਼ਮ ਜੈਹਲ ਫਨਾ ਨੂੰ ਆਇਆ:ਅਿਹ ਪੱਕੀ ਗੱਲ ਏ ਪਈ ਜਹਾਲਤ ਗ਼ਰਕ ਹੋਣ ਲਈ ਬਣੀ ਏ
ਲਬੇ ਤਰਯਾਕੀ:ਗੱਲਾਂ ਨਾਲ ਜ਼ੈਹਰ ਦਾ ਅਸਰ ਵੀ ਮੁਕਾ ਦੇਣ ਵਾਲੀ ਹਸਤੀ
ਲਕਾਉਂ ਪਾਣੀ:ਮੂਹੰ ਤੋਂ ਪਾਣੀ ਦਾ ਤਰੌਂਕਾ ਲਾ ਦੇ
ਲੁਤ਼ਫੁੰ: ਮੈਹਬਾਨੀ ਪਾਰੋਂ,ਮੁਹੱਬਤ ਪਾਰੋਂ
ਲੁਟਾਰੀਆਂ: ਲੁਟ ਲੈ ਜਾਣ ਵਾਲਿਆਂ
ਲਡੁੱਕੜੀ ਨਾਜ਼ ਭਿੰਨੀ:ਨਖ਼ਰਿਆਂ ਮਾਰੀ ਲਾਡਲੀ
ਵ

ਵਿਹਾਏ: ਲੰਘ ਜਾਵੇ,ਗੁਜ਼ਰ ਜਾਵੇ,ਬੀਤ ਜਾਵੇ
ਵਿਹਾਂਦਾ ਜਾਂਦਾ: ਲੰਘਦਾ ਜਾਂਦਾ,ਬੀਤਦਾ ਜਾਂਦਾ
ਵਜੂਬ:ਸਦਾ ਰੰਗ, ਪੱਕਾ ਰੰਗ
ਵਜੂਦ  ਅਦਮ: ਜੋ ਵਜੂਦ ਵਿੱਚ ਨਈਂ ਸੀ ਆਇਆ,ਜਿਹਦਾ ਵਜੂਦ ਕੋਈ ਨਈਂ ਸੀ
ਵਸਫ:ਖੂਬੀ,ਚੰਗਆਿਈ
ਵੀਤ:ਬੀਤ,ਗੁਜ਼ਰ,ਲੰਘ,ਹੋਸ਼ਿਆਰਪੁਰ,ਗੁਦਾਸਪੁਰ ਦੇ ਇਲਾਕਿਆਂ ਵਿੱਚ ''ਬ'' ਦੀ ਥਾਂਵੇਂ ''ਵ'' ਤੇ ''ਵ'' ਦੀ ਥਾਂਵੇਂ ''ਬ'' ਬੋਲਦੇ ਨੇਂ
ਵਸੇਂਦਾ: ਵਸਦਾ,ਆਬਾਦ,ਰੈਹੰਦਾ
ਵੀਤ ਰੈਹਣ ਜੁੱਗ ਸਾਰੇ: ਸਾਵੇ ਜ਼ਮਾਨੇ ਈ ਲੰਘ ਜਾਣ,ਸਾਰੇ ਜ਼ਮਾਨੇ ਬਦਲ ਜਾਣ
ਵਾਏ ਦਰੇਗ਼: ਅਫਸੋਸ,ਹਿਰਖ
ਵਾਹਰੂ: ਅੱਗੇ ਲੱਗ ਕਿ ਟੁਰਨ ਵਾਲਾ,ਆਗੂ,ਸਾਰ ਲੈਣ ਵਾਲਾ
ਵੱਸਆਫਾਂ: ਜਮਆ ਵੱਸਾਫ,ਸ਼ੋਖ਼ੀ ਨਾਰ,ਅੱਥਰੀ ਨਾਰ
ਵਹਮੀ ਨਕਸ਼ ਮੁਜੱਸਮ: ਅਪਣੇ ਵੈਹਮ ਦੇ ਪੱਕੇ ਨਕ਼ਸ਼ੇ
ਵਕੈਦਾ: ਵਿਕਦ ਹੋਇਆ,ਵਿਕਣ ਲਈ ਆਇਆ
ਵਕਤ ਨਜ਼ੂਲ: ਨਾਜ਼ੰਲ ਹੋਣ ਦਾ ਵੇਲਾ,ਉਤਰਨ ਦਾ ਵੇਲਾ
ਵਗੇਂਦੀ: ਵਗਦੀ,ਚਲਦੀ
ਵਸਲੋਂ ਬੰਦੀ ਵਾਨਾਂ:ਮਿਲਣ ਪਾਰੋਂ ਕੈਦੀਆਂ ਨੂੰ
ਵੁੱਛਨੜੇ:ਵੱਖਰੇ ਹੋਏ,ਜੁਦਾ ਹੋਏ
ਵੰਜਾਰ: ਕਾਰੋਬਾਰ,ਵਨਜ
ਵਾਚਣੇ: ਸਮਝਣ ਨੂੰ,ਧਿਆਨ ਨਾਲ ਪੜ੍ਹਣ ਨੂੰ

***